# ਚਿਰਾਗ

ਜੁਲਾਈ-ਸਤੰਬਰ 2003

**July -September 2003**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ

## ਕਾਮਰੇਡ ਦਾ ਕੁਦਰਤ ਪ੍ਰੇਮ

ਬਹੁਤ ਪਿਆਰਾ ਸ਼ਬਦ ਹੈ
ਕਾਮਰੇਡ ਮੇਰੇ ਲਈ
ਸੰਬੋਧਿਤ ਹੁੰਦਾ ਹਾਂ
ਆਪਣੇ-ਆਪ ਨੂੰ
ਕਦੇ-ਕਦੇ ਇਸ ਸੰਬੋਧਨ ਨਾਲ

ਤੇ ਹੁਣੇ ਖਿੜੇ
ਗੁਲਾਬ ਵਾਂਗ ਖਿੜ ਜਾਂਦਾ ਹਾਂ
ਤਿਤਲੀ ਵਾਂਗ ਉੱਡਣ ਲੱਗਦਾ ਹਾਂ
ਚਸ਼ਮੇ ਵਾਂਗ ਡਿੱਗਣ ਲੱਗਦਾ ਹਾਂ
ਨਦੀ ਵਾਂਗ ਵਹਿਣ ਲੱਗਦਾ ਹਾਂ

ਆਕਾਸ਼ ਦਾ ਅਨੰਤ ਪਸਾਰ ਹੋ ਜਾਂਦਾ ਹਾਂ
ਧਰਤੀ ਦੇ ਸਬਰ ਨਾਲ ਭਰ ਜਾਂਦਾ ਹਾਂ
ਮੋਢੇ ਲਮਕਾਏ
ਲੰਮੀ ਤਣੀ ਦੇ ਝੋਲੇ ਵਿਚਲੀਆਂ ਕਿਤਾਬਾਂ
ਸੰਵਾਦ ਰਚਾਉਣ ਲੱਗਦੀਆਂ

ਕਾਮਰੇਡ
ਬਹੁਤ ਪਿਆਰਾ ਸ਼ਬਦ ਹੈ ਮੇਰੇ ਲਈ
ਮੈਂ ਸੰਬੋਧਿਤ ਹੁੰਦਾ ਹਾਂ
ਹੁਣੇ ਇਸੇ ਪਲ
ਆਪਣੇ-ਆਪ ਨੂੰ
ਇਸ ਸ਼ਬਦ ਨਾਲ
ਤੇ ਲਿਖੀ ਜਾਂਦੀ ਹੈ ਇੱਕ ਕਵਿਤਾ

ਕਾਮਰੇਡ !
ਤੂੰ ਵਾਰ-ਵਾਰ ਆ
ਮੇਰੀ ਕਵਿਤਾ 'ਚ
ਭਾਵਾਂ ਦੇ ਸਮੁੰਦਰ ਨੂੰ ਸਾਂਭੀ
ਸ਼ਬਦ ਬਣ-ਬਣ ਆ।

ਗੁਰਪ੍ਰੀਤ

ਮੁੱਲ : 15 ਰੁਪਏ -45- ਜੁਲਾਈ-ਸਤੰਬਰ 2003

# ਚਿਰਾ.ਗ (ਤਿਮਾਹੀ)

## ਜੁਲਾਈ-ਸਤੰਬਰ 2003

ਸੰਪਾਦਕ : ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)


## ਤਤਕਰਾ


| | |
|---|---|
| • ਸੰਪਾਦਕੀ ਟਿੱਪਣੀਆਂ :- | 1. ਕੇਂਦਰੀ ਪੰਜਾਬੀ ਲੇਖਕ ਸਭਾ 2. ਭਾਸ਼ਾ ਵਿਭਾਗ ਪੰਜਾਬ |
| • ਮਹਿਮਾਨ ਕਹਾਣੀਆਂ :- | ਆਸਾਮੀ ਕਹਾਣੀ ਵਨਫੂਲ ਦੇ ਕੁਝ ਦਿਨ (ਅਨੁਰਾਧਾ ਸ਼ਰਮਾ ਪੁਜਾਰੀ) ਹਿੰਦੀ ਕਹਾਣੀ – ਨਿੰਘ (ਗੁਰਦੀਪ ਖੁਰਾਨਾ) |
| • ਪੰਜਾਬੀ ਕਹਾਣੀ :- | ਚਾਦਰ (ਸੁਰਿੰਦਰ ਕੈਲੇ) |
| • ਇਸ ਵਾਰ ਦਾ ਵਿਸ਼ੇਸ਼ ਕਵੀ :- | ਪ੍ਰੇਮ ਸਾਹਿਲ (ਦੋ ਨਜ਼ਮਾਂ, ਦੋ ਗਜ਼ਲਾਂ) |
| • ਪੰਜਾਬ ਦਾ ਜਨਵਾਦੀ ਹਿੰਦੀ ਕਵੀ :- | (ਬੱਲੀ ਸਿੰਘ ਚੀਮਾ ਦੀਆਂ 8 ਹਿੰਦੀ ਗ਼ਜ਼ਲਾਂ) |
| • ਨਜ਼ਮਾਂ :- | ਅਜਾਇਬ ਕਮਲ, ਹਰਭਜਨ ਸਿੰਘ ਹੁੰਦਲ ਹਮਦਰਵੀਰ ਨੌਸ਼ਹਿਰਵੀ, ਗੁਰਦੀਪ ਵਿਨੀ ਪੌਂਗ, ਪਰਮਜੀਤ ਢੀਂਗਰਾਂ, ਡਾ ਇੰਦਰ ਕੌਰ, ਹਰਮਿੰਦਰ ਸਿੰਘ, ਮਲਵਿੰਦਰ, ਸਿਮਰਜੀਤ ਸਿੰਮੀ, ਅਲਪਨਾ ਮਿਸ਼ਰ (ਹਿੰਦੀ ਕਵਿਤਾ)। |
| • ਗ਼ਜ਼ਲਾਂ :- | ਨਿਰਮਲ ਪ੍ਰਸੰਨ, ਗੁਰਨਾਮ ਢਿੱਲੋਂ, ਮੱਖਣ ਕੁਹਾੜ |
| • ਕੁਝ ਹਾਈਕੂ (ਬੰਗਾਲੀ) :- | 3 ਬਿਪਲਾਬ ਮਾਜੂਮਦਾਰ |
| • ਵਾਘਿਉਂ ਪਾਰ :- | ਪਾਕਿਸਤਾਨ ਵਿਚ ਪੰਜਾਬੀ ਭਾਸ਼ਾ ਦਾ ਦੁਖਾਂਤ (ਜਨਾਬ ਸ਼ਫ਼ਕਤ ਤਨਵੀਰ) ਮਿਰਜ਼ਾ ਮਸਊਦ ਅਹਿਮਦ ਚੌਧਰੀ (ਗ਼ਜ਼ਲ) ਨਜ਼ਮ (ਅਕਰਮ ਅਹਿਵਾਨ)। ਸ਼ਕੇਬ ਜਲਾਲੀ (ਗ਼ਜ਼ਲ)। |
| • ਨਿਬੰਧ :- | ਕਵਿਤਾ ਸਬੰਧੀ ਇੱਕ ਪ੍ਰਸ਼ਨ (ਪਾਬਲੋ ਨੇਰੂਦਾ) ਪਿਆਰ ਅਤੇ ਸਿਆਸਤ (ਡਾ. ਬਲਦੇਵ ਸਿੰਘ ਧਾਲੀਵਾਲ) |
| • ਵਾਦ ਵਿਵਾਦ :- | ਸਾਵਰਕਰ ਅਤੇ ਭਗਤ ਸਿੰਘ (ਦਿਵਿ ਕੁਮਾਰ) ਨਾਜ਼ਿਮ ਹਿਕਮਤ ਦੇ ਫੌਜੀ ਮੁੱਕਦਮੇਂ (ਹਰਭਜਨ ਸਿੰਘ ਹੁੰਦਲ) |
| • ਮੁਲਾਂਕਣ :- | ਬਿਆਨ- ਹਲਫ਼ੀਆ (ਪ੍ਰੋ. ਗੋਪਾਲ ਸਿੰਘ ਬੁੱਟਰ) |
| • ਪੁਸਤਕ ਪੜਚੋਲ :- | ਕੋਰਵ ਸਭਾ (ਸੁਰਜੀਤ ਗਿੱਲ) ਸਿਆਸਤ ਦਾ ਰੁਸਤਮੇਂ-ਹਿੰਦ (ਸੁਰਜੀਤ ਸਿੰਘ ਖੱਟੜਾ) ਮਹਿਕਦੇ ਪਲ (ਸੁਲੱਖਣ ਸਰਹੱਦੀ) ਅਗਨ ਚੋਲਾ (ਗੁਰਨਾਮ ਢਿੱਲੋਂ) ਆਪਣੇ ਪਲ/ਸੁਲੱਖਣ ਸਰਹੱਦੀ) |
| • ਕੁਝ ਪੜ੍ਹਨ-ਯੋਗ ਪੁਸਤਕਾਂ :- | ਡਾ ਕਰਮਜੀਤ ਸਿੰਘ |
| • ਖ਼ਿਆਲ ਆਪੋ ਆਪਣਾ :- | ਪ੍ਰਿੰ ਪ੍ਰੀਤਮ ਸਿੰਘ, ਪ੍ਰੇਮ ਸਾਹਿਲ |
| • ਪੁਸਤਕ ਪ੍ਰਾਪਤੀ :- | ............ |



Postal Address :
Harbhajan Singh Hundal,
V. Fatu Chak,
P.O. Dhilwan,
Distt.Kapurthala - 144804
(Pb.) India.
Phone No. 01822-273188



| ਚੰਦਿਆਂ ਦਾ ਵੇਰਵਾ ---- | : |
|---|---|
| ਦੇਸ਼ ਵਾਰਸ਼ਿਕ | : 50 ਰੁ. |
| ਇਕ ਪਰਚਾ | : 15 ਰੁ. |
| ਸੰਸਥਾਵਾਂ (ਵਾਰਸ਼ਿਕ) | : 70 ਰੁ. |
| ਵਿਦੇਸ਼, ਯੂ.ਕੇ. | : 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : 300 ਰੁ. |

ਨੋਟ- ਸਾਰੇ ਚੈੱਕ ਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾ.ਗ ਦੇ ਨਾਂ ਭੇਜੇ ਜਾਣ

ਚਿਰਾ.ਗ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9 1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਵਾਈਟ ਕਰਾਸ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ, ਭਾਈ ਰਤਨ ਸਿੰਘ ਟਰੱਸਟ ਬਿਲਡਿੰਗ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।

*ਪ੍ਰਕਾਸ਼ਨ ਮਿਤੀ : ਜੁਲਾਈ 2003*




## 1. ਕੇਂਦਰੀ ਪੰਜਾਬੀ ਲੇਖਕ ਸਭਾ

1954 ਦਾ ਉਹ ਦਿਨ ਜਦੋਂ ਪੰਜਾਬ ਦੇ ਲੇਖਕਾਂ ਨੇ ਇਕੱਠੇ ਹੋ ਕੇ ਆਪਣੀ ਇੱਕ ਪ੍ਰਤੀਨਿਧ ਜੱਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਕਾਇਮ ਕੀਤੀ, ਇੱਕ ਇਤਿਹਾਸਕ ਦਿਨ ਸੀ। ਉਸ ਸਮੇਂ ਪੰਜਾਬੀ ਦੇ ਸਾਰੇ ਉੱਘੇ ਲੇਖਕ ਉੱਥੇ ਹਾਜ਼ਰ ਸਨ ਅਤੇ ਜੱਥੇਬੰਦੀ ਵਿੱਚ ਸ਼ਾਮਿਲ ਸਨ। ਜੱਥੇਬੰਦੀ ਨੇ ਆਪਣਾ ਟੀਚਾ ਪੰਜਾਬੀ ਬੋਲੀ, ਪੰਜਾਬੀ ਸਾਹਿਤ ਤੇ ਸੱਭਿਆਚਾਰ ਦਾ ਵਿਕਾਸ ਮਿੱਥਿਆ। ਉਸ ਸਮੇਂ ਕਈ ਲੋਕਾਂ ਨੇ ਇਸ ਜੱਥੇਬੰਦੀ ਨੂੰ ਹੋਂਦ ਵਿੱਚ ਆਉਣ ਤੋਂ ਰੋਕਣ ਲਈ ਕਈ ਊਲ-ਜਲੂਲ ਦੋਸ਼ ਲਾਏ। ਉਹਨਾਂ ਲੋਕਾਂ ਨੇ ਇਸ ਜੱਥੇਬੰਦੀ ਨੂੰ ਕਮਿਊਨਿਸਟਾਂ ਦੀ ਸਾਜ਼ਿਸ਼ ਕਰਾਰ ਦਿੱਤਾ। ਪਰੰਤੂ ਕਮਿਊਨਿਸਟਾਂ ਨੂੰ ਆਪ ਇਸਦਾ ਉੱਤਰ ਦੇਣ ਦੀ ਲੋੜ ਨਹੀਂ ਪਈ, ਬਲਕਿ ਉਹਨਾਂ ਦੀ ਥਾਂ ਦੇਸ਼-ਭਗਤ 'ਤੇ ਕੌਮ ਪ੍ਰਸਤ ਆਗੂਆਂ, ਜਿਨ੍ਹਾਂ ਦੀ ਅਗਵਾਈ ਗਿਆਨੀ ਗੁਰਮੁੱਖ ਸਿੰਘ ਮੁਸਾਫ਼ਰ ਕਰਦੇ ਸਨ, ਜੱਥੇਬੰਦੀ ਦੇ ਹੱਕ ਵਿੱਚ ਨਿੱਤਰ ਕੇ ਆਏ ਤੇ ਝੂਠਾ ਪ੍ਰਚਾਰ ਕਰਨ ਵਾਲਿਆਂ ਨੂੰ ਮੂੰਹ ਤੋੜ ਜਵਾਬ ਦਿੱਤਾ। ਉਹ ਹੱਥ ਮੱਲਦੇ ਰਹਿ ਗਏ। ਇਸ ਉਪਰੰਤ ਕੇਂਦਰੀ ਲੇਖਕ ਸਭਾ ਨੇ ਪੰਜਾਬੀ ਬੋਲੀ ਤੇ ਸਾਹਿਤ ਦੇ ਵਿਕਾਸ ਲਈ ਬਹੁਤ ਅਹਿਮ ਕੰਮ ਕੀਤੇ। ਇੱਕ ਸਮਾਂ ਉਹ ਆਇਆ, ਜਦੋਂ ਪੰਜਾਬੀ ਦਾ ਹਰ ਇੱਕ ਛੋਟਾ ਵੱਡਾ ਲੇਖਕ ਕੇਂਦਰੀ ਲੇਖਕ ਸਭਾ ਦਾ ਮੈਂਬਰ ਬਣਨਾ ਇੱਕ ਮਾਣ ਸਮਝਦਾ ਸੀ। ਇਹਨੇ ਵੱਡੇ-ਵੱਡੇ ਸਮਾਗਮ ਕੀਤੇ, ਸਾਹਿਤਕਾਰਾਂ ਦਾ ਸਨਮਾਨ ਕੀਤਾ, ਭੁੱਲੇ-ਚੁੱਕੇ ਲੇਖਕ ਨੂੰ ਲੋਕਾਂ ਦੇ ਸਾਹਮਣੇ ਲਿਆਂਦਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਜੱਥੇਬੰਦੀ ਨੂੰ ਉਸਾਰਨ, ਇਸਦਾ ਦਾਇਰਾ ਵਿਸ਼ਾਲ ਕਰਨ, ਇਸਦਾ ਸਰੂਪ ਨਿਰੋਲ ਸਾਹਿਤਕ ਰੱਖਣ ਵਿੱਚ ਕਮਿਊਨਿਸਟਾਂ ਨੇ ਬਹੁਤ ਘਾਲਣਾ ਘਾਲੀਆਂ। ਸਮੇਂ-ਸਮੇਂ ਜਦੋਂ ਕਮਿਊਨਿਸਟ ਜ਼ੁੰਮੇਵਾਰ ਅਹੁਦਿਆਂ 'ਤੇ ਰਹੇ ਤਾਂ ਕੇਂਦਰੀ ਲੇਖਕ ਸਭਾ ਇੱਕ ਜਿਊਂਦੀ-ਜਾਗਦੀ ਜੱਥੇਬੰਦੀ ਰਹੀ। ਤੇ ਜਦੋਂ ਕਦੇ ਕਮਿਊਨਿਸਟਾਂ ਵਿੱਚ ਆਪਸੀ ਮੱਤਭੇਦ 'ਤੇ ਕੁੱਝ ਹੋਰ ਕਾਰਨਾਂ ਕਰਕੇ ਅਵੇਸਲਾਪਨ ਆਇਆ ਤਾਂ ਇਹ ਜੱਥੇਬੰਦੀ ਨਿਰਜਿੰਦ ਹੋ ਕੇ ਰਹਿ ਗਈ। ਜਿਹੜੇ ਕਮਿਊਨਿਸਟਾਂ ਨੇ ਇਸ ਜੱਥੇਬੰਦੀ ਲਈ ਘਾਲਣਾ ਘਾਲੀਆਂ ਉਹਨਾਂ ਵਿੱਚ ਗਿਆਨੀ ਹੀਰਾ ਸਿੰਘ ਦਰਦ, ਤੇਰਾ ਸਿੰਘ ਚੰਨ, ਗੁਰਚਰਨ ਸਿੰਘ ਸਹਿੰਸਰਾ, ਡਾ: ਰਘੁਬੀਰ ਸਿੰਘ 'ਸਿਰਜਣਾ', ਡਾ. ਰਵਿੰਦਰ ਸਿੰਘ ਰਵੀ, ਡਾ. ਤੇਜਵੰਤ ਮਾਨ ਆਦਿ ਅਹਿਮ ਹਨ। ਪਰੰਤੂ ਸਮਾਂ ਪਾ ਕੇ ਮੱਧ ਵਰਗੀ ਮੌਕਾਪ੍ਰਸਤ ਲੋਕਾਂ ਨੇ ਇਸ ਜੱਥੇਬੰਦੀ ਨੂੰ ਆਪਣੇ ਨਿੱਜੀ ਹਿੱਤਾਂ ਦੀ ਪ੍ਰਾਪਤੀ ਦਾ ਸਾਧਨ ਬਣਾ ਲਿਆ। ਇਸ 'ਤੇ ਕਾਬਜ਼ ਹੋਣ ਲਈ ਘਟੀਆ ਤੇ ਗ਼ੈਰ ਜਮਹੂਰੀ ਹੱਥ-ਕੰਡੇ ਵਰਤਣੇ ਸ਼ੁਰੂ ਕਰ ਦਿੱਤੇ। ਸਭਾ ਦੇ ਅੰਦਰਲਾ ਵਿਵਾਦ ਇੰਨਾ ਭਖ਼ ਗਿਆ ਕਿ ਪੰਜਾਬੀ ਲੇਖਕਾਂ ਦਾ ਇੱਕ ਤਕੜਾ ਹਿੱਸਾ ਇਸ ਨਾਲੋਂ ਅੱਡ ਹੋ ਕੇ ਇੱਕ ਵੱਖਰੀ ਜੱਥੇਬੰਦੀ ਕਾਇਮ ਕਰ ਬੈਠਾ। ਸਮੇਂ-ਸਮੇਂ ਵਿਗਾੜਾਂ ਨੂੰ ਰੋਕਣ ਲਈ ਕੁੱਝ ਯਤਨ ਕੀਤੇ ਗਏ, ਪਰੰਤੂ ਉਹ ਯਤਨ ਸਫ਼ਲ ਨਾ ਹੋ ਕੇ ਪੁੱਠੇ ਹੀ ਪੈਂਦੇ ਰਹੇ। ਇਸ ਜੱਥੇਬੰਦੀ ਨੂੰ ਲੇਖਕਾਂ ਦੀ ਜੱਥੇਬੰਦੀ ਰੱਖਣ ਲਈ, ਲੇਖਕ ਨੂੰ ਪਰਿਭਾਸ਼ਿਤ ਕਰਨ ਲਈ ਕੁੱਝ ਮਿਆਰ ਨੀਯਤ ਕੀਤੇ ਗਏ। ਪਰੰਤੂ ਖ਼ੁਦਗ਼ਰਜ਼ ਲੋਕਾਂ ਨੇ ਉਹਨਾਂ ਦੀਆਂ ਵੀ ਧੱਜੀਆਂ ਉੱਡਾ ਦਿੱਤੀਆਂ। ਇਸ ਸਭ ਕਾਸੇ ਦਾ ਸਿੱਟਾ ਇਹ ਨਿਕਲਿਆ ਕਿ ਪੰਜਾਬੀ ਦੇ ਸਿਰਕੱਢ ਲੇਖਕ ਉੱਤੇ ਵਿਦਵਾਨ ਇਸ ਜੱਥੇਬੰਦੀ ਤੋਂ ਦੂਰ ਹੁੰਦੇ-ਹੁੰਦੇ ਬਿਲਕੁਲ ਹੀ ਦੂਰ ਹੋ ਗਏ। ਤੇ ਇਸ ਜੱਥੇਬੰਦੀ ਤੇ ਦਰਮਿਆਨੇ ਦਰਜੇ ਦੇ ਮੌਕਾਪ੍ਰਸਤ ਤੇ ਕੈਰੀਅਰਿਸ਼ਟ ਕਾਬਜ਼ ਹੋ ਗਏ। ਹੁਣ ਕੇਂਦਰੀ ਲੇਖਕ ਸਭਾ ਦੇ ਸਮਾਗਮ ਲੇਖਕਾਂ ਦੀ ਜੱਥੇਬੰਦੀ ਦੇ ਸਮਾਗਮ ਨਹੀਂ ਰਹਿ ਗਏ ਬਲਕਿ ਘਟੀਆ ਰਾਜਨੀਤੀ ਦੇ ਚੋਣ-ਦੰਗਲ ਰਹਿ ਗਏ ਹਨ। ਇੱਥੇ ਭੱਜ-ਨੱਠ ਕਰਨ ਵਾਲੇ ਵਿਅਕਤੀ ਜਿੱਤ ਜਾਂਦੇ ਹਨ ਤੇ ਸਿਰਕੱਢ ਲੇਖਕ ਜਾਂ ਤਾਂ ਖੜਨ ਦੀ ਹੀ ਜ਼ੁਰਅਤ ਨਹੀਂ ਕਰਦੇ ਜਾਂ ਹਾਰ ਜਾਂਦੇ ਹਨ। ਕਾਬਜ਼ ਲੋਕ ਇਸ ਜੱਥੇਬੰਦੀ ਨੂੰ ਵੀ ਹੋਰਨਾਂ ਰਾਜਨੀਤਿਕ ਜੱਥੇਬੰਦੀਆਂ ਵਾਂਗ ਨਿੱਜੀ ਪ੍ਰਾਪਤੀ ਲਈ ਵਰਤਦੇ ਹਨ। ਜਿਸ ਕਾਰਨ ਨਵੇਂ ਉੱਭਰ ਰਹੇ ਲੇਖਕ ਜਿਹੜੇ ਇਸ ਜੱਥੇਬੰਦੀ ਤੋਂ ਕਿਸੇ ਅਗਵਾਈ ਦੀ ਆਸ ਰੱਖਦੇ ਸਨ, ਨਿਰਾਸ਼ ਹੋ ਕੇ ਵੱਖ-ਵੱਖਰੀਆਂ ਜੱਥੇਬੰਦੀਆਂ ਵਿੱਚ ਵੰਡੇ ਗਏ। ਕੇਂਦਰੀ ਲੇਖਕ ਸਭਾ ਨਾਲ ਇਹ ਕੁੱਝ ਵਾਪਰਨਾ ਕੋਈ ਅਲੋਕਾਰ ਗੱਲ ਤਾਂ ਨਹੀਂ ਹੈ, ਕਿਉਂਕਿ ਬੁਰਜੁਵਾ ਪ੍ਰਭਾਵ ਅਧੀਨ ਸਮਾਜ ਦੀਆਂ ਰਾਜਨੀਤਿਕ, ਆਰਥਿਕ, ਇੱਥੋਂ ਤੱਕ ਕਿ ਧਾਰਮਿਕ ਸੰਸਥਾਵਾਂ ਵਿੱਚ ਨਿਘਾਰ ਆ ਰਿਹਾ ਹੈ। ਇਸ ਸਭਾ 'ਤੇ ਵੀ ਇਸਦਾ ਪ੍ਰਭਾਵ ਪੈਣਾ ਲਾਜ਼ਮੀ ਸੀ। ਪਰੰਤੂ ਇਸ ਜੱਥੇਬੰਦੀ ਦੀ ਹੋਰ

ਸੰਸਥਾਵਾਂ ਨਾਲੋਂ ਇੱਕ ਵਿਲੱਖਣਤਾ ਹੈ। ਇਹ ਜੱਥੇਬੰਦੀ ਲੇਖਕਾਂ ਦੀ ਹੈ ਤੇ ਬਹੁਤ ਘਾਲਣਾ ਉਪਰੰਤ ਉਸਾਰੀ ਗਈ ਸੀ। ਸਮਾਜ ਨੂੰ ਦਰੁਸਤ ਸੇਧ ਦੇਣਾ ਇਸਦੇ ਕਰਤੱਵਾਂ ਵਿੱਚੋਂ ਇੱਕ ਸੀ। ਅੱਜ ਸੰਸਾਰੀਕਰਨ ਤੇ ਮੀਡੀਏ ਦੇ ਦੁਰ-ਪ੍ਰਭਾਵਾਂ ਕਾਰਨ ਸਮਾਜ ਆਰਥਿਕ, ਰਾਜਨੀਤਿਕ ਤੇ ਸੱਭਿਆਚਾਰਕ ਪੱਖਾਂ ਤੋਂ ਖੇਰੂੰ-ਖੇਰੂੰ ਹੋ ਰਿਹਾ ਹੈ। ਇਸ ਨੂੰ ਰੋਕਣ ਦਾ ਕਾਰਜ ਬਹੁਤ ਵਿਸ਼ਾਲ, ਗੰਭੀਰ ਤੇ ਅਹਿਮ ਹੈ। ਇਹ ਕੁੱਝ ਇੱਕੜ-ਦੁੱਕੜ ਵਿਅਕਤੀ ਜਾਂ ਇਕੱਲੀ-ਇਕਹਿਰੀ ਸੰਸਥਾ ਨਹੀਂ ਕਰ ਸਕਦੀ ਇਸ ਲਈ ਵਿਸ਼ਾਲ ਏਕੇ ਦੀ ਲੋੜ ਹੈ। ਤੇ ਰਲ ਕੇ ਸਾਮਰਾਜ ਦੇ ਵਿਚਾਰਧਾਰਕ ਹਮਲੇ ਦਾ ਮੂੰਹ ਤੋੜ ਉੱਤਰ ਦੇਣ ਦੀ ਲੋੜ ਹੈ। ਅਸੀਂ ਸੁਹਿਰਦ ਲੇਖਕਾਂ, ਪੰਜਾਬੀ ਪਿਆਰਿਆਂ ਤੇ ਸੱਭਿਆਚਾਰ ਬਾਰੇ ਚਿੰਤਤ ਜਨ-ਸਮੂਹਾਂ ਦੇ ਸਾਹਮਣੇ ਇੱਕ ਸੁਹਿਰਦ ਅਪੀਲ ਕਰਦੇ ਹਾਂ ਕਿ ਉਹ ਇੱਕਠੇ ਹੋਣ ਤੇ ਸਾਰੀ ਸਥਿਤੀ ਦਾ ਜਾਇਜ਼ਾ ਲੈ ਕੇ ਮੁੜ ਜੱਥੇਬੰਦੀ ਨੂੰ ਦਰੁਸਤ ਲੀਹਾਂ 'ਤੇ ਪਾਉਣ। ਜੇਕਰ ਅੱਜ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਕੇਂਦਰੀ ਲੇਖਕ ਸਭਾ 'ਤੇ ਕਾਬਜ਼ ਚੌਧਰੀ ਤੇ ਅਸੀਂ ਸਾਰੇ ਇਤਿਹਾਸ ਦੀਆਂ ਨਜ਼ਰਾਂ ਵਿੱਚ ਮੁਜਰਮ ਹੋਵਾਂਗੇ ਤੇ ਆਉਣ ਵਾਲੀ ਪੀੜ੍ਹੀ ਸਾਨੂੰ ਕਦੇ ਮਾਫ਼ ਨਹੀਂ ਕਰੇਗੀ।

## 2. ਭਾਸ਼ਾ ਵਿਭਾਗ ਪੰਜਾਬ

ਪੈਪਸੂ ਸਰਕਾਰ ਨੇ ਆਪਣੀ ਕਾਇਮੀ ਸਮੇਂ ਇਕ ਪੰਜਾਬੀ ਮਹਿਕਮਾਂ ਕਾਇਮ ਕੀਤਾ ਸੀ, ਜਿਸਦਾ ਮੂਲ ਮਨੋਰਥ ਪੰਜਾਬੀ ਬੋਲੀ, ਪੰਜਾਬੀ ਸਾਹਿਤ, ਇਤਿਹਾਸ ਦੀ ਖੋਜ ਤੇ ਵਿਕਾਸ ਕਰਨਾ ਸੀ। ਪੈਪਸੂ ਦੇ ਟੁੱਟਣ ਉਪਰੰਤ ਰਿਆਸਤਾਂ ਦੇ ਪੰਜਾਬ ਵਿੱਚ ਸ਼ਾਮਲ ਹੋ ਜਾਣ ਉਪਰੰਤ ਉਸ ਮਹਿਕਮੇ ਦਾ ਨਾਂ ਬਦਲ ਕੇ ਭਾਸ਼ਾ ਵਿਭਾਗ, ਰੱਖ ਦਿੱਤਾ ਗਿਆ। ਇਹ ਮਹਿਕਮਾ ਪੰਜਾਬੀ ਤੋਂ ਬਿਨਾਂ ਹੋਰਨਾਂ ਬੋਲੀਆਂ 'ਤੇ ਵੀ ਧਿਆਨ ਦੇਣ ਲੱਗਾ। ਇਸਦਾ ਮੁੱਖ ਮਨੋਰਥ ਪੰਜਾਬੀ ਬੋਲੀ, ਸਾਹਿਤ ਤੇ ਸੱਭਿਆਚਾਰ ਦਾ ਵਿਕਾਸ ਕਰਨਾ ਹੈ। ਇਸ ਮਹਿਕਮੇ ਨੇ ਬਹੁਤ ਮਹਾਨ ਕੰਮ ਕੀਤੇ ਤੇ ਆਪਣੇ ਮਨੋਰਥ ਦੀ ਪ੍ਰਾਪਤੀ ਲਈ ਪੂਰਾ ਤਾਣ ਲਾਇਆ। ਦੁਰਲੱਭ ਲਿਖਤਾਂ ਨੂੰ ਛਾਪਿਆ ਤੇ ਆਮ ਲੋਕਾਂ ਤੱਕ ਪਹੁੰਚਾਇਆ। ਇਸ ਮਹਿਕਮੇ ਨੇ ਸਮੇਂ-ਸਮੇਂ ਸਾਹਿਤਕਾਰਾਂ ਦਾ ਮਾਨ-ਸਨਮਾਨ ਵੀ ਕੀਤਾ। ਲੋੜ ਸਮੇਂ ਉਹਨਾਂ ਦੀ ਮਾਲੀ ਸਹਾਇਤਾ ਵੀ ਕੀਤੀ। ਪਰੰਤੂ ਹੌਲੀ-ਹੌਲੀ ਇਹ ਮਹਿਕਮਾ ਵੀ ਸਰਕਾਰਾਂ ਦੀ ਸੌੜੀ ਰਾਜਨੀਤੀ ਦਾ ਸ਼ਿਕਾਰ ਹੋ ਗਿਆ ਅਤੇ ਅਫ਼ਸਰਸ਼ਾਹੀ ਉਸਨੂੰ ਆਪਣੇ ਹਿੱਤਾਂ ਲਈ ਵਰਤਣ ਲੱਗ ਪਈ। ਚੰਗੇ ਸਾਹਿਤਕਾਰਾਂ ਦੀ ਥਾਂ ਚਾਪਲੂਸਾਂ ਤੇ ਮੌਕਾਪ੍ਰਸਤਾਂ ਦੀ ਸਰਪ੍ਰਸਤੀ ਕਰਨ ਲੱਗ ਪਈ। ਇਸ ਤਰ੍ਹਾਂ ਇਹ ਮਹਿਕਮਾ ਕੁਰਾਹੇ ਪੈ ਗਿਆ। ਪਿਛਲੇ ਕੁੱਝ ਸਮੇਂ ਤੋਂ ਇਸ ਮਹਿਕਮੇ ਦਾ ਨਿਘਾਰ ਹੋਰ ਵੀ ਪ੍ਰਤੱਖ ਹੋ ਗਿਆ ਹੈ, ਜਿੱਥੇ ਸਰਕਾਰ ਇਸਨੂੰ ਲੋੜੀਂਦਾ ਧਨ ਨਹੀਂ ਦੇ ਰਹੀ ਜਿਸ ਕਾਰਨ ਬਹੁਤੇ ਕੰਮ ਰੁਕ ਗਏ ਹਨ। ਇਸ ਵੱਲੋਂ ਕੱਢੇ ਜਾਂਦੇ ਮਾਸਿਕ ਰਸਾਲੇ ਪਛੜ ਕੇ ਛਪਦੇ ਹਨ ਤੇ ਉਹਨਾਂ ਦਾ ਮਿਆਰ ਬਹੁਤ ਨੀਵਾਂ ਹੋ ਗਿਆ ਹੈ। ਸਾਹਿਤਕਾਰਾਂ ਨੂੰ ਇਨਾਮ ਕਈ-ਕਈ ਵਰ੍ਹੇ ਨਹੀਂ ਦਿੱਤੇ ਜਾਂਦੇ। ਜੇ ਦਿੱਤੇ ਜਾਂਦੇ ਹਨ ਤਾਂ ਚਾਪਲੂਸਾਂ ਨੂੰ ਪਹਿਲ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਸਰਕਾਰ ਦੀ ਰਾਜਨੀਤੀ ਤੇ ਮਹਿਕਮੇ ਦਾ ਵਿਕਾਸ ਲੋਕਾਂ ਦੀਆਂ ਨਜ਼ਰਾਂ ਵਿੱਚ ਜ਼ੀਰੋ ਹੋ ਕੇ ਰਹਿ ਜਾਂਦਾ ਹੈ। ਸਾਡੀ ਜਾਣਕਾਰੀ ਅਨੁਸਾਰ ਨਵੀਆਂ ਕਿਤਾਬਾਂ ਛਾਪਣ ਦਾ ਕੰਮ ਕਾਫ਼ੀ ਸਮੇਂ ਤੋਂ ਬੰਦ ਹੋਣ ਵਰਗਾ ਹੈ। ਇਸ ਤਰ੍ਹਾਂ ਪੰਜਾਬੀ ਬੋਲੀ ਤੇ ਸੱਭਿਆਚਾਰ ਦੀ ਸੇਵਾ ਕਰਨ ਵਾਲਾ ਇਹ ਮਹਿਕਮਾ ਬਦਨਾਮ ਹੋ ਕੇ ਰਹਿ ਗਿਆ ਹੈ। ਇਸਦੇ ਅਧਿਕਾਰੀਆਂ ਤੇ ਕਈ ਪੱਖਾਂ ਤੋਂ ਕਈ ਵਾਰ ਉਂਗਲਾਂ ਉੱਠੀਆਂ ਹਨ। ਪਰੰਤੂ 'ਅੰਨ੍ਹੀ ਪੀਹੇ ਤੇ ਕੁੱਤਾ ਚੱਟੇ', ਦੀ ਕਹਾਵਤ ਅਨੁਸਾਰ ਸਭ ਕੁੱਝ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ ਤੇ ਮਹਿਕਮੇ ਨੂੰ ਮੁੜ ਲੀਹੇ ਪਾਉਣ ਲਈ ਕੋਈ ਯਤਨ ਨਹੀਂ ਕੀਤਾ ਜਾ ਰਿਹਾ। ਅਸੀਂ ਸਮਝਦੇ ਹਾਂ ਕਿ ਪੰਜਾਬੀ ਲੇਖਕ ਜਿਹੜੇ ਹੋਰ ਬਹੁਤ ਸਾਰੇ ਕੰਮ ਕਰਦੇ ਹਨ ਉਹਨਾਂ ਦਾ ਇਸ ਮਹਿਕਮੇ ਦੀ ਕਾਰਗੁਜ਼ਾਰੀ ਵੱਲ ਧਿਆਨ ਦੇਣ ਦਾ ਵੀ ਫ਼ਰਜ਼ ਬਣਦਾ ਹੈ। ਉਹ ਇਸ ਪਾਸੇ ਧਿਆਨ ਦੇਣ। ਮਹਿਕਮੇ ਦੀਆਂ ਘਾਟਾਂ ਨੂੰ ਦੂਰ ਕਰਾਉਣ ਲਈ ਯਤਨਸ਼ੀਲ ਹੋਣ। ਕੇਂਦਰੀ ਪੰਜਾਬੀ ਲੇਖਕ ਸਭਾ ਇਸ ਮਹਿਕਮੇ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਨੰਗਾ ਕਰਨ ਲਈ ਪ੍ਰੋਗਰਾਮ ਉਲੀਕੇ। ਇਹ ਜਾਣ ਕੇ ਦੁੱਖ ਹੁੰਦਾ ਹੈ ਕਿ ਪਿਛਲੇ ਸਾਲਾਂ ਤੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਚੋਟੀ ਦੇ ਕਈ ਅਹੁਦੇਦਾਰ ਮਹਿਕਮੇ ਵਿੱਚ, ਅਨੁਵਾਦ ਕਰਨ-ਕਰਾਉਣ ਵਿੱਚ ਫੈਲੇ ਭ੍ਰਿਸ਼ਟਾਚਾਰ ਦੀ ਪੜਤਾਲ ਕਰਾਉਣ ਦੀ ਥਾਂ ਅਤੇ ਮਹਿਕਮੇ ਦੇ ਅੰਦਰ ਫੈਲੇ ਗੰਦ ਨੂੰ ਦੂਰ ਕਰਨ ਲਈ ਕੋਈ ਸੰਘਰਸ਼ ਉਲੀਕਣ ਦੀ ਥਾਂ, ਮਹਿਕਮੇ ਦੇ ਬਦਨਾਮ ਡਾਇਰੈਕਟਰ ਨੂੰ 'ਚੰਗੇ ਕੰਮ' ਦੇ ਸਰਟੀਫਿਕੇਟ ਜਾਰੀ ਕਰਦੇ ਰਹੇ ਹਨ। ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ। ***—ਸੰਪਾਦਕੀ ਮੰਡਲ***



## ਇਸ ਵਾਰ ਦਾ ਵਿਸ਼ੇਸ਼ ਕਵੀ

### 1. 'ਸਾਬਣ ਕਿਸ ਚਿੜੀਆ ਦਾ ਨਾਮ ਹੈ ?'

### ਪ੍ਰੇਮ ਸਾਹਿਲ

ਪੈਸੇ ਘੱਟ ਖਰਚਦੇ ਸਾਂ
ਘੱਟ ਹੁੰਦੇ ਸਨ ਕੋਲ ਪੈਸੇ ਤਦ
ਪੈਸੇ ਘੱਟ ਖਰਚਦੇ ਹਾਂ
ਪੈਸੇ ਘੱਟ ਜਾਣ ਦੇ ਡਰੋਂ ਅੱਜ

ਪੈਸੇ ਨਾਲ ਰਹਿ ਕੇ ਖ਼ੁਸ਼ ਰਹਿੰਦੀ ਏ
ਪੈਸੇ ਦੀ ਘਾਟ

ਸੁਪਨੇ 'ਚ ਦਲਦਲ 'ਚ ਖੁੱਭਿਆਂ ਦੀ
ਮਸਾਂ ਟੁੱਟਦੀ ਏ ਨੀਂਦ ਛੁੱਟਦੀ ਏ ਜਾਨ
ਪੈਸੇ ਲਈ ਛੱਡਣਾ ਪੈਂਦਾ ਏ ਦੇਸ
ਗਾਹੁਣਾ ਪੈਂਦਾ ਏ ਜਹਾਨ

ਜਾਗ ਕੇ ਅੱਖਾਂ ਮਲਣ ਤੋਂ ਵੀ ਪਹਿਲਾਂ
ਗਿਣਨ ਲੱਗ ਪੈਂਦੇ ਹਾਂ
ਬਟੂਏ 'ਚ ਬਾਕੀ ਬਚੇ ਪੈਸੇ
ਕਿੰਨੇ ਚੜ੍ਹ ਗਏ ਹਿਰਨਾਂ ਦੇ ਸਿੰਗੀਂ
ਕਿੰਨੇ ਵੱਤੜ ਗਏ ਲੋੜਾਂ ਦੀਆਂ ਖੋੜਾਂ 'ਚ

ਕਿੰਨੇ ਦਾ ਕੀਤਾ ਸੀ ਬਿਰਧ ਮਾਂ ਨੂੰ ਮਨੀਆਰਡਰ
ਕਿੰਨਾ ਉੱਤਰ ਸਕਿਆ ਉਧਾਰ
ਕਿੰਨੀ ਵੇਰ ਛਣਕਾ ਕੇ ਵੇਖੀ
ਬੰਟੀ ਦੀ ਬੁਘਨੀ
ਗਿਣਾਏ ਕਿੰਨੇ ਚਿੰਗਮ ਦੇ ਨੁਕਸਾਨ

ਪੈਸੇ ਤਾਂ ਸੜ੍ਹਾਂ 'ਚੋਂ ਵੀ ਕੱਢ ਲਏ ਜਾਂਦੇ ਨੇ
ਪੈਸੇ ਦੀਆਂ ਧੀਆਂ ਨਹੀਂ ਹੁੰਦੀਆਂ
ਪੈਸੇ ਦੇ ਪੁੱਤ ਹੁੰਦੇ ਨੇ
ਪੈਸਾ ਹਰਾਮ ਨਹੀਂ ਹੁੰਦਾ
ਪੈਸੇ ਨੂੰ ਸਲਾਮ ਹੁੰਦਾ ਏ

ਪੈਸਾ ਜੇ ਹੱਥਾਂ ਦੀ ਮੈਲ ਹੁੰਦਾ
ਨਾ ਕੋਈ ਧੋਂਦਾ ਕਦੇ ਹੱਥ
ਨਾ ਕਿਸੇ ਦੇ ਹੱਥਾਂ ਵੱਲ ਵੇਖਦਾ
ਸਾਬਣ ਕਿਸ ਚਿੱੜੀਆ ਦਾ ਨਾਮ ਹੈ

ਪੈਸਾ ਜੇ ਮਿੱਟੀ ਹੁੰਦਾ
ਮਿੱਟੀ ਨਾਲ ਮਿੱਟੀ ਕਿਉਂ ਹੁੰਦਾ ਇਨਸਾਨ
ਵੇਸਵਾ ਦੀ ਮੁਸਕਾਨ
ਮਰਾਸੀ ਦੀ ਜ਼ਬਾਨ ਹੁੰਦਾ ਏ ਪੈਸਾ

ਪੈਸਾ ਭਗਵਾਨ ਹੁੰਦਾ ਏ

ਪੈਸੇ ਕਰਕੇ ਹੁੰਦੀ ਏ ਜੇਬ
ਖਾਲੀ ਜੇਬ ਠੁਰ-ਠੁਰ ਕਰਦੀ ਏ
ਪੈਸੇ ਨਾਲ ਹੁੰਦੀ ਏ ਜੇਬ ਗਰਮ
ਪੈਸਾ ਤਾਂ ਛੱਪਰ ਪਾੜ ਕੇ ਵੀ ਆਉਂਦਾ ਏ
ਪੈਸੇ ਦਾ ਵੀ ਨਸ਼ਾ ਚੜ੍ਹ ਜਾਂਦਾ ਏ

ਜਿਸ ਨੂੰ ਫੁੱਲਾਂ ਨਾਲ ਗਸ਼ ਆਉਂਦਾ ਹੋਵੇ
ਉਸ ਨੂੰ ਪੈਸਾ ਸੁੰਘਾਵੋ
ਜਿੱਥੇ ਕੋਈ ਕੰਮ ਫਸ ਗਿਆ ਹੋਵੇ
ਉੱਥੇ ਪੈਸੇ ਨੂੰ ਘੋਲ ਕੇ ਪਾਵੋ

ਜਿਹੜੇ ਪੈਸੇ ਨੂੰ ਠੋਕਰ ਮਾਰਦੇ ਨੇ
ਦਰ-ਦਰ ਦੀਆਂ ਠੋਕਰਾਂ ਖਾਂਦੇ ਨੇ
ਪੈਸਾ ਕੋਲ ਹੋਵੇ ਤਾਂ ਬੰਦਾ ਹੁੱਬਦਾ ਏ
ਪੈਸਾ ਕਿਸ ਨੂੰ ਚੁੱਭਦਾ ਏ?

## 2. ਦੌੜ

ਬਹੁਤ ਘੱਟ ਦੌੜਿਆ ਮੈਂ ਮੁਕਾਬਲੇ ਦੀ ਦੌੜ ਜਦ ਕਿ
ਬਹੁਤ ਘੱਟ ਮੱਲਾਂ ਮਾਰੀਆਂ
ਬਹੁਤ ਘੱਟ ਮਾਰੀਆਂ ਉਡਾਰੀਆਂ

ਬਹੁਤ ਘੱਟ ਨੇ ਉਹ ਛੰਨਾਂ, ਉਹ ਛੱਤਾਂ
ਜਿਨ੍ਹਾਂ ਦੇ ਸੀਤਲ ਕਦੀ ਕੋਸੇ ਮੌਸਮ ਸੁਖਾਏ
ਫਿਰਨੀ ਦੀ ਧੂੜ 'ਚ ਟੈਰ ਚਲਾਉਂਦੇ ਨੰਗ-ਮਲੰਗ
ਬਹੁਤ ਘੱਟ ਮੇਰੇ ਨਾਲ ਖੇਡਣ ਲਈ ਆਏ
ਜਦਕਿ ਵੰਨ-ਸੁਵੰਨੇ ਬਲੌਰ ਮੇਰੇ ਖੀਸੇ 'ਚ ਛਣਕਦੇ

ਬਹੁਤ ਘੱਟ ਤਿਤਲੀਆਂ ਜੁਗਨੂੰ ਪਰਿੰਦੇ ਕਤੂਰੇ
ਮੈਂ ਛੋਹ ਕੇ ਪਿਆਰ ਸਕਿਆ
ਬਹੁਤ ਘੱਟ ਬੇੜੀਆਂ ਵੀ ਪਾਣੀ 'ਚ ਉਤਾਰ ਸਕਿਆ
ਟੋਭੇ 'ਚ ਤੈਰਦੀਆਂ ਬੱਤਖਾਂ ਮੁਰਗਾਬੀਆਂ
ਮੱਝਾਂ ਦੀਆਂ ਪਿੱਠਾਂ 'ਤੇ ਅਸਵਾਰ ਬਗਲੇ ਤੇ ਕਾਂ
ਖਿੱਚ ਪਾਉਂਦੇ ਅਕਸਰ ਧੂ ਕੇ ਲੈ ਜਾਂਦੇ ਮੈਨੂੰ ਥਾਂ-ਥਾਂਹ

ਬਹੁਤ ਘੱਟ ਬਲਾਵਾਂ ਚੇਤੇ ਨੇ ਮੈਨੂੰ ਤੇ ਬਹੁਤ ਘੱਟ ਘਟਨਾਵਾਂ
ਕਹਾਣੀਆਂ ਤੇ ਪਰੀ-ਕਥਾਵਾਂ, ਸਖੀਆਂ ਸਹੇਲੀਆਂ
ਮਖੌਲ ਕਰਦੀਆਂ ਮੈਨੂੰ ਅੱਥਰੀਆਂ ਪਹੇਲੀਆਂ

ਬਹੁਤ ਘੱਟ ਚੜ੍ਹੀਆਂ ਮਨ 'ਚ ਚਾਵਾਂ ਦੀਆਂ ਕਾਂਗਾਂ
ਮੌਕੇ 'ਤੇ ਮੇਲ ਨੇ ਪੁੱਟੀਆਂ ਪੁਲਾਂਘਾਂ
ਬਹੁਤ ਘੱਟ ਸੈਣਤਾਂ ਮੈਂ ਵਿਚਾਰੀਆਂ

ਘਟਦਾ-ਘਟਦਾ ਕਿੰਨਾ ਘਟ ਗਿਆ ਸਭ ਕੁਝ
ਘਟ ਗਈਆਂ ਕਿੰਨੀਆਂ ਗਲ-ਬਾਹਾਂ



ਘਟ ਗਈਆਂ ਨੀਂਦਾਂ ਤੇ ਘੱਟ ਗਏ ਸੁਪਨੇ
ਸੁਪਨੇ 'ਚ ਪਰੀਆਂ ਦੇ ਡੁੱਲ੍ਹ-ਡੁੱਲ੍ਹ ਪੈਂਦੇ ਹੁਸਨ

ਘਟਦੇ ਗਏ ਮੌਕੇ ਜਦ ਮੇਲ-ਮੁਲਾਕਾਤਾਂ ਦੇ
ਜਾਗਦੀਆਂ ਰਾਤਾਂ ਤੇ ਛਮਛਮ ਬਰਸਾਤਾਂ ਦੇ
ਘਟ ਗਈਆਂ ਸੋਹਬਤਾਂ ਵੀ ਤੇ ਸੰਭਾਵਨਾਵਾਂ
ਲੁਕ-ਲੁਕ ਲਾਉਣ ਦੀਆਂ ਮੰਦ-ਮੰਦ ਮੁਸਕਾਉਣ ਦੀਆਂ
ਪਰਿੰਦਿਆਂ ਦੇ ਚਹਿਕਣ ਤੇ ਫੁੱਲਾਂ ਦੇ ਟਹਿਕਣ ਦੀਆਂ

ਬਹੁਤ ਘੱਟ ਲਿਖੀਆਂ ਮੈਂ ਕਵਿਤਾਵਾਂ
ਜਿਨ੍ਹਾਂ ਨੂੰ ਮੈਂ ਪਾੜ ਕੇ ਸੁੱਟ ਸਕਿਆ ਹੋਰ ਵੀ ਘੱਟ
ਬਹੁਤ ਘੱਟ ਗੱਲਾਂ ਨੇ ਜੋ ਅੱਜ ਵੀ ਚੇਤੇ ਆਉਂਦੀਆਂ ਤਾਂ
ਮੈਂ ਠੁਮਠੁਮ ਨੱਚਦਾ ਹਾਂ

ਬਹੁਤ ਘੱਟ ਗੱਲਾਂ ਹੋ ਸਕੀਆਂ ਪੂਰੀਆਂ
ਮੁੱਢਲੀਆਂ ਲੋੜਾਂ ਵੀ ਅੱਧੀਆਂ ਅਧੂਰੀਆਂ
ਦਿਲ ਵਿੱਚ ਅਭਾਵਾਂ ਦੀ ਖ਼ਾਕ
ਅੱਖਾਂ 'ਚ ਸੁਪਨਿਆਂ ਦੀ ਰਾਖ਼

ਠਰਦੀਆਂ ਕਦੇ ਜਲਦੀਆਂ ਪਾਤਲੀਆਂ ਨਾਲ ਦੌੜਦਾ
ਮੈਂ ਤਾਂ ਦੌੜੀ ਚਲੇ ਗਿਆ- ਦੌੜ
ਡੁਸਕਦੇ ਹਟਕੋਰੇ ਲੈਂਦੇ ਵਰਤਮਾਨ ਨੂੰ ਪਤਿਆਉਣ ਦੀ
ਜਾਂ ਬਸ ਦੌੜੀ ਚਲੇ ਜਾਣ ਦੀ, ਹਾਂ ਦੌੜੀ ਚਲੇ ਜਾਣ ਦੀ।

## 3. .ਗਜ਼ਲ

ਕਿੰਨੇ ਜਾਲੇ ਬੁਣ ਗਈਆਂ ਨੇ ਮੱਕੜੀਆਂ ਦੀਵਾਰਾਂ 'ਤੇ,
ਕੋਈ ਹਰਫ ਨਹੀਂ ਆਇਆ ਪਰ ਘਰ ਦੇ ਪਹਿਰੇਦਾਰਾਂ 'ਤੇ।

ਬਾਹਰ ਸੈਨਾ ਮਾਰਚ ਕਰਦੀ ਗੱਡੀਆਂ ਮੋਟਰ-ਕਾਰਾਂ 'ਤੇ,
ਅੰਦਰ ਧਾਰਾਂ ਲੱਗ ਰਹੀਆਂ ਨੇ ਤਿਰਸ਼ੂਲਾਂ ਤਲਵਾਰਾਂ 'ਤੇ।

ਖਬਰੇ ਕਿਸ ਚਿੰਗਾਰੀ ਛੇੜੀ ਸੁੱਤੀ ਅੱਗ ਨੂੰ ਭੜਕਾਇਆ,
ਕੁਲ ਬਲਵਈਆਂ ਹਮਲਾ ਕੀਤਾ ਗਲੀਆਂ, ਘਰਾਂ, ਬਜ਼ਾਰਾਂ 'ਤੇ।

ਜੂਠੇ ਭਗਵਾਨਾਂ ਨੇ ਡੋਲ੍ਹੀ ਰੱਤ ਸੁੱਚੇ ਇਨਸਾਨਾਂ ਦੀ,
ਚੀਲਾਂ ਗਿੱਧਾਂ ਦੀ ਜੰਝ ਢੁੱਕੀ ਮੰਦਰਾਂ, ਮੱਠ, ਮਜ਼ਾਰਾਂ 'ਤੇ।

ਪੱਤਰਕਾਰਾਂ ਦੀ ਮਿਹਨਤ ਦਾ ਮੁੱਲ ਪਾਉਂਦੇ ਨੇ ਹਲਵਾਈ,
ਦਿਨ ਭਰ ਲੋਕ ਪਕੌੜੇ ਖਾਂਦੇ ਰੋਜ਼ਾਨਾ ਅਖ਼ਬਾਰਾਂ 'ਤੇ।

ਬੇੜੀ ਪਾਰ ਉਹਨਾਂ ਭਗਤਾਂ ਦੀ ਕਦ ਲੱਗੀ ਹੈ ਸਾਹਿਲ ਜੀ,
ਕੀਤਾ ਹੈ ਵਿਸ਼ਵਾਸ ਜਿਨ੍ਹਾਂ ਨੇ ਕਾਗਜ਼ ਦੇ ਪਤਵਾਰਾਂ 'ਤੇ।

## 4. .ਗਜ਼ਲ

ਸਾਬਤ ਮੇਰਾ ਸਿਦਕ ਰਹੇ ਨਾ ਮੁਸ਼ਕਲ ਤੋਂ ਘਬਰਾਵਾਂ ਜੇ,
ਮੁਸ਼ਕਲ ਵੀ ਆਸਾਨ ਬਣੇ ਮੈਂ ਆਈ 'ਤੇ ਆ ਜਾਵਾਂ ਜੇ।

ਅੱਖਾਂ ਦੇ ਵਿੱਚ ਅਕਸ ਖੁਸ਼ੀ ਦਾ ਹੋ ਸਕਦਾ ਸਾਕਾਰ ਨਹੀਂ,
ਸ਼ੀਸ਼ੇ ਵਰਗੇ ਦਿਲ ਦੇ ਉੱਤੇ ਛਾਈਆਂ ਰਹਿਣ ਘਟਾਵਾਂ ਜੇ।

ਮੈਂ ਗਾਹੇ ਨੇ ਲੱਖਾਂ ਪੈਂਡੇ ਕੰਡਿਆਲੇ ਪਥਰੀਲੇ ਵੀ,
ਗੱਲ ਅਨਹੋਣੀ ਫਿਰ ਨਾ ਹੋਣੀ ਹੋਰ ਕਠਿਨ ਵੀ ਗਾਹਵਾਂ ਜੇ।

ਮੈਂ ਹੰਝੂਆਂ ਦੇ ਨਾਲ ਰਚਾਵਾਂਗਾ ਉੱਥੋਂ ਦੀ ਮਿੱਟੀ ਨੂੰ,
ਫੜ ਕੇ ਮੇਰੇ ਪੈਰਾਂ ਨੂੰ ਗਲ ਲਾਣਗੀਆਂ ਉਹ ਥਾਵਾਂ ਜੇ।

ਫਾਸਲਿਆਂ 'ਤੇ ਕੀ ਕਰ ਸਕਦਾ ਕੋਈ ਸਿਵਾ ਦੁਆਵਾਂ ਦੇ,
ਕੀ ਕਰ ਸਕਦਾ ਹੈ ਕੋਈ ਵੀ ਨਿਸ਼ਫਲ ਜਾਣ ਦੁਆਵਾਂ ਜੇ।

ਪਰਦੇਸਾਂ ਵਿੱਚ ਔਖੇ ਵੇਲੇ ਯਾਦ ਕਿਸੇ ਨੂੰ ਕੀ ਕਰਨਾ,
ਔਖੇ ਵੇਲੇ ਸਰ ਜਾਣਾ ਹੈ ਸਾਡਾ ਬਾਝ ਭਰਾਵਾਂ ਜੇ।

ਤੁਰਦੇ ਰਾਹੀ ਦੇ ਨੈਣਾਂ ਵਿੱਚ ਜੇ ਮੰਜ਼ਲ ਦਾ ਅਕਸ ਰਹੇ,
ਰੁਕ ਨਹੀਂ ਸਕਦਾ ਫਿਰ ਉਹ 'ਸਾਹਿਲ' ਰੋਕਣ ਲੱਖ ਬਲਾਵਾਂ ਜੇ।

## .ਗ਼ਜ਼ਲ

—ਨਿਰਮਲ ਪ੍ਰਸੰਨ

ਉਦਾਸੀ ਰਾਤ ਨੂੰ ਭੋਗੋ, ਜਸ਼ਨ ਦਿਨ ਦੇ ਮਨਾਵੋ ਨਾ।
ਖਿਝੋ ਨਾ ਹਾਰ 'ਤੇ ਆਪਣੀ, ਜਿੱਤਿਆਂ ਖਿੜਖਿੜਾਵੋ ਨਾ।

ਮਿਲੂ ਮੰਜ਼ਿਲ ਹੈ ਤੈਅ ਲਾਜ਼ਿਮ, ਪੜਾਅ ਦਰ ਹੀ ਪੜਾਅ ਮਿੱਤਰੋ,
ਕਿਸੇ ਵਕਤੀ ਖੁਸ਼ੀ ਖਾਤਿਰ, ਸਦੀਵੀ ਰੋਗ ਲਾਵੋ ਨਾ।

ਧਰਮ ਇਸ ਦਾ ਵੀ ਇਹ ਕਹਿੰਦਾ, ਧਰਮ ਉਸ ਦਾ ਵੀ ਇਹ ਆਖੇ,
ਲਹੂ ਦਾ ਰੰਗ ਹੈ ਇਕੋ, ਲਹੂ ਵਿੱਚ ਵੰਡ ਪਾਵੋ ਨਾ।

ਜੇ ਫਤਵਾ ਦੇ ਰਹੇ ਕਾਜ਼ੀ, ਕਦੋਂ ਨੇ ਘੱਟ ਬਜਰੰਗੀ.
ਭੁਲਾ ਕੇ ਸੰਨ ਸੰਤਾਲੀ, ਚੁਰਾਸੀ ਮੁੜ ਲਿਆਵੋ ਨਾ।

'ਕਿਸੇ ਨੂੰ ਜਿਉਂਦਿਆਂ ਸਾੜੋ,' 'ਕਿਸੇ ਦੇ ਢਿੱਡ ਨੂੰ ਪਾੜੋ',
ਕਹੇ ਲਲਕਾਰ ਕੇ ਹਾਕਮ, 'ਕਰਮ ਸ਼ੁੱਭ ਤੋਂ ਹਟਾਵੋ ਨਾ।'

'ਬਦਲਾ ਮੈਂ ਖ਼ੂਨ ਦਾ ਲੈਣਾ,' 'ਵਿਖਾਵੋ ਰੋਕ ਕੇ ਮੈਨੂੰ,
'ਚਲੇਗਾ ਰਾਜ ਹਿੰਦੂ ਦਾ,' 'ਮੁਸਲਮਾਂ ਨੂੰ ਬਚਾਵੋ ਨਾ।'

ਸਜ਼ਾ ਦਾ ਇੱਕ ਜੇ ਭਾਗੀ, ਕਜ਼ਾ ਸਭ ਦੀ ਹੈ ਕਿਉਂ ਆਈ,
ਇਬਾਦਤਗਾਹ ਬਣੇ ਮਕਤਲ, ਕਦਮ ਐਸੇ ਉਠਾਵੋ ਨਾ।

ਰਹਿਮ ਜੇ ਕਰ ਨਹੀਂ ਸਕਦੇ, ਕਹਿਰ ਕੀਕਣ ਤੁਸੀਂ ਢਾਇਆ,
ਨਿਰੰਤਰ ਕਹਿ ਰਿਹਾ 'ਨਿਰਮਲ', ਬਲੀ ਤੇ ਤੇਲ ਪਾਵੋ ਨਾ।



*ਆਸਾਮੀ ਕਹਾਣੀ :*

## ਵਨਫੂਲ ਦੇ ਕੁਝ ਦਿਨ

**ਅਨੁਰਾਧਾ ਸ਼ਰਮਾ ਪੁਜਾਰੀ**

ਹਾਰਾਧਨ ਦਾ ਹੱਥ ਫੜੀ ਵਨਫੂਲ ਲੋਹੇ ਦਾ ਗੇਟ ਖੋਲ੍ਹ ਕੇ ਅੰਦਰ ਚਲੀ ਗਈ। ਇਕ ਲੰਮਾ ਜਿਹਾ ਲਾਅਨ। ਵੱਡੇ-ਵੱਡੇ ਦਰਖ਼ਤਾਂ ਦੀਆਂ ਕਤਾਰਾਂ ਦੀ ਛਾਂ ਵਿੱਚ ਖਿੜੇ ਹੋਏ ਭਾਂਤ ਸੁਭਾਂਤੇ ਫੁੱਲ। ਇੱਧਰੋਂ ਆਉਂਦੇ ਜਾਂਦੇ ਵਨਫੂਲ ਨੇ ਇਸ ਦੋ ਮੰਜ਼ਿਲੇ ਮਕਾਨ ਨੂੰ ਦੇਖਿਆ ਸੀ ਪਰੰਤੂ ਕਦੇ ਵੀ ਇਸ ਦੇ ਅੰਦਰ ਨਹੀਂ ਸੀ ਗਈ। ਫੇਰ ਵੀ ਉਸਨੇ ਇਸ ਮਕਾਨ ਦੇ ਬਾਰੇ ਅਤੇ ਇਸ ਮਕਾਨ ਦੇ ਅੰਦਰ ਰਹਿਣ ਵਾਲੇ ਲੋਕਾਂ ਬਾਰੇ ਬਹੁਤ ਕੁਝ ਸੁਣਿਆ ਹੋਇਆ ਸੀ। ਗਰਮੀਆਂ ਨੂੰ ਵਿਹੜੇ ਵਿੱਚ ਬੈਠ ਕੇ ਅਤੇ ਸਰਦੀਆਂ ਨੂੰ ਚੁੱਲ੍ਹੇ ਨੇੜੇ ਬੈਠਿਆਂ ਉਹ ਅਜਿਹੀਆਂ ਗੱਲਾਂ ਕਿੱਸੇ-ਕਹਾਣੀਆਂ ਵਾਂਗ ਬੜੇ ਧਿਆਨ ਨਾਲ ਸੁਣਦੀ ਸੀ। ਵੱਡੇ ਬਾਬੂ ਦੇ ਜਾਣ ਦਾ ਸਮਾਂ, ਮੇਮ ਸਾਹਿਬ ਦੇ ਨਹਾਉਣ ਦਾ ਸਮਾਂ, ਛੋਟੇ ਸਾਹਿਬ ਦੇ ਸਕੂਲ ਤੋਂ ਵਾਪਸ ਆਉਣ ਦਾ ਸਮਾਂ, ਬੇਬੀ ਯਾਨੀ ਛੋਟੇ ਸਾਹਿਬ ਦੀ ਦੋ ਸਾਲ ਦੀ ਕੁੜੀ ਦੇ ਨਹਾਉਣ ਦਾ ਸਮਾਂ। ਉਹ ਸਾਰਾ ਹਿਸਾਬ-ਕਿਤਾਬ ਜਾਣਦੀ ਹੈ। ਇਸ ਤੋਂ ਇਲਾਵਾ ਬੁੱਢੇ ਸਾਹਿਬ ਤੇ ਬੁੱਢੀ ਮੇਮ ਸਾਹਿਬ ਦੇ ਨਹਾਉਣ ਦਾ ਸਮਾਂ, ਬੁੱਢੀ ਮੇਮ ਸਾਹਿਬ ਦੇ ਬੈੱਡਪੈਨ ਲੈਣ ਦਾ ਸਮਾਂ ਵੀ ਉਸ ਨੂੰ ਪਤਾ ਸੀ। ਜਦੋਂ ਤੋਂ ਉਸ ਨੇ ਹੋਸ਼ ਸੰਭਾਲੀ ਹੈ ਇਸ ਘਰ ਦੇ ਕਿੱਸੇ ਉਹ ਰਾਜੇ-ਰਾਣੀਆਂ ਦੇ ਕਿੱਸਿਆਂ ਦੀ ਤਰ੍ਹਾਂ ਸੁਣਦੀ ਰਹੀ ਹੈ। ਅਜਿਹਾ ਨਹੀਂ ਹੈ ਕਿ ਉਹ ਇਹ ਸਭ ਕੁਝ ਆਪਣੇ ਪਿਓ ਹਾਰਾਧਨ ਦੀ ਜ਼ੁਬਾਨੀ ਹੀ ਸੁਣਦੀ ਰਹੀ ਹੋਵੇ। ਇਹ ਸਭ ਕੁਝ ਉਹ ਮਾਂ ਤੋਂ ਵੀ ਸੁਣਦੀ ਰਹੀ ਹੈ। ਉਸ ਦੇ ਭਰਾ ਭੋਲਾ ਤੇ ਬਲਰਾਮ ਛੋਟੇ ਸਾਹਿਬ ਦੇ ਮੁੰਡੇ ਵੀ ਸੋਹਣੀ ਤੇ ਨਵੀਂ ਦਿਖਣ ਵਾਲੀ ਕਮੀਜ਼, ਪਤਲੂਣ ਅਤੇ ਜੁੱਤੀਆਂ ਪਹਿਨਦੇ ਰਹੇ ਹਨ। ਉਸ ਘਰ ਵਿੱਚ ਵੱਡੀਆਂ-ਵੱਡੀਆਂ ਪਾਰਟੀਆਂ ਹੁੰਦੀਆਂ ਰਹਿੰਦੀਆਂ ਹਨ। ਪਾਰਟੀ ਤੋਂ ਅਗਲੇ ਦਿਨ ਉਹ ਉਮੀਦ ਭਰੀਆਂ ਨਜ਼ਰਾਂ ਨਾਲ ਮਾਂ-ਪਿਓ ਦੀ ਰਾਹ ਦੇਖਦੇ ਰਹਿੰਦੇ ਹਨ। ਮਾਂ-ਪਿਓ ਦੇ ਹੱਥੋਂ ਝੋਲਾ ਖੋਹਣ ਲਈ ਉਹ ਤਿੰਨੋਂ ਭੈਣ-ਭਰਾ ਰਸਤੇ 'ਤੇ ਆ ਕੇ ਲੜਨ ਲੱਗ ਪੈਂਦੇ ਹਨ। ਅਜਿਹਾ ਕਰਨ ਦੇ ਬਦਲੇ ਵਨਫੂਲ ਨੂੰ ਵਧੇਰੇ ਮਾਰ ਖਾਣੀ ਪੈਂਦੀ ਹੈ, ਕਿਉਂਕਿ ਉਹ ਤਿੰਨਾਂ ਵਿੱਚੋਂ ਸਭ ਤੋਂ ਵੱਡੀ ਹੈ। ਕੁੱਟ ਖਾ ਕੇ ਰੋਣ ਦੇ ਬਾਵਜੂਦ ਜਦੋਂ ਉਹ ਝੋਲੇ ਵਿੱਚੋਂ ਪੀਲਾ ਜ਼ਰਦਾ, ਸਬਜ਼ੀ, ਨਮਕੀਨ, ਰਸਗੁੱਲੇ ਅਤੇ ਭਾਂਤ-ਭਾਂਤ ਦੇ ਪਕਵਾਨਾਂ ਦੇ ਟੁਕੜੇ ਬਾਹਰ ਆਉਂਦਿਆਂ ਵੇਖਦੀ ਹੈ ਤਾਂ ਉਹ ਸਭ ਕੁਝ ਭੁਲ-ਭੁਲਾ ਜਾਂਦੀ ਹੈ। ਪਲਾਸਟਿਕ ਦੇ ਥੈਲਿਆਂ ਵਿੱਚ ਖ਼ੁਸ਼ਬੂ ਤੋਂ ਇਲਾਵਾ ਪਾਲਤੂ ਕੁੱਤੇ ਨੂੰ ਜਦੋਂ ਹੋਰ ਕੁਝ ਨਹੀਂ ਮਿਲਦਾ ਤਾਂ ਉਹ ਬੱਚਿਆਂ ਵੱਲ ਵੇਖ ਕੇ ਹਿਰਖ ਨਾਲ ਚਊਂ-ਚਊਂ ਕਰਨ ਲੱਗ ਪੈਂਦਾ ਹੈ।

ਪਿਓ ਦਾ ਹੱਥ ਫੜੀ ਬਗੀਚੇ ਨੂੰ ਪਾਰ ਕਰਦਿਆਂ ਹੋਇਆਂ ਬੰਗਲੇ ਦੇ ਪਿਛਵਾੜੇ ਦੇ ਰਸਤੇ ਵੱਲ ਮੁੜਦਿਆਂ ਹੋਇਆਂ ਡਰਦਿਆਂ-ਡਰਦਿਆਂ ਉਸ ਨੇ ਪੁੱਛਿਆ, "ਬਾਪੂ ਬੰਗਲੇ ਨੂੰ ਜਾਣ ਦਾ ਰਸਤਾ ਤਾਂ ਦੂਜੇ ਪਾਸਿਉਂ ਹੈ"।

"ਹੱਟ! ਉਹ ਸਾਡਾ ਰਸਤਾ ਨਹੀਂ ਹੈ। ਪਖਾਨਾ, ਬਾਥਰੂਮ ਨਾਲੇ ਤਾਂ ਪਿਛਲੇ ਪਾਸੇ ਹੀ ਹਨ। ਪਹਿਲੇ ਸਾਡੇ ਵਾਸਤੇ ਓਧਰ ਪਿੱਛਲੇ ਪਾਸਿਉਂ ਇਕ ਰਸਤਾ ਹੁੰਦਾ ਸੀ। ਕਬਰਸਤਾਨ ਦੇ ਵਿੱਚੋਂ ਹੋ ਕੇ ਆਉਣਾ ਪੈਂਦਾ ਸੀ। ਮੈਂ ਜਦੋਂ ਛੋਟਾ ਸੀ ਤਾਂ ਬਾਪੂ ਨਾਲ ਉਸੇ ਰਸਤੇ ਤੋਂ ਆਉਂਦਾ ਜਾਂਦਾ ਸੀ। ਬਾਅਦ ਵਿੱਚ ਬੁੱਢੇ ਸਾਹਿਬ ਅਤੇ ਕਬਰਸਤਾਨ ਦੀ ਕਮੇਟੀ ਵਿਚਕਾਰ ਹੱਦ ਨੂੰ ਲੈ ਕੇ ਮੁਕੱਦਮਾ ਚੱਲਿਆ। ਕਬਰਸਤਾਨ ਕਮੇਟੀ ਨੇ ਉੱਚੀ ਕੰਧ ਖੜ੍ਹੀ ਕਰ ਦਿੱਤੀ। ਸਾਡਾ ਰਸਤਾ ਬੰਦ ਹੋ ਗਿਆ।" ਬਾਪੂ ਇਸ ਘਰ ਵਿੱਚ ਲੈਟਰਿਨ ਬਾਥਰੂਮ ਕਿੰਨੇ ਨੇ !

"ਪੰਜ। ਬੁੱਢੇ ਸਾਹਿਬ ਦਾ ਇਕ, ਛੋਟੇ ਸਾਹਿਬ ਦੇ ਦੋ ਤੇ ਗੈਸਟਾਂ ਲਈ ਦੋ" ਗੈਸਟ ਮਤਲਬ? ਮਹਿਮਾਨ, ਪ੍ਰਾਹੁਣਾ। ਮਹਿਮਾਨ ਲਈ ਵੱਖਰਾ ਪਖਾਨਾ ਹੈ ? "ਹਾਂ! ਸਰਵੈਂਟ ਲਈ ਬਗੀਚੇ ਦੇ ਕੋਨੇ ਵਿੱਚ ਇਕ ਵੱਖਰਾ ਪਖ਼ਾਨਾ ਵੀ ਹੈ। ਮੈਂ ਉਸ ਦੀ ਗਿਣਤੀ ਨਹੀਂ ਕੀਤੀ।" "ਸਰਵੈਂਟ ਕਿਸ ਨੂੰ ਕਹਿੰਦੇ ਨੇ ?" ਨੌਕਰ-ਚਾਕਰ। ਸਾਰੇ ਲੋਕ ਇਹਨਾਂ ਨੂੰ ਸਰਵੈਂਟ ਹੀ ਕਹਿੰਦੇ ਨੇ।" "ਬਾਪੂ ਕੀ ਤੂੰ ਸਰਵੈਂਟ ਐਂ ?"

ਹਾਰਾਧਨ ਹੈਰਾਨ ਹੋ ਕੇ ਕੁੱਝ ਪਲ ਲਈ ਤਾਂ ਧੀ ਦੇ ਚਿਹਰੇ ਵੱਲ ਦੇਖਦਾ ਰਹਿ ਗਿਆ, ਫੇਰ

ਬੋਲਿਆ' "ਨਹੀਂ ਸਰਵੈਂਟ ਤੋਂ ਵੀ ਥੱਲੇ। ਸਰਵੈਂਟ ਲੋਕ ਸਾਨੂੰ ਹੱਥ ਨਹੀਂ ਲਾਉਂਦੇ, ਕਿਉਂਕਿ ਅਸੀਂ ਨਾਲੇ-ਪਖਾਨੇ ਸਾਫ਼ ਕਰਦੇ ਹਾਂ ਨਾ। ਉਹਨਾਂ ਨੂੰ ਸਾਹਿਬ ਦੇ ਘਰ ਦੇ ਅੰਦਰ ਬਾਹਰ ਜਾਣਾ ਪੈਂਦਾ ਹੈ ਨਾ।"

"ਬਾਪੂ ਮੈਂ ਨਹੀਂ ਜਾਵਾਂਗੀ, ਮੈਨੂੰ ਸਕੂਲ ਵਿੱਚ ਦਾਖਲਾ ਨਹੀਂ ਮਿਲੇਗਾ।" ਅਚਾਨਕ ਵਨਫੂਲ ਘਾਹ ਉੱਤੇ ਬੈਠ ਗਈ। ਉਸ ਦੇ ਰੋਣੇ ਚਿਹਰੇ ਨੂੰ ਦੇਖ ਕੇ ਹਾਰਾਧਨ ਪੱਥਰ ਦੀ ਮੂਰਤੀ ਬਣ ਗਿਆ। ਧੀ ਨੂੰ ਸਮਝਾਉਣ ਲਈ ਹਾਰਾਧਨ ਉਸ ਦੀ ਬਗਲ ਵਿੱਚ ਹੀ ਘਾਹ 'ਤੇ ਬੈਠ ਗਿਆ। ਉਸ ਦੇ ਸਿਰ ਉੱਪਰ ਹੱਥ ਫੇਰਦਿਆਂ ਹੋਇਆਂ ਬੋਲਿਆ, "ਦੇਖ ਵਨਫੂਲ ਛੋਟੇ ਸਾਹਿਬ ਨੂੰ ਮੈਂ ਕਹਿ ਚੁੱਕਾਂ, ਸਕੂਲ ਵਿੱਚ ਨਾਮ ਲਿਖਵਾਉਣ ਤੋਂ ਤਾਂ ਤੇਰੀ ਉਮਰ ਵੱਧ ਹੈ ਪਰ ਸਾਹਿਬ ਨੇ ਮੈਨੂੰ ਗਾਰੰਟੀ ਦਿੱਤੀ ਹੈ।"

"ਉਮਰ ਮੈਂ ਤਾਂ ਜ਼ਿਆਦਾ ਨਹੀਂ ਕੀਤੀ। ਦੋ ਸਾਲਾਂ ਤੋਂ ਮੈਨੂੰ ਤੁਸੀਂ ਸਕੂਲਾਂ ਦੇ ਚੱਕਰ ਕਟਵਾ ਰਹੇ ਹੋ। ਜਦੋਂ ਉਹਨਾਂ ਵਿੱਚ ਮੈਨੂੰ ਦਾਖਲਾ ਨਹੀਂ ਮਿਲਿਆ ਤਾਂ ਇਥੇ ਵੀ ਨਹੀਂ ਮਿਲੇਗਾ। ਚੱਲੋ ਵਾਪਸ ਚੱਲੀਏ।" ਵਨਫੂਲ ਡੁਸਕਣ ਲੱਗ ਪਈ। ਬੇਟੀ ਦਾ ਰੋਣਾ ਅਤੇ ਜ਼ਿਦ ਵੇਖ ਕੇ ਹਾਰਾਧਨ ਦਾ ਪਾਰਾ ਚੜ੍ਹ ਗਿਆ। ਧੀ ਦੇ ਮਨ ਦੀ ਕਮਜ਼ੋਰੀ ਦੇਖ ਕੇ ਉਸਨੇ ਆਪਣੇ-ਆਪ ਨੂੰ ਲਾਹਨਤ ਪਾਈ। ਬਿਨਾਂ ਕੁਝ ਸੋਚੇ-ਸਮਝੇ ਉਸ ਨੇ ਧੀ ਦੀ ਗੱਲ੍ਹ 'ਤੇ ਦੋ ਥੱਪੜ ਜੜ ਦਿੱਤੇ। ਵਨਫੂਲ ਉੱਚੀ-ਉੱਚੀ ਰੋਣ ਲੱਗੀ। ਉਸ ਦੀ ਰੋਣ ਦੀ ਆਵਾਜ਼ ਸੁਣ ਕੇ ਬੰਗਲੇ ਦੀ ਉਪਰਲੀ ਮੰਜ਼ਿਲ ਦੀ ਰੇਲਿੰਗ ਕੋਲ ਖੜ੍ਹੇ ਹੋ ਕੇ ਛੋਟੇ ਸਾਹਿਬ ਨੇ ਪੁੱਛਿਆ, "ਹੇ, ਕੀ ਹੋਇਆ?" ਹਾਰਾਧਨ ਦੀ ਜਾਨ ਵਿੱਚ ਜਾਨ ਆ ਗਈ। ਉਸ ਨੇ ਹੱਥ ਜੋੜ ਕੇ ਕਿਹਾ, "ਸਾਹਿਬ ਤੁਹਾਡੇ ਕਹਿਣ ਮੁਤਾਬਿਕ ਮੈਂ ਧੀ ਨੂੰ ਲੈ ਕੇ ਆਇਆ ਹਾਂ।" ਟਾਊਨ ਦੇ ਕਿਸੇ ਵੀ ਸਕੂਲ ਵਿੱਚ ਇਸ ਨੂੰ ਸੀਟ ਨਹੀਂ ਮਿਲੀ। ਇਹ ਸੋਚਦੀ ਹੈ ਕਿ ਜੋ ਸਕੂਲ ਤੁਸੀਂ ਚਲਾਉਣ ਵਾਲੇ ਹੋ ਉਸ ਵਿੱਚ ਵੀ ਇਸ ਨੂੰ ਸੀਟ ਨਹੀਂ ਮਿਲੇਗੀ। ਇਸ ਲਈ ਰੋ ਰਹੀ ਹੈ। ਸਾਹਿਬ ਮੈਂ ਇਸ ਨੂੰ ਕਿਹਾ ਕਿ ਤੁਸੀਂ ਕੱਲ੍ਹ ਮੈਨੂੰ ਗਾਰੰਟੀ ਦੇ ਚੁੱਕੇ ਹੋ।"

"ਕਦੋਂ ਦਿੱਤੀ ਹੈ ਮੈਂ ਗਾਰੰਟੀ? ਗੌਰਮਿੰਟ ਦੀ ਜਦੋਂ ਤੱਕ ਸੈਂਕਸ਼ਨ ਨਹੀਂ ਮਿਲਦੀ ਉਦੋਂ ਤੱਕ ਮੈਂ ਗ਼ਰੀਬਾਂ ਅਤੇ ਅਨਾਥਾਂ ਲਈ ਸਕੂਲ ਖੋਲ੍ਹਣਾ ਚਾਹੁੰਦਾ ਹਾਂ ਆਪਣੇ ਪੈਸੇ ਖ਼ਰਚ ਕੇ। ਦਿੱਕਤ ਨਾ ਹੋਈ ਤਾਂ ਅਗਲੇ ਮਹੀਨੇ ਤੋਂ ਖੋਲ੍ਹਾਂਗਾ। ਪਰ ਜੇ ਕਿਸੇ ਕਾਰਨ ਸਕੂਲ ਨਹੀਂ ਚਲਾ ਸਕਿਆ ਤਾਂ ਤੇਰੀ ਧੀ ਨੂੰ ਕਿਵੇਂ ਦਾਖ਼ਲ ਕਰਾਂਗਾ?" ਇਹ ਸੁਣ ਕੇ ਬੜੀ ਹਲੀਮੀ ਨਾਲ ਹਾਰਾਧਨ ਕਹਿਣ ਲੱਗਾ, "ਸਾਹਿਬ ਸਕੂਲ ਜ਼ਰੂਰ ਖੋਲ੍ਹੋ, ਪੁੰਨ ਹੋਵੇਗਾ ਤੁਹਾਡਾ। ਨਹੀਂ ਤਾਂ ਸਾਡੇ ਵਰਗੇ ਲੋਕਾਂ ਦੇ ਬੱਚੇ ਜ਼ਿੰਦਗੀ ਭਰ ਅੱਖਰ ਗਿਆਨ ਤੋਂ ਕੋਰੇ ਰਹਿ ਜਾਣਗੇ।"

"ਕੀ ਨਾਮ ਹੈ ਇਸਦਾ ?"

ਛੋਟੇ ਸਾਹਿਬ ਦਾ ਸਵਾਲ ਸੁਣ ਕੇ ਹਾਰਾਧਨ ਨੇ ਵਨਫੂਲ ਨੂੰ ਝੰਜੋੜਦਿਆਂ ਕਿਹਾ, "ਦੱਸ ਦੇ ਨਾ ਆਪਣਾ ਨਾਂ। ਨਮਸਕਾਰ ਕਰ।" ਬਨਫੂਲ ਨੇ ਆਪਣਾ ਨਾਂ ਦੱਸਣ ਲਈ ਉੱਪਰ ਵੱਲ ਦੇਖਿਆ। ਉਸ ਤੋਂ ਕਾਫ਼ੀ ਉੱਚਾਈ 'ਤੇ ਇਕ ਭਰੇ ਹੋਏ ਚਿਹਰੇ ਵਾਲਾ ਆਦਮੀ ਖੜ੍ਹਾ ਸੀ। ਤਾਂ ਏਹੀ ਹੈ ਬਚਪਨ ਤੋਂ ਮਾਂ-ਬਾਪ ਪਾਸੋਂ ਸੁਣੇ ਕਿੱਸਿਆਂ ਦਾ ਛੋਟਾ ਸਾਹਿਬ। ਉਸਨੇ ਅਸਪੱਸ਼ਟ ਜਿਹੀ ਆਵਾਜ਼ ਵਿੱਚ ਆਪਣਾ ਨਾਂ ਦੱਸਿਆ, ਪਰ ਛੋਟੇ ਸਾਹਿਬ ਨੂੰ ਸੁਣਿਆ ਨਹੀਂ। ਹਾਰਾਧਨ ਨੇ ਧੀ ਦਾ ਨਾਂ ਦੱਸਿਆ। ਵਨਫੂਲ ਨੇ ਦੋਨੋਂ ਹੱਥ ਜੋੜ ਕੇ ਸਿਰਫ਼ ਨਮਸਕਾਰ ਕੀਤੀ। ਜਿਵੇਂ ਪ੍ਰਾਰਥਨਾ ਕਰ ਰਹੀ ਹੋਵੇ। ਹੰਝੂਆਂ ਨਾਲ ਭਿੱਜੀਆਂ ਉਸ ਦੀਆਂ ਅੱਖਾਂ ਵਿੱਚ ਮਿੰਨਤ ਤੇ ਕਰੁਣਾ ਦਾ ਭਾਵ ਸੀ। ਜਿਵੇਂ ਕਿ ਉਹ ਮਨ ਦੀ ਚਾਹਤ ਤੇ ਬੇਨਤੀ ਨੂੰ ਦੋਨਾਂ ਹੱਥਾਂ ਨਾਲ ਉਸ ਵਿਅਕਤੀ ਤੱਕ ਪਹੁੰਚਾ ਰਹੀ ਹੋਵੇ। ਰੱਬ ਅੱਗੇ ਅਰਦਾਸ ਕਰਨ ਸਮੇਂ ਜਿਵੇਂ ਆਪਣੇ-ਆਪ ਅੱਖੀਆਂ ਬੰਦ ਹੋ ਜਾਂਦੀਆਂ ਹਨ, ਉਸੇ ਤਰ੍ਹਾਂ ਵਨਫੂਲ ਦੀਆਂ ਅੱਖਾਂ ਵੀ ਮੀਟੀਆਂ ਗਈਆਂ।

ਛੋਟੇ ਸਾਹਿਬ ਦੇ ਚਿਹਰੇ ਦੀ ਪ੍ਰਤੀਕਿਰਿਆ ਤੋਂ ਕੁਝ ਵੀ ਸਪੱਸ਼ਟ ਨਹੀਂ ਹੋਇਆ। ਫੇਰ ਵੀ ਹਾਰਾਧਨ ਤੇ ਵਨਫੂਲ ਨੂੰ ਸਪੱਸ਼ਟ ਹੋ ਗਿਆ ਕਿ ਜੇ ਸਾਹਿਬ ਸਕੂਲ ਖੋਲ੍ਹਣਗੇ ਤਾਂ ਵਨਫੂਲ ਨੂੰ ਉਸ ਵਿੱਚ ਦਾਖਲਾ ਜ਼ਰੂਰ ਮਿਲ ਜਾਵੇਗਾ।

ਵਨਫੂਲ ਜਿਵੇਂ ਇਕ ਔਖੇ ਇਮਤਿਹਾਨ ਵਿੱਚੋਂ ਪਾਸ ਹੋ ਚੁੱਕੀ ਸੀ। ਖ਼ੁਸ਼ੀ ਦੇ ਮਾਰੇ ਉਸ ਦੇ ਦਿਲ ਦੀ ਧੜਕਨ ਤੇਜ਼ ਹੋ ਗਈ। ਉਹ ਨੱਚਦੀ-ਟੱਪਦੀ ਹਾਰਾਧਨ ਨਾਲ ਘਰ ਵੱਲ ਨੂੰ ਤੁਰ ਪਈ। ਸੁਬਹ ਤੋਂ



ਹੀ ਇੱਥੇ ਆਉਣ ਲਈ ਉਸਨੇ ਕਿੰਨੀ ਤਿਆਰੀ ਕੀਤੀ ਸੀ। ਮਾਂ ਕੱਲ੍ਹ ਹੀ ਬਸਤੀ ਤੋਂ ਕੁਝ ਦੂਰੀ 'ਤੇ ਮਿਉਂਸਪੈਲਟੀ ਦੇ ਨਲਕੇ ਤੋਂ ਪਾਣੀ ਦੀ ਬਾਲਟੀ ਭਰ ਲਿਆਈ ਸੀ ਤਾਂ ਕਿ ਵਨਫੂਲ ਨੂੰ ਸਵੇਰੇ ਨੁਹਾਇਆ ਜਾ ਸਕੇ। ਸਵੇਰੇ-ਸਵੇਰੇ ਨਲਕੇ ਕੋਲ ਕਾਫ਼ੀ ਭੀੜ ਹੁੰਦੀ ਹੈ। ਮਾਂ ਨੇ ਸਵੇਰੇ-ਸਵੇਰੇ ਉਸ ਨੂੰ ਸਾਬਣ ਨਾਲ ਮਲ੍ਹ-ਮਲ੍ਹ ਕੇ ਨਹਾਇਆ। ਉਸ ਨੂੰ ਨਹਾਉਂਦਿਆ ਹੋਇਆਂ ਮਾਂ ਕੋਈ ਗੀਤ ਗੁਣ-ਗੁਣਾ ਰਹੀ ਸੀ। ਅੱਜ ਮਾਂ ਝਾੜੂ ਦੇਣ ਵੀ ਨਹੀਂ ਸੀ ਗਈ। ਮਾਂ ਨੇ ਉਸ ਦੇ ਵਾਲਾਂ ਨੂੰ ਤੇਲ ਲਾ ਕੇ ਉਸ ਦੀਆਂ ਦੋ ਗੁਤਨੀਆਂ ਕਰ ਦਿੱਤੀਆਂ। ਸੰਤਰੀ ਰੰਗ ਦੇ ਦੋ ਰਿਬਨਾਂ ਨਾਲ ਵਾਲਾਂ ਵਿੱਚ ਦੋ ਤਿੱਤਲੀਆਂ ਇਉਂ ਬਣਾ ਦਿੱਤੀਆਂ ਕਿ ਲੱਗਦਾ ਸੀ, ਜਿਵੇਂ ਤਿਤਲੀਆਂ ਆਰਾਮ ਕਰ ਰਹੀਆਂ ਹੋਣ। ਬਕਸੇ ਵਿੱਚੋਂ ਲਾਲ ਪੀਲੇ ਫੁੱਲਾਂ ਵਾਲੀ ਫਰਾਕ ਕੱਢ ਕੇ ਉਸ ਨੂੰ ਪੁਆ ਦਿੱਤੀ। ਫੇਰ ਉਸਦੇ ਹੱਥਾਂ-ਪੈਰਾਂ ਨੂੰ ਸਰ੍ਹੋਂ ਦਾ ਤੇਲ ਲਾ ਕੇ ਐਨ ਚਮਕਾ ਦਿੱਤਾ। ਇਸ ਦੇ ਨਾਲ ਹੀ ਤੀਲ੍ਹੀ ਵਿੱਚ ਰੂੰ ਲਾ ਕੇ 'ਆਲਤਾ' ਦੀ ਸ਼ੀਸ਼ੀ ਵਿੱਚੋਂ ਭਿਉਂ ਕੇ ਉਸ ਦੇ ਪੈਰਾਂ ਦੀਆਂ ਤਲੀਆਂ ਨੂੰ ਰੰਗ ਕਰ ਦਿੱਤਾ। ਕਿਸੇ ਤੀਜ-ਤਿਉਹਾਰ 'ਤੇ ਹੀ ਮਾਂ ਉਸ ਦੀਆਂ ਤਲੀਆਂ ਨੂੰ ਇਸ ਤਰ੍ਹਾਂ ਰੰਗਦੀ ਸੀ। ਪਰ ਅੱਜ ਉਹ ਉਸ ਨੂੰ ਪਹਿਲੀ ਵਾਰ ਛੋਟੇ ਸਾਹਿਬ ਦੇ ਬੰਗਲੇ 'ਤੇ ਭੇਜ ਰਹੀ ਸੀ। ਫੇਰ ਸਕੂਲ ਦੀ ਸੀਟ ਦਾ ਸਵਾਲ ਸੀ। ਇਸ ਤਰ੍ਹਾਂ ਉਹ ਉਸ ਨੂੰ ਸਜਾਉਣ ਵਿੱਚ ਕਿਸੇ ਤਰ੍ਹਾਂ ਦੀ ਕਸਰ ਨਹੀਂ ਸੀ ਛੱਡਣਾ ਚਾਹੁੰਦੀ। ਵਨਫੂਲ ਨੇ ਮਾਂ ਬਾਰੇ ਸੋਚਦਿਆਂ ਹੋਇਆਂ ਹਾਰਾਧਨ ਦੇ ਚਿਹਰੇ ਵੱਲ ਦੇਖਿਆ। ਉਸਦਾ ਮਨ ਉਦਾਸ ਹੋ ਗਿਆ। ਪਿਓ ਦੇ ਚਿਹਰੇ ਉੱਪਰ ਖ਼ੁਸ਼ੀ ਦਾ ਕੋਈ ਨਾਂ-ਨਿਸ਼ਾਨ ਹੀ ਨਹੀਂ ਸੀ। ਸਾਹਮਣੇ ਰਸਤੇ ਵੱਲ ਦੇਖਦਾ ਹੋਇਆ ਉਹ ਸਿੱਧਾ ਤੁਰਿਆ ਜਾ ਰਿਹਾ ਸੀ। ਵਨਫੂਲ ਚੁੱਪਚਾਪ ਹਾਰਾਧਨ ਦੇ ਕਦਮ ਨਾਲ ਕਦਮ ਮਿਲਾਉਂਦੀ ਤੁਰਦੀ ਰਹੀ। ਉਸ ਨੇ ਦੂਰ ਤੋਂ ਹੀ ਦੇਖਿਆ ਬਸਤੀ ਦੇ ਸਾਹਮਣੇ ਸ਼ਿਵ ਮੰਦਿਰ ਦੇ ਕੋਲ ਬੈਠੀ ਹੋਈ ਉਸਦੀ ਮਾਂ ਉਹਨਾਂ ਦੀ ਵਾਟ ਦੇਖ ਰਹੀ ਸੀ। ਮਾਂ ਨੇ ਪੀਲੀ ਸਾੜ੍ਹੀ ਪਹਿਨੀ ਹੋਈ ਸੀ। ਉਸਦਾ ਧੁੰਦਲਾ ਪਰਛਾਵਾਂ ਰਸਤੇ ਉੱਪਰ ਅੱਗੇ ਵੱਲ ਨੂੰ ਪੈ ਰਿਹਾ ਸੀ। ਮਾਂ ਨੇੜੇ ਆਉਂਦੀ ਗਈ। ਵਨਫੂਲ ਨੇ ਦੇਖਿਆ ਕਿ ਮਾਂ ਬੇਚੈਨੀ ਨਾਲ ਉਸਦੇ ਪਿਉ ਦੇ ਚਿਹਰੇ ਵੱਲ ਦੇਖ ਰਹੀ ਸੀ ਤੇ ਉਹਨਾਂ ਵੱਲ ਆ ਰਹੀ ਸੀ। ਉਹ ਮਾਂ-ਪਿਉ ਦੇ ਚਿਹਰੇ ਵੱਲ ਦੇਖ ਕੇ ਕੁਝ ਵੀ ਸਮਝ ਨਹੀਂ ਸੀ ਸਕੀ। ਵਨਫੂਲ ਵੀ ਤਾਂ ਨਹੀਂ ਸੀ ਸਮਝ ਸਕੀ। ਹੁਣ ਮਾਂ ਚੁੱਪ-ਚਾਪ ਵਨਫੂਲ ਅਤੇ ਹਾਰਾਧਨ ਦੇ ਪਿੱਛੇ-ਪਿੱਛੇ ਘਰ ਵੱਲ ਨੂੰ ਤੁਰ ਪਈ। ਮਾਂ ਨੇ ਵਨਫੂਲ ਦੇ ਮੋਢੇ ਉੱਤੇ ਹੱਥ ਧਰਿਆ "ਕੀ ਬਣਿਆ ?" ਬੇਚੈਨੀ ਵਿੱਚ ਮਾਂ ਨੇ ਪੁੱਛਿਆ। "ਦਾਖ਼ਲਾ ਹੋਵੇਗਾ ਜੇ ਸਕੂਲ ਖੁੱਲ੍ਹਿਆ ਤਾਂ।"

"ਮਤਲਬ ਕੀ" ? ਸਕੂਲ ਵਿੱਚ ਪੜ੍ਹੇ ਤੋਂ ਬਗ਼ੈਰ ਕੀ ਤੁਹਾਡਾ ਸਰਦਾ ਨਹੀਂ ? ਦਿਖਾਉ ਤਾਂ ਪੂਰੀ ਬਸਤੀ ਵਿੱਚ ਕਿਹੜਾ ਬੱਚਾ ਪੜ੍ਹ ਰਿਹਾ ਹੈ ? ਲੜਕੀ ਨੇ ਜ਼ਿੱਦ ਕਰ ਲਈ ਤਾਂ ਕੀ ਤੈਨੂੰ ਵੀ ਉਸਦੀ ਗੱਲ ਮੰਨ ਲੈਣੀ ਚਾਹੀਦੀ ਸੀ ?" ਹਾਰਾਧਨ ਦੀ ਤਿੱਖੀ ਚੋਭ ਮਹਿਸੂਸ ਕਰਕੇ ਵਨਫੂਲ ਨੇ ਮਾਂ ਵੱਲ ਦੇਖਿਆ। ਉਹ ਆਪਣੇ-ਆਪ ਨੂੰ ਬੇਸਹਾਰਾ ਮਹਿਸੂਸ ਕਰ ਰਹੀ ਸੀ।

"ਲੋਕ ਸਾਲੇ ਮੇਰੇ ਦੇ ......... ਉਹਨਾਂ ਦਾ ਗੂੰਹ-ਮੂਤ ਅਸੀਂ ਸਾਫ਼ ਕਰੀਏ। ਇਕ ਦਿਨ ਅਸੀਂ ਨਾ ਜਾਈਏ ਤਾਂ ਉਹਨਾਂ ਨੂੰ ਸਾਹ ਵੀ ਨਾ ਆਵੇ ਤੇ ਜੇਕਰ ਸਾਡੇ ਬੱਚੇ ਉਹਨਾਂ ਦੇ ਸਕੂਲ ਵਿੱਚ ਪੜ੍ਹਨਗੇ ਤਾਂ ਉਹਨਾਂ ਦਾ ਸਕੂਲ ਪਖਾਨਾ ਬਣ ਜਾਏਗਾ, ਥੂਹ" ਹਾਰਾਧਨ ਨੇ ਨਫ਼ਰਤ ਨਾਲ ਥੁੱਕਿਆ।

ਉਹ ਬਸਤੀ ਦੇ ਨੇੜੇ ਪਹੁੰਚ ਗਏ। ਖੇਮਕਰਨ ਦੀ ਦੁਕਾਨ ਦੇ ਬਾਹਰ ਇੱਕ ਕੋਣੇ ਵਿੱਚ ਲੱਕੜੀ ਦੇ ਤਖ਼ਤੇ ਉੱਪਰ ਥਾਨੂੰ ਪਾਗ਼ਲ ਬੈਠਾ ਹੋਇਆ ਸੀ। ਖੇਮਕਾ, ਬਸਤੀ ਦੇ ਤਮਾਮ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਦਾ ਸੀ। ਥਾਨੂੰ ਪਾਗ਼ਲ ਨੇ ਅਚਾਨਕ ਵਨਫੂਲ ਨੂੰ ਕਿਹਾ, "ਤੂੰ ਸਕੂਲ ਕਦ ਤੋਂ ਜਾਏਂਗੀ ?" ਥਾਨੂੰ ਦਾ ਸਵਾਲ ਸੁਣ ਕੇ ਹਾਰਾਧਨ ਦਾ ਦਿਮਾਗ਼ ਗਰਮ ਹੋ ਗਿਆ। ਉਸ ਨੇ ਇੱਕੋ ਹੀ ਝਟਕੇ ਨਾਲ ਥਾਨੂੰ ਦੀ ਫਟੀ ਕਮੀਜ਼ ਦਾ ਕਾਲਰ ਜਾ ਫੜਿਆ। "ਸੂਰ ਦੇ ਬੱਚੇ ਤੂੰ ਆਪ ਤਾਂ ਪੜ੍ਹ ਕੇ ਪਾਗ਼ਲ ਹੋ ਹੀ ਗਿਆਂ। ਸ਼ਰਮ ਨਹੀਂ ਆਉਂਦੀ ਵੱਡੇ ਆਦਮੀ ਦਾ ਪੁੱਤ ਹੋ ਕੇ ਵੀ ਭੰਗੀਆਂ ਦੀ ਬਸਤੀ ਵਿੱਚ ਜੂਠ ਚੱਟਦਾ ਫਿਰਦਾ ਹੈਂ ? ਕੀ ਹੁਣ ਤੂੰ ਮੇਰਾ ਘਰ ਵੀ ਬਰਬਾਦ ਕਰ ਕੇ ਛੱਡੇਂਗਾ ?" ਹਾਰਾਧਨ ਥਾਨੂੰ ਦੇ ਹੋਰ ਜੜਨ ਹੀ ਵਾਲਾ ਸੀ ਕਿ ਵਨਫੂਲ ਤੇ ਉਸ ਦੀ ਮਾਂ ਨੇ ਉਸ ਨੂੰ ਫੜ ਕੇ ਖਿੱਚ ਲਿਆ। ਗੁੱਸੇ ਵਿੱਚ ਆ ਕੇ ਹਾਰਾਧਨ ਨੇ ਸਾਰਿਆਂ ਦੇ ਸਾਹਮਣੇ ਆਪਣੀ ਘਰਵਾਲੀ ਨੂੰ ਤੜਾਕ-ਤੜਾਕ ਥੱਪੜ ਜੜ ਦਿੱਤੇ ਤੇ ਆਪ ਉਂਕਦਾ ਹੋਇਆ ਝੌਂਪੜੀ ਵੱਲ ਤੁਰ ਪਿਆ। ਹਾਰਾਧਨ ਦੀ ਘਰਵਾਲੀ ਸਿਸਕੀਆਂ ਭਰਨ ਲੱਗੀ।

ਥਾਨੂੰ ਸਿਰ ਥੱਲੇ ਸੁੱਟੀ ਲੱਕੜੀ ਦੇ ਤਖ਼ਤ 'ਤੇ ਬੈਠਾ ਰਿਹਾ। ਵਨਫੂਲ ਦੇ ਸਾਂਵਲੇ ਮੂੰਹ 'ਤੇ ਡਰੀਆਂ ਹੋਈਆਂ ਅੱਖਾਂ ਛਲਕ ਪਈਆਂ। ਉਹ ਹੌਲੀ-ਹੌਲੀ ਥਾਨੂੰ ਦੇ ਨੇੜੇ ਗਈ। ਇਸੇ ਥਾਨੂੰ ਪਾਗ਼ਲ ਨੇ ਉਸਦੇ ਦਿਮਾਗ਼ ਵਿੱਚ ਇਹ ਗੱਲ ਪਾਈ ਸੀ ਕਿ ਉਸ ਨੂੰ ਪੜ੍ਹਨਾ ਚਾਹੀਦਾ ਹੈ। ਥਾਨੂੰ ਦਾ ਗੰਦਾ ਚਿਹਰਾ ਤੇ ਮੈਲੇ ਪੁਰਾਣੇ ਕੱਪੜਿਆਂ ਨੂੰ ਦੇਖ ਕੇ ਕੋਈ ਨਹੀਂ ਕਹਿ ਸਕਦਾ ਸੀ ਕਿ ਉਹ ਭਲੇ ਘਰ ਦਾ ਪੁੱਤਰ ਸੀ।

ਵਨਫੂਲ ਨੇ ਜਦੋਂ ਦੀ ਹੋਸ਼ ਸੰਭਾਲੀ ਹੈ ਉਦੋਂ ਤੋਂ ਹੀ ਉਹ ਦੇਖਦੀ ਰਹੀ ਹੈ ਕਿ ਹਮੇਸ਼ਾਂ ਕੁਝ ਨਾ ਕੁਝ ਬੁੜਬੁੜਾਉਣ ਵਾਲਾ ਥਾਨੂੰ ਪਾਗ਼ਲ, ਸਵੇਰੇ-ਸਵੇਰੇ ਹੀ ਖੇਮਕਾ ਦੀ ਦੁਕਾਨ ਦੇ ਸਾਹਮਣੇ ਆ ਬੈਠਦਾ ਹੈ। ਕਦੇ-ਕਦਾਈਂ ਉਹ ਚੰਗੀ ਗੱਲ ਵੀ ਕਰ ਦਿੰਦਾ ਹੈ। ਬਸਤੀ ਦੇ ਲੋਕਾਂ ਦਾ ਕਹਿਣਾ ਹੈ ਕਿ ਕਦੇ ਥਾਨੂੰ ਕਾਲਜ ਦਾ ਸਿਆਣਾ ਤੇ ਹੋਣਹਾਰ ਵਿਦਿਆਰਥੀ ਹੁੰਦਾ ਸੀ। ਬਾਅਦ ਵਿੱਚ ਦਿਮਾਗ਼ ਖ਼ਰਾਬ ਹੋ ਗਿਆ ਤੇ ਘਰ ਛੱਡ ਦਿੱਤਾ। ਥਾਨੂੰ ਪਾਗ਼ਲ ਦਿਨ-ਭਰ ਖੇਮਕਾ ਦੀ ਦੁਕਾਨ ਦੇ ਸਾਹਮਣੇ ਬੈਠਾ ਰਹਿੰਦਾ ਹੈ। ਕੋਈ ਕੁਝ ਦਿੰਦਾ ਹੈ, ਤਾਂ ਖਾ ਲੈਂਦਾ ਹੈ। ਸ਼ਾਮ ਹੋਣ 'ਤੇ ਚਲਾ ਜਾਂਦਾ ਹੈ। ਥਾਨੂੰ ਵਨਫੂਲ ਵੱਲ ਦੇਖੇ ਬਗ਼ੈਰ ਸਿਰ ਸੁੱਟ ਕੇ ਬੈਠਾ ਰਿਹਾ। ਵਨਫੂਲ ਦੇ ਧੁਰ ਅੰਦਰੋਂ ਉੱਠ ਰਿਹਾ ਰੋਣ ਦਿਲ ਰਾਹੀਂ ਗਲੇ ਤੱਕ ਪਹੁੰਚ ਰਿਹਾ ਸੀ। ਸਲੇਟ ਪੈਂਸਿਲ ਲੈ ਕੇ ਦੂਸਰੇ ਰਸਤਿਉਂ ਜਾ ਰਹੇ ਬੱਚਿਆਂ ਨੂੰ ਦੇਖ ਕੇ ਦੁਕਾਨ ਦੇ ਸਾਹਮਣੇ ਬੈਠੇ ਥਾਨੂੰ ਨੂੰ ਵਨਫੂਲ ਨੇ ਕਿਹਾ ਸੀ ਕਿ ਉਸ ਦਾ ਪੜ੍ਹਨ ਨੂੰ ਬਹੁਤ ਦਿਲ ਕਰਦਾ ਹੈ। ਥਾਨੂੰ ਉਸ ਨੂੰ ਇੱਕ ਬਸਤੀ ਦੇ ਨੇੜੇ ਪ੍ਰਾਇਮਰੀ ਸਕੂਲ ਵਿੱਚ ਲੈ ਗਿਆ ਸੀ ਅਤੇ ਸਿੱਧੇ ਹੈੱਡਮਾਸਟਰ ਨਾਲ ਮਿਲ ਕੇ ਵਨਫੂਲ ਨੂੰ ਦਾਖ਼ਲਾ ਦੇਣ ਦਾ ਅਨੁਰੋਧ ਕਰਨ ਲੱਗਾ। ਉਸ ਦਿਨ ਸਾਰੇ ਅਧਿਆਪਕਾਂ ਨੇ ਉਹਨਾਂ ਦਾ ਜੋ ਤਿਰਸਕਾਰ ਕੀਤਾ, ਵਨਫੂਲ ਉਸ ਦਾ ਅਰਥ ਸਮਝ ਗਈ ਸੀ। ਇੱਕ ਅੱਧ-ਪਾਗਲ ਬੰਦੇ ਅਤੇ ਇੱਕ ਭੰਗੀ ਦੀ ਧੀ ਦੀ ਔਕਾਤ ਥਾਨੂੰ ਸਮਝ ਨਹੀਂ ਸੀ ਸਕਿਆ। ਵਨਫੂਲ ਥਾਨੂੰ ਦੀ ਕਮੀਜ਼ ਫੜ ਕੇ ਉਸ ਨੂੰ ਖਿੱਚਦੀ ਹੋਈ ਖੇਮਕਾ ਦੀ ਦੁਕਾਨ 'ਤੇ ਲੈ ਆਈ ਸੀ। ਜਦੋਂ ਹਾਰਾਧਨ ਨੂੰ ਇਸ ਗੱਲ ਦਾ ਪਤਾ ਚੱਲਿਆ ਤਾਂ ਉਸ ਨੇ ਵਨਫੂਲ ਦੀ ਖ਼ੂਬ ਪਿਟਾਈ ਕੀਤੀ ਸੀ। ਵਨਫੂਲ ਦੀ ਮਾਂ ਹਾਰਾਧਨ ਨੂੰ ਦੱਸੇ ਬਗੈਰ ਵਨਫੂਲ ਨੂੰ ਦੋ ਸਕੂਲਾਂ ਵਿੱਚ ਲੈ ਗਈ ਸੀ। ਵਨਫੂਲ ਦੀ ਮਾਂ ਦੀ ਅਜਿਹੀ ਅਜੀਬੋ-ਗਰੀਬ ਹਰਕਤ ਤੋਂ ਸਕੂਲਾਂ ਦੇ ਬੱਚਿਆਂ ਦੇ ਮਾਂ-ਬਾਪ ਗੁੱਸੇ ਵਿੱਚ ਆ ਗਏ ਸਨ। ਵਾਪਸ ਮੁੜ ਕੇ ਵਨਫੂਲ ਦੀ ਮਾਂ ਨੇ ਦੱਸਿਆ ਸੀ ਕਿ ਭੰਗੀ ਦੀ ਧੀ ਦੇ ਨਾਲ ਸ਼ਹਿਰ ਦੇ ਉੱਚ ਕੁੱਲ ਦੇ ਪਰਿਵਾਰਾਂ ਨੇ ਕਿਹਾ ਸੀ ਕਿ ਬ੍ਰਾਹਮਣ-ਗੁਸਾਈਂ ਲੋਕਾਂ ਦੇ ਬੱਚਿਆਂ ਨਾਲ ਦਲਿਤਾਂ ਦੇ ਬੱਚੇ ਨਹੀਂ ਪੜ੍ਹਨਗੇ। ਇਸ ਮੁੱਦੇ 'ਤੇ ਮਾਪਿਆਂ ਦੀ ਇੱਕ ਬੈਠਕ ਵੀ ਕੀਤੀ ਗਈ ਸੀ। ਜਿਸ ਦੀ ਖ਼ਬਰ ਵਨਫੂਲ ਦੇ ਘਰ ਵਾਲਿਆਂ ਨੂੰ ਮਿਲੀ ਸੀ। ਪਰੰਤੂ ਅੱਜ ਦੀ ਗੱਲ ਹੋਰ ਸੀ। ਉਸ ਨੇ ਮਹਿਸੂਸ ਕੀਤਾ ਹੈ ਕਿ ਪੜ੍ਹਾਈ ਦਾ ਪ੍ਰਸੰਗ ਹਾਰਾਧਨ ਨੂੰ ਉਤਸ਼ਾਹਿਤ ਵੀ ਕਰਦਾ ਹੈ। ਉਹ ਕਦੇ-ਕਦੇ ਡਾਂਟਦਾ ਵੀ ਰਿਹਾ ਹੈ। ਉਹ ਮਾਂ ਦੇ ਕਹਿਣ 'ਤੇ ਛੋਟੇ ਸਾਹਿਬ ਦੇ ਖੁੱਲ੍ਹਣ ਵਾਲੇ ਸਕੂਲ ਵਿੱਚ ਸੀਟ ਦੀ ਮੰਗ ਕਰਨ ਲਈ ਵਨਫੂਲ ਨੂੰ ਆਪਣੇ ਨਾਲ ਲੈ ਗਿਆ। ਪਰ ਦੂਜੇ ਪਾਸੇ ਥਾਨੂੰ ਨੇ ਸਕੂਲ ਵਿੱਚ ਦਾਖ਼ਲ ਹੋਣ ਬਾਰੇ ਪੁੱਛਿਆ ਤਾਂ ਹਾਰਾਧਨ ਉਸ ਨੂੰ ਮਾਰਨ ਤੇ ਉਤਾਰੂ ਹੋ ਗਿਆ। ਵਿਚਾਰੀ ਮਾਂ ਨੂੰ ਵੀ ਦੋ ਥੱਪੜ ਖਾਣੇ ਪਏ। ਪੂਰੇ ਮਾਮਲੇ ਦੀਆਂ ਵਿਰੋਧਤਾਈਆਂ ਦਾ ਅਰਥ ਵਨਫੂਲ ਦੇ ਕੋਮਲ ਦਿਲ ਦਿਮਾਗ਼ ਵਿੱਚ ਸਪੱਸ਼ਟ ਨਹੀਂ ਸੀ ਹੋ ਰਿਹਾ। ਹੌਲੀ-ਹੌਲੀ ਉਹ ਝੌਂਪੜੀ ਵੱਲ ਨੂੰ ਚੱਲ ਪਈ। ਚਿੱਕੜ ਨਾਲ ਲੱਥਪੱਥ ਸੂਰ ਦੇ ਦੋ ਛੋਟੇ ਬੱਚੇ ਉਸ ਨਾਲ ਖਹਿੰਦੇ ਹੋਏ ਅੱਗੇ ਨਿਕਲ ਗਏ। ਕੋਈ ਹੋਰ ਦਿਨ ਹੁੰਦਾ ਤਾਂ ਉਹ ਉਹਨਾਂ ਦੇ ਪਿੱਛੇ-ਪਿੱਛੇ ਦੌੜਦੀ ਤੇ ਖੇਡਦੀ। ਸਵੇਰੇ-ਸ਼ਾਮ ਚਿੱਕੜ ਨਾਲ ਲਿੱਬੜੇ ਸੂਰਾਂ ਦੇ ਬੱਚਿਆਂ ਅਤੇ ਕੁੱਕੜੀਆਂ ਨਾਲ ਖੇਡੇ ਬਗ਼ੈਰ ਉਸ ਨੂੰ ਚੈਨ ਨਹੀਂ ਸੀ ਆਉਂਦੀ। ਪਰ ਅੱਜ ਉਸ ਦਾ ਖੇਡਣ ਨੂੰ ਮਨ ਨਹੀਂ ਸੀ ਕਰ ਰਿਹਾ।

ਬਰਾਂਡੇ ਵਿੱਚ ਕਦਮ ਰੱਖਦਿਆਂ ਹੀ ਉਸ ਨੇ ਮਾਂ ਅਤੇ ਬਾਪੂ ਦੇ ਲੜਨ ਦੀ ਆਵਾਜ਼ ਸੁਣੀ। ਮਾਂ ਉੱਚੀ-ਉੱਚੀ ਪਿਉ ਦੇ ਵੱਡੇ-ਵਡੇਰਿਆਂ ਨੂੰ ਗਾਲੀਆਂ ਦੇ ਰਹੀ ਸੀ। ਜਦੋਂ ਨਰਾਜ਼ ਹੋਵੇ ਤਾਂ ਮਾਂ ਇਉਂ ਹੀ ਗਾਲੀਆਂ ਦਿੰਦੀ ਹੈ। ਮਾਂ ਦੀ ਮਾਂ, ਯਾਨੀ ਵਨਫੂਲ ਦੀ ਨਾਨੀ ਇਕ ਭਲੇ ਘਰ ਦੀ ਨੌਕਰਾਣੀ ਸੀ। ਪੂਰੀ ਤਰ੍ਹਾਂ ਅਸਾਮ ਦੇ ਪਿੰਡ ਦੀ ਕੁੜੀ। ਇੱਕ ਦਿਨ ਨਾਨੇ ਨਾਲ ਨਿਕਲ ਕੇ ਆ ਗਈ ਅਤੇ ਘਰ ਗ੍ਰਹਿਸਥੀ ਵਸਾ ਕੇ ਬੈਠ ਗਈ। ਜਿਸ ਪਰਿਵਾਰ ਵਿੱਚ ਨਾਨੀ ਨੌਕਰਾਣੀ ਦਾ ਕੰਮ ਕਰਦੀ ਸੀ, ਨਾਨਾ ਉਸ ਪਰਿਵਾਰ ਦੇ ਪਾਖ਼ਾਨੇ-ਨਾਲੇ ਬਗ਼ੈਰਾ ਸਾਫ਼ ਕਰਦੇ ਸਨ। ਇਸ ਲਈ ਨਾਨੀ ਭਾਵੇਂ ਹਰੀਜਨ ਦੀ ਬਹੂ ਬਣ ਗਈ ਪਰੰਤੂ ਘਰ ਵਿੱਚ ਉਸ ਦੀ ਇੱਕ ਖ਼ਾਸ ਜਗ੍ਹਾ ਮੰਨ ਲਈ ਗਈ ਸੀ। ਉਸੇ ਨਾਨੀ ਦੀ ਧੀ



ਸੀ ਵਨਫੂਲ ਦੀ ਮਾਂ। ਅਸਾਮੀ ਵਿਆਹ ਗੀਤ ਲੋਕ ਕਥਾਵਾਂ ਆਦਿ ਮਾਂ ਕੋਲੋਂ ਸਿੱਖ ਕੇ ਹੀ ਵਨਫੂਲ ਦੀ ਮਾਂ ਨੇ ਆਪਣੀ ਧੀ ਨੂੰ ਵੀ ਸਿਖਾਈਆਂ ਸਨ। ਪਿਉ ਦਾਰੂ ਪੀ ਕੇ ਘਰ ਵਾਪਿਸ ਆ ਕੇ ਰੌਲਾ ਪਾਉਂਦਾ, ਗਾਲੀਆਂ ਦਿੰਦਾ ਤਾਂ ਮਾਂ ਬਾਪੂ ਦੀਆਂ ਸੱਤ ਪੀੜ੍ਹੀਆਂ ਨੂੰ ਪੁਣ ਛੱਡਦੀ ਅਤੇ ਆਪਣੀ ਖ਼ਾਸ ਜਾਤੀ ਦੇ ਗੁਣਾਂ ਦੀ ਵਿਆਖਿਆ ਕਰਦੀ। ਅੱਜ ਵੀ ਉਹ ਇਹੀ ਕੁਝ ਕਰ ਰਹੀ ਸੀ। ਹਮੇਸ਼ਾ ਵਾਂਗ ਹੀ ਵਨਫੂਲ ਦੇ ਕੰਨ ਖੜ੍ਹੇ ਹੋ ਗਏ। ਪਰੰਤੂ ਹੈਰਾਨੀ ਦੀ ਗੱਲ ਸੀ। ਅੱਜ ਬਾਪੂ ਦੀ ਆਵਾਜ਼ ਵਿੱਚ ਦੂਸਰੇ ਦਿਨਾਂ ਵਰਗਾ ਗੜ੍ਹਕਾ ਨਹੀਂ ਸੀ। ਵਨਫੂਲ ਨੇ ਬਾਪੂ ਦੀ ਕਮਜ਼ੋਰ ਆਵਾਜ਼ ਸੁਣੀ, "ਸਕੂਲ ਵਿੱਚ ਮੰਨ ਲਉ ਫੀਸ ਨਹੀਂ ਦੇਵੇਗੀ, ਪਰ ਕਿਤਾਬ ਸਲੇਟ, ਪੈਂਸਿਲ ਦਾ ਖ਼ਰਚਾ ਦੇ ਸਕੇਂਗੀ ? ਝਾੜੂ ਲਾ ਕੇ ਕਿੰਨੇ ਪੈਸੇ ਮਿਲਦੇ ਹਨ ? ਦੇਖਦਿਆਂ-ਦੇਖਦਿਆਂ ਇਸ ਇਲਾਕੇ ਵਿੱਚ ਹੁਣ ਕੱਚੇ ਪਖ਼ਾਨੇ ਗਿਣੇ-ਚੁਣੇ ਹੀ ਰਹਿ ਗਏ ਹਨ। ਹੋਰ ਦੋ ਘਰਾਂ ਵਿੱਚ ਪੱਕੀਆਂ ਲੈਟਰੀਨਾਂ ਬਣ ਗਈਆਂ ਹਨ। ਹੁਣ ਇਹਨਾਂ ਦੋਨਾਂ ਘਰਾਂ ਵਿੱਚ ਵੀ ਟੱਟੀ ਦਾ ਟੀਨ ਉਠਾਉਣ ਦਾ ਕੰਮ ਬੰਦ ਹੋ ਜਾਵੇਗਾ। ਜਾਣਦੀ ਹੈਂ ਮਿਉਂਸਿਪੈਲਟੀ ਦੇ ਸਰਦਾਰ ਨੇ ਕੱਲ੍ਹ ਮੈਨੂੰ ਕੀ ਕਿਹਾ ? ਇੱਕ ਸਾਲ ਦੇ ਅੰਦਰ-ਅੰਦਰ ਟੱਟੀ ਢੋਣ ਦੇ ਲਈ ਗੱਡੀਆਂ ਦੀ ਜ਼ਰੂਰਤ ਨਹੀਂ ਰਹਿ ਜਾਵੇਗੀ। ਫਿਰ ਸਾਡੀ ਜ਼ਰੂਰਤ ਵੀ ਕਿੱਥੇ ਰਹਿ ਜਾਵੇਗੀ ? ਜਿਹੜੇ ਲੋਕ ਪੱਕੀਆਂ ਲੈਟਰੀਨਾਂ ਬਣਾ ਰਹੇ ਹਨ, ਉਹ ਸਾਨੂੰ ਕਦੋਂ ਪੁੱਛਣਗੇ। ਸਾਰੇ ਛੋਟੇ ਸਾਹਿਬ ਵਰਗੇ ਤਾਂ ਨਹੀਂ ਹੈ ਨਾ। ਨਾਲੇ, ਲੈਟਰੀਨਾਂ ਖ਼ੁਦ ਹੀ ਸਾਫ਼ ਕਰਨਗੇ। ਕੀ ਸਿਰਫ਼ ਇਕ ਘਰ ਦੀ ਮਜ਼ਦੂਰੀ ਨਾਲ ਉਸ ਨੂੰ ਪੜ੍ਹਾ ਸਕੇਂਗੀ। ਜੇ ਉਸ ਨੂੰ ਪੜ੍ਹਾਏਂਗੀ ਤਾਂ ਦੋਨਾਂ ਮੁੰਡਿਆਂ ਨੂੰ ਵੀ ਪੜ੍ਹਾਉਣਾ ਪਵੇਗਾ।"

ਵਨਫੂਲ ਦੀ ਮਾਂ ਦੀ ਤਿੱਖੀ ਆਵਾਜ਼ ਪਹਿਲਾਂ ਨਾਲੋਂ ਕੁਝ ਨਰਮ ਪੈ ਗਈ। ਪਰ ਫਿਰ ਵੀ ਉਹ ਚੀਖ ਕੇ ਬੋਲੀ, "ਮੈਂ ਕੰਮ ਕਰਾਂਗੀ ਨਾ।" ਭਲੇ ਘਰ ਦੀ ਧੀ ਸੀ ਇਸੇ ਲਈ ਰੇਵਤੀ ਨਰਸ ਦੇ ਦੋ ਕੰਮ ਕਰਨ ਤੋਂ ਬਾਅਦ ਮਨ੍ਹਾ ਕਰ ਦਿੱਤਾ। ਰੇਵਤੀ ਨਰਸ ਮੈਨੂੰ ਲੱਭਦੀ ਰਹਿੰਦੀ ਹੈ। ਸ਼ਹਿਰ ਵਿੱਚ ਜਿਵੇਂ ਪੱਕੇ ਪਖਾਨਿਆਂ ਦੀ ਗਿਣਤੀ ਵਧੀ ਹੈ, ਉਵੇਂ ਹੀ ਵੱਡੇ ਲੋਕਾਂ ਦੀਆਂ ਧੀਆਂ ਦੇ ਪੇਟ ਸਾਫ਼ ਕਰਨ ਦਾ ਕੰਮ ਵੀ ਵੱਧ ਗਿਆ ਹੈ। ਉਸ ਦਿਨ ਰੇਵਤੀ ਕਹਿ ਰਹੀ ਸੀ, ਤੂੰ ਮੇਰੇ ਨਾਲ ਕੰਮ ਕਰ ਹੁਣ ਮੈਨੂੰ ਵੀ ਫ਼ੁਰਸਤ ਨਹੀਂ ਮਿਲਦੀ। ਵੱਡੇ ਹੋਣ ਦਾ ਭਰਮ ਛੱਡ ਦੇ.......... ਪਹਿਲਾਂ ਦੋ ਕੰਮ ਕਰਕੇ ਤੇ ਜੋ ਰੁਪਏ ਮਿਲੇ ਸਨ। ਉਹਨਾਂ ਨਾਲ ਦਸ ਦਿਨਾਂ ਤੱਕ ਰਸੋਈ ਦੀ ਚਿੰਤਾ ਨਹੀਂ ਸੀ ਕਰਨੀ ਪਈ। ਭੈੜਾ ਲੱਗਿਆ ਸੀ, ਇਸ ਲਈ ਛੱਡ ਦਿੱਤਾ ਸੀ, ਇਹ ਕੰਮ ਉਹਨਾਂ ਲਈ ਉਹ ਸਾਰੇ ਪਾਪ ਰੂਪੀ ਮਾਸ ਦੇ ਲੋਥੜੇ ਹੀ ਸਨ। ਪਰੰਤੂ ਗੰਦਿਆਂ ਕੱਪੜਿਆਂ ਨਾਲ ਜਦੋਂ ਮੈਂ ਮਾਸ ਦੇ ਲੋਥੜਿਆਂ ਨੂੰ ਟੋਆ ਪੁੱਟ ਕੇ ਗੱਡ ਰਹੀ ਸੀ ਤਾਂ ਮੇਰਾ ਦਿਲ ਰੋ ਰਿਹਾ ਸੀ। ਪੂਰੀ ਤਰ੍ਹਾਂ ਅੱਖਾਂ ਤੇ ਚਿਹਰਾ ਬਣਨ ਤੋਂ ਪਹਿਲਾਂ ਹੀ ਮਰਿਆਂ ਬੱਚਿਆਂ ਨੂੰ ਗੱਡ ਕੇ, ਕੀ ਮੈਂ ਪਾਪ ਨਹੀਂ ਸੀ ਕੀਤਾ ? ਪਰ ਹੁਣ ਮੈਂ ਪਰਵਾਹ ਨਹੀਂ ਕਰਾਂਗੀ। ਜਿਸ ਨੂੰ ਢਿੱਡ ਦੀ ਚਿੰਤਾ ਹੋਵੇ, ਉਸ ਲਈ ਪਾਪ ਕੀ ਤੇ ਪੁੰਨ ਕੀ। ਜੋ ਵੀ ਹੋਵੇ ਮੈਂ ਆਪਣੀ ਧੀ ਨੂੰ ਪੜ੍ਹਾਵਾਂਗੀ ਜ਼ਰੂਰ। ਮੈਂ ਨਹੀਂ ਚਾਹੁੰਦੀ ਕਿ ਉਸ ਦਾ ਵੀ ਮੇਰੇ ਵਰਗਾ ਹਾਲ ਹੋਵੇ। ਪਰ ਇੱਕ ਗੱਲ ਦੱਸ, ਤੂੰ ਮੈਨੂੰ ਸੜਕ 'ਤੇ ਸ਼ਰੇਆਮ ਥੱਪੜ ਕਿਉਂ ਮਾਰੇ ?" ਇੰਨਾ ਕਹਿ ਕੇ ਮਾਂ ਫਿਰ ਸਿਸਕ-ਸਿਸਕ ਕੇ ਰੋਣ ਲੱਗੀ। ਖੇਮਕਾ ਦੀ ਦੁਕਾਨ ਦੇ ਸਾਹਮਣੇ ਬਾਪੂ ਨੇ ਜਿਹੜੇ ਥੱਪੜ ਉਸ ਨੂੰ ਮਾਰੇ ਸਨ, ਉਹ ਉਹਨਾਂ ਨੂੰ ਭੁਲਾ ਨਹੀਂ ਸੀ ਰਹੀ।

ਵਨਫੂਲ ਬਰਾਮਦੇ ਦੇ ਵਿਹੜੇ ਵਿੱਚ ਉੱਤਰ ਗਈ। ਸਾਰੇ ਦੇ ਸਾਰੇ ਮਸਰੂਫ਼ ਸਨ। ਦਿਨ ਵਿੱਚ ਹੀ ਸ਼ਰਾਬ ਪੀ ਕੇ 'ਮਤੀ' ਖੇਮਕਾ ਦੀ ਦੁਕਾਨ ਦੇ ਸਾਹਮਣੇ ਖੜ੍ਹਾ-ਖੜ੍ਹਾ ਹੀ ਪਿਸ਼ਾਬ ਕਰ ਰਿਹਾ ਸੀ। ਉਹ ਖੜ੍ਹਾ ਸੀ, ਪਰ ਨਾਲ ਛੋਲੇ ਵੀ ਖਾ ਰਿਹਾ ਸੀ। ਨੰਦੀ ਦੀ ਮਾਂ ਅਖ਼ਬਾਰ ਵਿਛਾ ਕੇ ਦਾਲ ਦੇ ਬੜੇ ਸੁਕਾ ਰਹੀ ਸੀ। ਮਤੀ ਨੂੰ ਪਿਸ਼ਾਬ ਕਰਦਾ ਦੇਖ ਕੇ ਉਸ ਨੂੰ ਚੰਡੀ ਚੜ੍ਹ ਗਈ ਤੇ ਉਹ ਉਸ ਨੂੰ ਅਬਾ-ਤਬਾ ਬੋਲਣ ਲੱਗੀ। ਪਰ ਮਤੀ ਉੱਪਰ ਇਸ ਦਾ ਕੋਈ ਅਸਰ ਨਹੀਂ ਸੀ ਹੋ ਰਿਹਾ। ਨੰਗੇ ਕੁੜੀਆਂ-ਮੁੰਡੇ ਇੱਧਰ-ਉੱਧਰ ਘੁੰਮ ਰਹੇ ਸਨ। ਵਨਫੂਲ ਦੇ ਮਨ ਵਿੱਚ ਅਜੀਬ ਜਿਹੀ ਪੀੜ ਦਾ ਅਹਿਸਾਸ ਹੋਇਆ। ਇਹਨਾਂ ਬੱਚਿਆਂ ਦੀ ਤਰ੍ਹਾਂ ਹੀ ਜੇ ਉਹ ਵੀ ਸਕੂਲ ਜਾਣ ਦਾ ਸੁਪਨਾ ਨਾ ਦੇਖਦੀ ਤਾਂ ਉਹ ਇਹਨਾਂ ਦੀ ਤਰ੍ਹਾਂ ਵਿਹੜੇ ਵਿੱਚ ਖੇਡ ਰਹੀ ਹੁੰਦੀ। ਉਦਾਸ ਹੋ ਕੇ ਵਿਹੜੇ ਵਿੱਚ ਬੈਠੀ ਵਨਫੂਲ ਨੇ ਅਸਮਾਨ ਵੱਲ ਦੇਖਿਆ। ਇੱਕ ਇੱਲ ਉੱਡੀ ਜਾ ਰਹੀ ਸੀ। ਉਸ ਦੀ ਬਸਤੀ ਦੇ ਉੱਪਰ ਇੱਲਾਂ ਹਮੇਸ਼ਾ ਮੰਡਰਾਉਂਦੀਆਂ ਰਹਿੰਦੀਆਂ ਸਨ। ਹਮੇਸ਼ਾਂ ਮੇਲੇ ਮੁਸਾਹਬੇ 'ਤੇ ਸੂਰ ਮਾਰਿਆ ਜਾਂਦਾ ਹੈ। ਚਾਰੇ ਪੈਰ ਬੰਨ੍ਹ ਕੇ ਇਕ ਬਾਂਸ ਨਾਲ ਸੂਰ ਨੂੰ ਲਟਕਾ ਦਿੱਤਾ ਜਾਂਦਾ ਹੈ ਤੇ ਉਸ ਦੇ ਜਿਉਂਦੇ ਦੇ ਹੀ ਬਾਲ ਉਖਾੜ ਦਿੱਤੇ ਜਾਂਦੇ ਹਨ। ਸੂਰ

ਦੀਆਂ ਭਿਆਨਕ ਚੀਕਾਂ ਸੁਣ ਕੇ ਹੀ ਬਸਤੀ ਦੇ ਕੁੱਤੇ ਇੱਕਠੇ ਹੋ ਜਾਂਦੇ ਹਨ ਤੇ ਲਾਲਾਂ ਸੁੱਟਣ ਲੱਗਦੇ ਹਨ। ਦੂਰ-ਦੂਰ ਤੋਂ ਕਾਂ ਉੱਡ ਕੇ ਆਉਂਦੇ ਤੇ ਛੱਪਰ ਉੱਤੇ ਬੈਠ ਜਾਂਦੇ ਹਨ। ਕਾਂ-ਕੁੱਤਿਆਂ ਦੇ ਰੌਲੇ, ਬੱਚਿਆਂ, ਮਰਦਾਂ ਤੇ ਔਰਤਾਂ ਦਾ ਅਨੰਦ ਭਰਿਆ ਚੀਕ-ਚਿਹਾੜਾ, ਸ਼ੋਰ ਅਤੇ ਮੌਤ ਨਾਲ ਜੂਝ ਰਹੇ ਸੂਰ ਦੇ ਉੱਪਰ ਅਸਮਾਨ ਵਿੱਚ ਇੱਲਾਂ ਦਾ ਝੁੰਡ ਨਜ਼ਰ ਆਉਣ ਲੱਗਦਾ ਹੈ। ਜਿਸ ਥਾਂ ਮਾਸ ਕੱਟ ਕੇ ਅੰਤੜੀਆਂ ਸੁੱਟੀਆਂ ਜਾਂਦੀਆਂ ਹਨ, ਉਸ ਜਗ੍ਹਾ ਕਾਂ-ਕੁੱਤਿਆਂ ਦੀ ਜੰਗ ਵਿਚਕਾਰ ਅਚਾਨਕ ਇੱਲ ਚਪੱਟਾ ਮਾਰ ਕੇ ਲਹੂ-ਲੁਹਾਨ ਅੰਤੜੀਆਂ ਨੂੰ ਚੁੰਝ ਨਾਲ ਫੜੀ ਉੱਡ ਜਾਂਦੀ ਹੈ। ਜਿਵੇਂ ਅਸਮਾਨ ਵਿੱਚ ਕੋਈ ਸੱਪ ਉੱਡ ਰਿਹਾ ਹੋਵੇ। ਵਨਫੂਲ ਮਾਸ ਨਹੀਂ ਖਾ ਸਕਦੀ, ਇਸ ਅਨੰਦ ਉਤਸਵ ਵਿੱਚ ਸ਼ਾਮਿਲ ਵੀ ਨਹੀਂ ਹੋ ਸਕਦੀ। ਅਸਮਾਨ ਵਿੱਚ ਇੱਲਾਂ ਨੂੰ ਉੱਡਦਿਆਂ ਦੇਖ ਕੇ ਉਹ ਲਟਕਾਏ ਗਏ ਜ਼ਿੰਦਾ ਸੂਰ ਦੀ ਡਰਾਉਣੀ ਚੀਖ ਸੁਣਦੀ ਹੈ। ਸੂਰ ਦੇ ਸਰੀਰ ਵਿੱਚੋਂ ਬੂੰਦ-ਬੂੰਦ ਡਿੱਗਣ ਵਾਲਾ ਲਹੂ ਉਸ ਦੀਆਂ ਅੱਖਾਂ ਸਾਹਮਣਿਉਂ ਨਹੀਂ ਹੱਟਦਾ। ਉਹ ਅਸਮਾਨ ਵਿੱਚ ਇੱਲਾਂ ਨੂੰ ਉੱਡਦਿਆਂ ਦੇਖ ਕੇ ਡਰ ਜਾਂਦੀ ਹੈ। ਉਹ ਦੇਰ ਤੱਕ ਅਸਮਾਨ ਵਿੱਚ ਉੱਡਦੇ ਪੰਛੀਆਂ ਨੂੰ ਦੇਖਦੀ ਰਹੀ ਤੇ ਫਿਰ ਉਸ ਨੇ ਪਲਕਾਂ ਬੰਦ ਕਰ ਲਈਆਂ।

ਵਨਫੂਲ ਦਿਨੋਂ-ਦਿਨ ਉਦਾਸ ਹੁੰਦੀ ਗਈ। ਉਸ ਦੀ ਉਮਰ ਦੀਆਂ ਬਸਤੀ ਦੀਆਂ ਹੋਰ ਕੁੜੀਆਂ ਵਿਹੜੇ ਵਿੱਚ ਲਕੀਰ ਖਿੱਚ ਕੇ 'ਸੇਂਗੁਟੀ' ਖੇਲ੍ਹ-ਖੇਲ੍ਹਦੀਆਂ ਰਹਿੰਦੀਆਂ ਸਨ। ਪਰ ਉਹਨਾਂ ਨੂੰ ਖੇਲ੍ਹਦਿਆਂ ਦੇਖ ਕੇ ਵੀ ਉਸ ਦਾ ਖੇਲ੍ਹਣ ਨੂੰ ਮਨ ਨਹੀਂ ਸੀ ਕਰਦਾ। ਇੱਕ ਦਿਨ ਹਾਰਾਧਨ ਨੇ ਆ ਕੇ ਦੱਸਿਆ ਕਿ ਵਨਫੂਲ ਹੁਣ ਸਕੂਲ ਜਾ ਸਕੇਗੀ। ਛੋਟੇ ਸਾਹਿਬ ਨੇ ਕਿਹਾ ਹੈ ਕਿ ਕੱਲ੍ਹ ਤੋਂ ਸਕੂਲ ਖੁੱਲ੍ਹ ਜਾਏਗਾ। ਵਨਫੂਲ ਖੁਸ਼ ਹੋ ਕੇ ਬਸਤੀ ਦੇ ਕੁੜੀਆਂ-ਮੁੰਡਿਆਂ ਨੂੰ ਇਹ ਖਬਰ ਦੱਸਣ ਲਈ ਦੌੜ ਗਈ।

ਇੱਕ ਅਨੋਖੇ ਅਨੰਦ ਵਿੱਚ ਵਨਫੂਲ ਸਲੇਟ, ਪੈਂਨਸਲ ਲੈ ਕੇ ਸਕੂਲ ਗਈ। ਛੋਟੇ ਸਾਹਿਬ ਦੇ ਬੰਗਲੇ ਦੀ ਚਾਰਦੀਵਾਰੀ ਵਿਚਕਾਰ ਹੀ ਇੱਕ ਘਾਹ-ਫੂਸ ਦੇ ਘਰ ਵਿੱਚ ਵਨਫੂਲ ਵਰਗੇ ਦਸ ਕੁੜੀਆਂ-ਮੁੰਡੇ ਜੁੱਟੇ ਹੋਏ ਸਨ। ਕੁਝ ਤਾਂ ਉਮਰ ਵਿੱਚ ਉਸ ਤੋਂ ਛੋਟੇ ਸਨ ਤੇ ਕੁਝ ਵੱਡੇ। ਪਰੰਤੂ ਆਪਣੀ ਬਸਤੀ ਵਿੱਚੋਂ ਉਹ ਸਿਰਫ਼ ਇੱਕਲੀ ਹੀ ਸੀ। ਜਿਸ ਦਿਨ ਸਕੂਲ ਸ਼ੁਰੂ ਹੋਇਆ, ਉਸ ਦਿਨ ਛੋਟੇ ਸਾਹਿਬ ਦੇ ਨਾਲ ਕਈ ਵੱਡੇ ਆਦਮੀ ਵੀ ਆਏ ਸਨ। ਛੋਟੇ ਸਾਹਿਬ ਨੇ ਇੱਕ ਆਦਮੀ ਨੂੰ ਬੱਚਿਆਂ ਵਿੱਚ ਮਠਿਆਈ ਵੰਡਣ ਲਈ ਕਿਹਾ ਸੀ। ਵਨਫੂਲ ਨੇ ਹੱਥ ਅਗਾਂਹ ਕਰਕੇ ਮਠਿਆਈ ਲਈ ਸੀ ਤੇ ਇਸ ਨੂੰ ਪਛਾਣ ਵੀ ਗਈ ਸੀ। ਛੋਟੇ ਸਾਹਿਬ ਦੇ ਘਰ ਪਾਰਟੀ ਹੋਣ ਤੇ ਬਾਪੂ ਅਗਲੇ ਦਿਨ ਜਿਹੜੇ ਥੈਲੇ ਲਿਆਉਂਦਾ ਸੀ ਉਹਨਾਂ ਵਿੱਚ ਇਸ ਤਰ੍ਹਾਂ ਦੀ ਮਠਿਆਈ ਦੇ ਟੁਕੜੇ ਵੀ ਹੁੰਦੇ ਸਨ। ਮਠਿਆਈ ਦੀ ਖ਼ੁਸ਼ਬੂ ਉਹ ਹਮੇਸ਼ਾ ਮਹਿਸੂਸ ਕਰਦੀ ਹੈ। ਇਸ ਮੁਲਾਇਮ ਪੀਲੇ ਰੰਗ ਦੀ ਮਠਿਆਈ ਦੇ ਟੁਕੜੇ ਲਈ ਉਸਦੀ ਹਮੇਸ਼ਾ ਆਪਣੇ ਭਰਾਵਾਂ ਨਾਲ ਲੜਾਈ ਹੁੰਦੀ ਹੈ। ਵੱਡੀ ਹੋਣ ਦੇ ਨਾਤੇ ਹਮੇਸ਼ਾ ਉਸ ਨੂੰ ਹੀ ਮਠਿਆਈ ਦੇ ਸਵਾਦ ਤੋਂ ਵਾਂਝਿਆਂ ਰਹਿਣਾ ਪੈਂਦਾ ਹੈ। ਉਹ ਟੁਕੜੇ ਉਸ ਨੂੰ ਆਪਣੇ ਭਰਾਵਾਂ ਲਈ ਛੱਡਣੇ ਪੈਂਦੇ ਸਨ। ਉਹੀ ਮਠਿਆਈ ਜਦੋਂ ਸਬੂਤੀ ਉਸ ਨੂੰ ਮਿਲੀ ਤਾਂ ਉਸ ਨੇ ਇੱਕ ਦਮ ਇੱਕ ਟੁਕੜੇ ਦਾ ਚੱਕ ਭਰ ਲਿਆ। ਪਰੰਤੂ ਅਗਲੇ ਹੀ ਪਲ ਉਸ ਨੂੰ ਆਪਣੇ ਭਰਾਵਾਂ ਦੀ ਯਾਦ ਆ ਗਈ। ਮਠਿਆਈ ਦਾ ਅੱਧਾ ਹਿੱਸਾ ਉਸ ਨੇ ਚੁਪਕੇ ਜਿਹੇ ਜਾਂਘੀਏ ਵਿੱਚ ਛੁਪਾ ਲਿਆ ਇੱਕ ਗਿਠਮੁਠੀਏ ਤੇ ਬਿੱਲੀਆਂ ਅੱਖਾਂ ਵਾਲੇ ਆਦਮੀ ਦੇ ਨਾਲ ਇੱਕ ਛੋਟੀ ਮੇਮ ਸਾਹਿਬ ਆਈ ਤੇ ਕਹਿਣ ਲੱਗੀ, "ਨਮਸਤੇ ਕਰੋ, ਇਹ ਤੁਹਾਡੇ ਅਧਿਆਪਕ ਹਨ," ਵਨਫੂਲ ਨੂੰ ਅਧਿਆਪਕ ਪਸੰਦ ਨਹੀਂ ਆਇਆ। ਉਹ ਬਿੱਲੀ ਵਾਂਗ ਮੇਮ ਸਾਹਿਬ ਦੇ ਅੱਗੇ-ਪਿੱਛੇ ਹੱਥ ਮਲਦਾ ਹੋਇਆ ਘੁੰਮਦਾ ਰਿਹਾ। ਉਦੋਂ ਹੀ ਸਕੂਲ ਵੇਖਣ ਆਏ ਦੋ ਵੱਡੇ ਆਦਮੀਆਂ ਨਾਲ ਛੋਟੇ ਸਾਹਿਬ ਜਮਾਤ ਵਿੱਚ ਆਏ। ਅਚਾਨਕ ਛੋਟੀ ਮੇਮ ਸਾਹਿਬ ਨੇ ਵਨਫੂਲ ਵੱਲ ਇਸ਼ਾਰਾ ਕਰਦਿਆਂ ਹੋਇਆਂ ਵੱਡੇ ਲੋਕਾਂ ਨਾਲ ਕੁਝ ਕਾਨਾਫੂਸੀ ਕੀਤੀ। ਸੰਕੋਚ ਨਾਲ ਵਨਫੂਲ ਸੁੰਗੜ ਗਈ। ਇੰਨੇ ਲੋਕਾਂ ਦੇ ਵਿੱਚ ਛੋਟੀ ਮੇਮ ਸਾਹਿਬ ਨੂੰ ਉਸ ਵੱਲ ਇਸ਼ਾਰਾ ਕਰਕੇ ਕਹਿਣ ਦੀ ਕੀ ਲੋੜ ਸੀ? ਉਹਨਾਂ ਲੋਕਾਂ ਵਿੱਚ ਉੱਚਾ ਸਾਰਾ ਜੂੜਾ ਕਰਨ ਵਾਲੀ ਇੱਕੋ-ਇੱਕ ਔਰਤ ਨੇ ਪੁੱਛਿਆ, "ਭੰਗੀ ਜਾਂ ਮੋਚੀ।"

"ਭੰਗੀ, ਸਾਡੀ ਉਸ ਭੰਗੀ ਬਸਤੀ ਦੀ ਕੁੜੀ ਹੈ। ਇਸ ਦੇ ਪਿਉ ਨੇ ਆ ਕੇ ਸਾਨੂੰ ਕਿਹਾ। ਬਾਬੇ ਦੇ ਜ਼ਮਾਨੇ ਤੋਂ ਉਹ ਸਾਡੇ ਘਰ ਦਾ ਸਵੀਪਰ ਹੈ। ਉਹ ਇਸ ਨੂੰ ਸ਼ਹਿਰ ਦੇ ਉਹਨਾਂ ਸਕੂਲਾਂ ਵਿੱਚ ਲੈ ਕੇ



ਗਿਆ ਸੀ, ਜਿੱਥੇ ਸਾਡੇ ਬੱਚੇ ਪੜ੍ਹਦੇ ਹਨ। ਕਿਸਨੇ ਸੀਟ ਦੇਣੀ ਸੀ ਭਲਾ। ਵਿਚਾਰੀ 'ਤੇ ਤਰਸ ਖਾ ਕੇ ਅਸੀਂ ਇਸ ਨੂੰ ਆਪਣੇ ਸਕੂਲ ਵਿੱਚ ਸੀਟ ਦੇ ਦਿੱਤੀ ਹੈ। ਇਹਨਾਂ ਲੋਕਾਂ ਲਈ ਹੀ ਤਾਂ ਅਸੀਂ ਕੁਝ ਕੰਮ ਕਰਨ ਬਾਰੇ ਸੋਚਿਆ ਹੈ।" ਛੋਟੀ ਮੇਮ ਸਾਹਿਬ ਨੇ ਜਦੋਂ ਆਪਣੀ ਗੱਲ ਪੂਰੀ ਕਰ ਲਈ ਤਾਂ ਸਾਰਿਆਂ ਨੇ ਉਸ ਦੀ ਤਾਰੀਫ਼ ਕੀਤੀ। ਵਨਫੂਲ ਗੰਡੋਏ ਵਾਂਗ ਇੱਕਠੀ ਹੋ ਗਈ। ਜਦੋਂ ਉਸ ਦਾ ਪ੍ਰਸੰਗ ਬਦਲ ਕੇ ਸਰਕਾਰੀ ਪੈਸੇ ਦੀ ਚਰਚਾ ਸ਼ੁਰੂ ਕਰਦਿਆਂ ਹੋਇਆਂ, ਉਹ ਸਾਰੇ ਕਲਾਸ ਤੋਂ ਬਾਹਰ ਚੱਲੇ ਗਏ ਤਾਂ ਵਨਫੂਲ ਨੇ ਸੁੱਖ ਦਾ ਸਾਹ ਲਿਆ। ਦਸ ਬਾਰਾਂ ਬੱਚਿਆਂ ਵਿੱਚ ਉਸ ਨੇ ਆਪਣੇ ਆਪ ਨੂੰ ਇੱਕਲਿਆਂ ਮਹਿਸੂਸ ਕੀਤਾ। ਉਸ ਦੇ ਦਿਮਾਗ ਵਿੱਚ 'ਭੰਗੀ' ਸ਼ਬਦ ਸੂਈ ਵਾਂਗ ਚੁੱਭਦਾ ਰਿਹਾ। ਘਰ ਵਾਪਿਸ ਆ ਕੇ ਉਸ ਨੇ ਆਪਣੀ ਮਾਂ ਤੋਂ ਪੁੱਛਿਆ, "ਭੰਗੀ ਲੋਕ ਸਾਫ਼ ਕਿਵੇਂ ਹੁੰਦੇ ਹਨ।" ਮਾਂ ਕੁਝ ਦੇਰ ਤੱਕ ਤਾਂ ਹੱਕੀ-ਬੱਕੀ ਉਸ ਵੱਲ ਦੇਖਦੀ ਰਹੀ ਫਿਰ ਵਨਫੂਲ ਦੇ ਸਿਰ ਉੱਪਰ ਹੱਥ ਧਰ ਕੇ ਬੋਲੀ, "ਨੀ ਅਸੀਂ ਭੰਗੀ ਨਹੀਂ ਹਰੀਜਨ ਹਾਂ, ਰੱਬ ਦੀ ਔਲਾਦ। ਤੈਨੂੰ ਕਿਸੇ ਨੇ ਕੁਝ ਕਿਹਾ ਹੈ।"

ਵਨਫੂਲ ਨੇ ਦੁੱਖੀ ਹੋ ਕੇ ਕਿਹਾ, "ਨਹੀਂ।" ਵਨਫੂਲ ਥੋੜ੍ਹੇ ਸਮੇਂ ਵਿੱਚ ਹੀ ਪੜ੍ਹਾਈ ਲਿਖਾਈ ਕਰਨ ਲੱਗੀ। ਉਸ ਦੀ ਬੁੱਧੀ ਦੂਸਰੇ ਬੱਚਿਆਂ ਦੇ ਮੁਕਾਬਲੇ ਵਧੇਰੇ ਤਿੱਖੀ ਸੀ। ਵਨਫੂਲ ਵਾਕ ਲਿੱਖਣਾ ਸਿੱਖ ਗਈ ਸੀ। ਉਦੋਂ ਹਾਰਾਧਨ ਪਹਿਲੇ ਦੇ ਮੁਕਾਬਲੇ ਜ਼ਿਆਦਾ ਸ਼ਰਾਬ ਪੀਣ ਲੱਗਾ ਸੀ। ਉਹ ਦਿਨ-ਰਾਤ ਨਸ਼ੇ ਵਿੱਚ ਡੁੱਬਿਆ ਰਹਿੰਦਾ ਅਤੇ ਘਰ ਪਰਤ ਕੇ ਵਨਫੂਲ ਦੀ ਮਾਂ ਉੱਪਰ ਹੱਥ ਚੁੱਕਦਾ, ਹਮੇਸ਼ਾ ਗਾਲੀਆਂ ਦਿੰਦਾ ਰਹਿੰਦਾ। ਬਸਤੀ ਵਿੱਚ ਉਸ ਨੂੰ ਦੇਖਦੇ ਹੀ ਵਨਫੂਲ ਤੇ ਉਸ ਦੇ ਦੋਨੋਂ ਭਰਾ ਕੁੱਤੇ ਵਾਂਗ ਦੁੰਮ-ਦਬਾ ਕੇ ਦੌੜ ਜਾਂਦੇ। ਬਾਪੂ ਘਰ ਦੇ ਅਗਲੇ ਪਾਸਿਉਂ ਆਉਂਦਾ ਤੇ ਬੱਚੇ ਪਿੱਛਲੇ ਦਰਵਾਜ਼ਿਉਂ ਦੌੜ ਜਾਂਦੇ। ਨਹੀਂ ਤਾਂ ਦੋਨਾਂ ਕਮਰਿਆਂ ਵਿੱਚੋਂ ਕਿਸੇ ਇੱਕ ਕਮਰੇ ਦੇ ਦਰਵਾਜ਼ੇ ਦੇ ਪਿੱਛੇ ਛੁੱਪ ਜਾਂਦੇ। ਹਾਰਾਧਨ ਦੀ ਚੀਕ ਪੁਕਾਰ ਤੋਂ ਉਹ ਸਮਝ ਗਏ ਸਨ ਕਿ ਹੁਣ ਉਸ ਦੇ ਕੋਲ ਛੋਟੇ ਸਾਹਿਬ ਦੇ ਬੰਗਲੇ ਦੀ ਸਫ਼ਾਈ ਤੇ ਕੰਮ ਨੂੰ ਛੱਡ ਕੇ ਹੋਰ ਕੋਈ ਕੰਮ ਨਹੀਂ ਹੈ। ਦੇਖਦਿਆਂ ਦੇਖਦਿਆਂ ਸ਼ਹਿਰ ਦੇ ਕੱਚੇ ਪਖਾਨੇ ਦਾ ਵਜੂਦ ਖ਼ਤਮ ਹੋ ਗਿਆ। ਮਿਉਂਸਪਲਟੀ ਨੇ ਸਫ਼ਾਈ ਕਰਮਚਾਰੀਆਂ ਦੇ ਲੀਡਰ ਨੂੰ ਕਹਿ ਦਿੱਤਾ ਕਿ ਹੁਣ ਕੱਚੇ ਤੌਰ 'ਤੇ ਵੀ ਉਹਨਾਂ ਦੀ ਜ਼ਰੂਰਤ ਖਤਮ ਹੋ ਗਈ ਹੈ। ਬਹੁਤਿਆਂ ਲੋਕਾਂ ਨੇ ਸੈਨੇਟਰੀ ਲੈਟਰਿਨਾਂ ਬਣਾ ਲਈਆਂ ਹਨ। ਇਸ ਲਈ ਪਹਿਲਾਂ ਵਾਂਗ ਕੱਚੇ ਪਖਾਨਿਆਂ ਤੋਂ ਟੱਟੀ ਕੱਢ ਕੇ ਮਿਉਂਸਪਲਟੀ ਦੀ ਮੈਲਾ ਢੋਣ ਵਾਲੀ ਗੱਡੀ ਦੀ ਟੈਂਕੀ ਵਿੱਚ ਭਰਨ ਦੀ ਜ਼ਰੂਰਤ ਨਹੀਂ ਰਹਿ ਗਈ ਹੈ।

ਹੁਣ ਹਾਰਾਧਨ ਪਹਿਲਾਂ ਵਾਂਗ ਮੂੰਹ ਹਨੇਰੇ ਬਿਸਤਰ ਵਿੱਚੋਂ ਨਹੀਂ ਸੀ ਉੱਠ ਸਕਦਾ। ਸ਼ਰਾਬ ਦੇ ਨਸ਼ੇ ਵਿੱਚ ਉਹ ਹਮੇਸ਼ਾ ਸੋਚਦਾ ਰਹਿੰਦਾ ਸੀ ਕਿ ਕਿਸ ਤਰ੍ਹਾਂ ਲੋਕਾਂ ਦੇ ਘਰੋਂ ਟੱਟੀ ਦੇ ਟੀਨ ਬੱਚੇ ਨੂੰ ਕੁੱਛੜ ਚੁੱਕਣ ਵਾਂਗ ਆਪਣੇ ਮੋਢੇ 'ਤੇ ਚੁੱਕ ਕੇ ਘਰਦਿਆਂ ਦੇ ਉੱਠਣ ਤੋਂ ਪਹਿਲਾਂ ਹੀ ਹੌਲੀ-ਹੌਲੀ ਕਦਮ ਰੱਖਦਿਆਂ ਬੜੀ ਅਸਾਨੀ ਨਾਲ ਉਹ ਬਾਹਰ ਲੈ ਜਾਂਦਾ ਸੀ। ਸਰੀਰ ਵਿੱਚੋਂ ਆਰ-ਪਾਰ ਹੋਣ ਵਾਲੀਆਂ ਸਰਦੀਆਂ ਵਿੱਚ ਮੂੰਹ ਹਨ੍ਹੇਰੇ ਹੀ ਇਸ ਤਰ੍ਹਾਂ ਮੋਢੇ 'ਤੇ ਟੀਨ ਢੋਂਦਿਆਂ ਹੋਇਆਂ ਰਜਾਈ ਦੀ ਨਿੱਘੀ ਨੀਂਦ ਵਿੱਚ ਸੁੱਤੇ ਹੋਏ ਲੋਕਾਂ ਦੇ ਘਰਾਂ ਦੇ ਦਰਵਾਜ਼ੇ ਖਿੜਕੀਆਂ ਬੰਦ ਦੇਖ ਕੇ ਤੇ ਧੁੰਦ ਵਿੱਚ ਅਸਪਸ਼ਟ ਖਾਮੋਸ਼ ਸ਼ਹਿਰ ਵਿੱਚ ਸਾਥੀ ਦੇ ਰੂਪ ਵਿੱਚ ਕਿਸੇ ਕੁੱਤੇ ਦੀ ਵੀ ਮੌਜੂਦਗੀ ਨਾ ਦੇਖ ਕੇ ਹਾਰਾਧਨ ਨੂੰ ਆਪਣੀ ਜ਼ਿੰਦਗੀ 'ਤੇ ਸ਼ਰਮ ਆਉਂਦੀ ਸੀ। ਲਗਾਤਾਰ ਬਦਬੂ ਨਾਲ ਰਹਿੰਦਿਆਂ ਹੋਇਆਂ ਉਦੋਂ ਉਹ ਆਪਣੇ ਸਰੀਰ ਅਤੇ ਆਤਮਾ ਨੂੰ ਘਿਰਣਾ ਕਰਨਾ ਸਿਖ ਗਿਆ ਸੀ। ਪਰੰਤੂ ਅੱਜ ਉਹ ਫਿਰ ਉਹਨਾਂ ਦਿਨਾਂ ਵਿੱਚ ਹੀ ਪਹੁੰਚਣਾ ਚਾਹੁੰਦਾ ਸੀ। ਉਹ ਫਿਰ ਸਰਦੀ-ਗਰਮੀ ਦੀ ਪ੍ਰਵਾਹ ਕੀਤੇ ਬਗੈਰ ਹਨੇਰੇ ਵਿੱਚ ਜਾਗਦਿਆਂ ਬਦਬੂ ਦੇ ਖੱਡੇ ਵਿੱਚ ਦੋਨੋਂ ਹੱਥ ਪਾਉਣਾ ਚਾਹੁੰਦਾ ਸੀ। ਉਸ ਨੂੰ ਕੰਮ ਦੀ ਜ਼ਰੂਰਤ ਸੀ। ਪਹਿਲਾਂ ਵਾਂਗ ਹੀ ਉਹ ਬੱਚਿਆਂ ਨੂੰ ਹਫ਼ਤੇ ਵਿੱਚ ਇੱਕ ਵਾਰ ਮੀਟ ਨਾਲ ਚੌਲ ਖਵਾਉਣਾ ਚਾਹੁੰਦਾ ਸੀ। ਵਨਫੂਲ ਵਾਂਗ ਹੀ ਦੋਨਾਂ ਮੁੰਡਿਆਂ ਨੂੰ ਵੀ ਪੜ੍ਹਾਉਣ ਦਾ ਖ਼ਰਚ ਜੁਟਾਉਣਾ ਚਾਹੁੰਦਾ ਸੀ। ਇਹ ਸਭ ਕੁਝ ਕਹਿੰਦਿਆਂ-ਕਹਿੰਦਿਆਂ ਜਦੋਂ ਹਾਰਾਧਨ ਘੁਰਾੜੇ ਮਾਰਦਾ ਡੂੰਘੀ ਨੀਂਦ ਸੌਂ ਜਾਂਦਾ ਤਾਂ ਹੀ ਬੱਚਿਆਂ ਨੂੰ ਸੁੱਖ ਦਾ ਸਾਹ ਆਉਂਦਾ।

ਕੰਮ ਨਾ ਹੋਣ ਦੇ ਬਾਵਜੂਦ ਮੂੰਹ ਹਨ੍ਹੇਰੇ ਹੀ ਹਾਰਾਧਨ ਦੀ ਅੱਖ ਖੁੱਲ੍ਹ ਜਾਂਦੀ। ਵਨਫੂਲ ਇਹ ਗੱਲ ਜਾਣਦੀ ਸੀ। ਬਾਂਸ ਦੇ ਬਿਸਤਰੇ 'ਤੇ ਹਾਰਾਧਨ ਤੜਫਦਾ ਰਹਿੰਦਾ ਸੀ। ਹਾਰਾਧਨ ਦੇ ਕਸਰਤੀ ਸਰੀਰ ਦੇ ਭਾਰ ਨਾਲ ਬਾਂਸ ਦਾ ਪੁਰਾਣਾ ਮਚਾਨ ਚਰਮਰਾਉਂਦਾ ਰਹਿੰਦਾ ਸੀ। ਪੀੜਾਂ ਦੇ ਅਹਿਸਾਸ ਨਾਲ ਵਨਫੂਲ

ਬੇਚੈਨ ਹੋ ਜਾਂਦੀ। ਗਲੇ ਵਿੱਚ ਕੁਝ ਫਸ ਜਾਂਦਾ, ਜੋ ਨਾ ਨਿਗਲਿਆ ਜਾਂਦਾ ਸੀ ਅਤੇ ਨਾ ਹੀ ਬਾਹਰ ਕੱਢਿਆ ਜਾ ਸਕਦਾ ਸੀ। ਮਾਨਸਿਕ ਕਲੇਸ਼ ਨਾਲ ਗਲ ਦੀਆਂ ਨਸਾਂ ਸੁੰਘੜਨ ਲੱਗਦੀਆਂ।

ਉਸ ਦਿਨ ਵੀ ਮੂੰਹ ਹਨੇਰੇ ਹੀ ਹਾਰਾਧਨ ਬਿਸਤਰੇ ਉੱਤੇ ਛਟਪਟਾ ਰਿਹਾ ਸੀ, ਵਿੱਚ-ਵਿੱਚ ਉਸ ਦੇ ਕਰਾਹੁਣ ਦੀ ਆਵਾਜ਼ ਸੁਣਾਈ ਦੇ ਰਹੀ ਸੀ। ਲੇਟੀ ਹੋਈ ਵਨਫੂਲ ਨੇ ਹੌਲੀ ਜਿਹੀ ਆਵਾਜ਼ ਦਿੱਤੀ, "ਬਾਪੂ!"

"ਕੀ ਹੋਇਆ, ਜਾਗ ਪਈ।"

"ਜਦੋਂ ਤੁਸੀਂ ਜਾਗਦੇ ਹੋ ਮੈਂ ਵੀ ਹਮੇਸ਼ਾ ਉਦੋਂ ਹੀ ਜਾਗਦੀ ਹਾਂ।" ਕੁਝ ਪਲ ਚੁੱਪ-ਚਾਪ ਹਾਰਾਧਨ ਨੇ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕੀਤੀ ਕਿ ਆਵਾਜ਼ ਕਿੱਧਰੋਂ ਆ ਰਹੀ ਸੀ। ਅੰਦਰ ਘੁੱਪ ਹਨੇਰਾ ਸੀ। ਕੁੱਕੜ ਨੇ ਦੋ ਵਾਰ ਬਾਂਗ ਦਿੱਤੀ। ਬਾੜੇ ਵਿੱਚ ਸੂਰ ਦੇ ਬੱਚਿਆਂ ਦੀ ਘੁਰ-ਘੁਰ ਦੀ ਆਵਾਜ਼ ਆਈ। ਵੱਡੇ ਮਚਾਨ ਦੇ ਦੂਸਰੇ ਸਿਰੇ 'ਤੇ ਹਾਰਾਧਨ ਦੀ ਘਰ ਵਾਲੀ ਗਹਿਰੀ ਨੀਂਦ ਸੌਂ ਰਹੀ ਸੀ। ਮਾਂ ਦੇ ਬਗਲ ਵਿੱਚ ਵਨਫੂਲ ਸੀ। ਉਸ ਦੇ ਦੋਨੋਂ ਭਰਾ ਸਨ। ਕਮਰੇ ਵਿੱਚ ਹਾਰਾਧਨ ਤੋਂ ਇਲਾਵਾ ਵਨਫੂਲ ਹੀ ਜਾਗੀ ਹੋਈ ਸੀ। ਹਾਰਾਧਨ ਨੂੰ ਅਚਾਨਕ ਧੀ ਨਾਲ ਮੋਹ ਮਹਿਸੂਸ ਹੋਇਆ। ਉਸ ਨੇ ਕੋਮਲ ਸੁਰ ਵਿੱਚ ਪੁੱਛਿਆ, "ਫੂਲ ਤੂੰ ਠੀਕ ਤਰ੍ਹਾਂ ਨਾਲ ਪੜ੍ਹ-ਲਿਖ ਤਾਂ ਰਹੀ ਹੈਂ ਨਾ?" ਵਨਫੂਲ ਦੀਆਂ ਅੱਖਾਂ ਗਿੱਲੀਆਂ ਹੋ ਗਈਆਂ। ਜ਼ਿਆਦਾ ਲਾਡ ਆਉਣ 'ਤੇ ਹੀ ਬਾਪੂ ਉਸ ਨੂੰ ਫੂਲ ਕਹਿ ਕੇ ਬੁਲਾਉਂਦੇ ਹਨ। ਕਿੰਨੇ ਦਿਨਾਂ ਤੋਂ ਬਾਅਦ ਅੱਜ ਉਸ ਨੇ ਇਹ ਸੰਬੋਧਨ ਸੁਣਿਆ ਹੈ। ਉਹ ਕੁਝ ਨਹੀਂ ਬੋਲੀ। ਬਾਪੂ ਦੇ ਮੂੰਹੋਂ ਇਹੀ ਸੰਬੋਧਨ ਦੁਬਾਰਾ ਸੁਣਨ ਲਈ ਉਸ ਦਾ ਮਨ ਕੀਤਾ।

"ਸੁਣ ਰਹੀ ਹੈਂ ਨਾ ਫੂਲ।" ਉਸ ਨੇ ਹੁਣ ਜਵਾਬ ਦਿੱਤਾ, "ਬਾਪੂ ਮੈਂ ਸਕੂਲ ਨਹੀਂ ਜਾਵਾਂਗੀ। ਫ਼ੀਸ ਨਹੀਂ ਦਿੰਦੇ ਤਾਂ ਕੀ ਹੋਇਆ ਸਲੇਟ, ਪੈਂਸਲ ਤੇ ਕਿਤਾਬਾਂ, ਇਹਨਾਂ ਸਭ ਚੀਜ਼ਾਂ 'ਤੇ ਕਾਫ਼ੀ ਖ਼ਰਚਾ ਹੁੰਦਾ ਹੈ। ਅਗਲੇ ਸਾਲ ਸਾਨੂੰ ਕਾਪੀ ਖਰੀਦਣ ਲਈ ਵੀ ਕਿਹਾ ਗਿਆ ਹੈ। ਕਲਮ ਦੀ ਵੀ ਜ਼ਰੂਰਤ ਹੋਵੇਗੀ ਤੇ ਸਿਆਹੀ ਦੀ ਵੀ।"

"ਤੂੰ ਪੜ੍ਹਾਈ ਨਾ ਛੱਡੀਂ। ਮੈਂ ਬੰਗਲੇ ਦਾ ਕੰਮ ਕਰ ਰਿਹਾ ਹਾਂ। ਨਾ ਹੋਰ ਵੀ ਕੰਮ ਮਿਲ ਜਾਣਗੇ। ਤੂੰ ਖਰਚ ਦੀ ਚਿੰਤਾ ਨਾ ਕਰ ਸਿਰਫ਼ ਮਨ ਲਗਾ ਕੇ ਪੜ੍ਹ।"

"ਬਾਪੂ ਤੂੰ ਕਰਾਹ ਰਿਹਾ ਸੀ?"

"ਤਬੀਅਤ ਠੀਕ ਨਹੀਂ ਹੈ, ਸ਼ਾਇਦ ਬੁਖ਼ਾਰ ਹੋ ਗਿਆ ਸੀ।"

ਵਨਫੂਲ ਹੌਲੀ ਜਿਹੇ ਬਿਸਤਰੇ ਵਿੱਚੋਂ ਉੱਠੀ ਤੇ ਚੁੱਲ੍ਹੇ ਦੇ ਕੋਲ ਚਲੀ ਗਈ। ਉਸ ਨੇ ਲੱਕੜੀ ਦੇ ਦੋ ਟੋਟੇ ਪਾ ਕੇ ਮਾਚਸ ਦੀ ਤੀਲ੍ਹੀ ਰਗੜ ਕੇ ਕਾਗਜ਼ ਨਾਲ ਅੱਗ ਬਾਲ ਲਈ। ਅੱਗ ਦੀਆਂ ਲਪਟਾਂ ਉੱਡੀਆਂ ਤੇ ਲੱਕੜੀ ਨੇ ਵੀ ਅੱਗ ਫੜ ਲਈ। ਥੋੜ੍ਹਾ ਪਾਣੀ ਉਬਾਲ ਕੇ ਉਹ ਚਾਹ ਪੱਤੀ ਤੇ ਤੇਜ਼ ਪੱਤਰ ਉਬਾਲਣ ਲੱਗੀ। ਅਲਮੀਨੀਅਮ ਦੇ ਗਿਲਾਸ ਵਿੱਚ ਗਰਮ ਲਾਲ ਚਾਹ ਉਲੱਟ ਕੇ ਉਹ ਡੱਬੇ ਵਿੱਚੋਂ ਗੁੜ ਟੋਲਣ ਲੱਗੀ ਪਰ ਉਸ ਨੂੰ ਗੁੜ ਨਾ ਲੱਭਾ। ਅਖੀਰ ਕਾਗਜ਼ ਵਿੱਚ ਲਪੇਟੇ ਇੱਕ ਲੱਡੂ ਨਾਲ ਹੀ ਉਹ ਚਾਹ ਦਾ ਗਿਲਾਸ ਬਾਪੂ ਨੂੰ ਦੇਣ ਲਈ ਲੈ ਆਈ। ਪੂਰੀ ਸੰਤੁਸ਼ਟੀ ਨਾਲ ਹਾਰਾਧਨ ਨੇ ਧੀ ਦੀ ਬਣਾਈ ਹੋਈ ਚਾਹ ਦੀ ਚੁਸਕੀ ਲਈ। ਸੱਚ-ਮੁੱਚ ਹੀ ਉਸ ਦਾ ਗਲਾ ਸੁੱਕ ਰਿਹਾ ਸੀ। ਵਨਫੂਲ ਨੇ ਬਾਪੂ ਦੀ ਦੇਹ ਨੂੰ ਛੋਹ ਕੇ ਦੇਖਿਆ ਬਾਪੂ ਨੂੰ ਤੇਜ਼ ਬੁਖ਼ਾਰ ਸੀ।

ਜਦੋਂ ਵਨਫੂਲ ਸਕੂਲ ਨੂੰ ਜਾਣ ਲਈ ਤਿਆਰ ਹੋਈ ਤਾਂ ਹਾਏ-ਹਾਏ ਕਰਦੇ ਹੋਏ ਹਾਰਾਧਨ ਨੇ ਦੱਸਿਆ ਕਿ ਉਹ ਕੰਮ ਕਰਨ ਲਈ ਨਹੀਂ ਜਾ ਸਕੇਗਾ। ਛੋਟੇ ਸਾਹਿਬ ਦੇ ਬੰਗਲੇ ਅਤੇ ਸਕੂਲ ਦੀ ਸਫ਼ਾਈ ਦੀ ਜ਼ਿੰਮੇਵਾਰੀ ਉਸੇ ਦੀ ਹੈ। ਇਸ ਲਈ ਵਨਫੂਲ ਬੰਗਲੇ ਵਿੱਚ ਜਾ ਕੇ ਸੂਚਨਾ ਦੇ ਦੇਵੇ।

ਵਨਫੂਲ ਜਮਾਤ ਵਿੱਚ ਆਤਮਲੀਨ ਹੋ ਕੇ ਹਿਸਾਬ ਦੇ ਸਵਾਲ ਕਰ ਰਹੀ ਸੀ। ਉਦੋਂ ਹੀ ਹਲਕਾ ਜਿਹਾ ਸ਼ੋਰ ਸੁਣਾਈ ਦਿੱਤਾ। ਪਹਿਲਾਂ ਤਾਂ ਵਨਫੂਲ ਨੂੰ ਕੁਝ ਸਮਝ ਨਾ ਆਈ। ਸਾਰੇ ਬੱਚੇ ਖੜ੍ਹੇ ਹੋ ਗਏ। ਸਾਰਿਆਂ ਨੇ ਆਪਣੇ ਨੱਕਾਂ ਅੱਗੇ ਹੱਥ ਦੇ ਲਏ। ਵਨਫੂਲ ਬੈਠੀ ਰਹੀ ਤੇ ਉਸ ਦਾ ਜਮਾਤੀ ਗੋਲੋਕ ਬੈਠਾ ਰਿਹਾ। ਮਾਸਟਰ ਨੇ ਵਨਫੂਲ ਨੂੰ ਹੁਕਮ ਦਿੱਤਾ, "ਵਨਫੂਲ ਖੜ੍ਹੀ ਹੋ ਜਾ।" ਸਵਾਲ ਕੱਢ ਰਹੀ ਵਨਫੁੱਲ ਨੇ ਸਿਰ ਉਤਾਂਹ ਚੁੱਕ ਕੇ ਦੇਖਿਆ।

ਵਨਫੂਲ ਖੜ੍ਹੀ ਹੋ ਗਈ। ਮਾਸਟਰ ਨੇ ਦੂਰ ਤੋਂ ਹੀ ਤਿੱਖੀਆਂ ਨਜ਼ਰਾਂ ਨਾਲ ਉਸ ਦਾ ਮੁਆਇਨਾ



ਕੀਤਾ। ਫਿਰ ਬੋਲਿਆ, "ਗੋਲੋਕ ਖੜ੍ਹਾ ਹੋ ਜਾ।" ਖੜ੍ਹਾ ਹੋਣ ਦੀ ਬਜਾਏ ਗੋਲੋਕ ਜ਼ੋਰ-ਜ਼ੋਰ ਦੀ ਰੋਣ ਲੱਗਾ। ਉਦੋਂ ਹੀ ਵਨਫੂਲ ਨੇ ਦੇਖਿਆ ਕਿ ਗੋਲੋਕ ਨੇ ਕੱਪੜਿਆਂ ਵਿੱਚ ਹੀ ਟੱਟੀ ਕਰ ਦਿੱਤੀ ਸੀ। ਸਾਰਿਆਂ ਦੇ ਨਾਲ ਹੀ ਉਸ ਨੇ ਵੀ ਆਪਣਾ ਨੱਕ ਬੰਦ ਕਰ ਲਿਆ। ਮਾਸਟਰ ਨੇ ਵਨਫੂਲ ਤੋਂ ਹਾਰਾਧਨ ਬਾਰੇ ਪੁੱਛਿਆ।

"ਬਾਪੂ ਨੂੰ ਬੁਖ਼ਾਰ ਹੈ ਉਹ ਦੋ ਦਿਨ ਨਹੀਂ ਆ ਸਕਣਗੇ। ਬੰਗਲੇ ਵਿੱਚ ਮੈਂ ਦੱਸ ਆਈ ਹਾਂ।" ਵਨਫੂਲ ਨੇ ਝਿਜਕਦਿਆਂ ਹੋਇਆਂ ਕਿਹਾ। ਮਾਸਟਰ ਨੇ ਦੋ ਮੁੰਡਿਆਂ ਨੂੰ ਬੰਗਲੇ ਵਿੱਚ ਭੇਜ ਕੇ ਜਮਾਤ ਵਿੱਚ ਹੋਈ ਘਟਨਾ ਦੀ ਸੂਚਨਾ ਦੇ ਦਿੱਤੀ। ਕੁਝ ਦੇਰ ਬਾਅਦ ਬੰਗਲੇ ਦਾ ਚੌਕੀਦਾਰ ਆਇਆ। ਉਸ ਨੇ ਮਾਸਟਰ ਦੇ ਕੰਨ ਵਿੱਚ ਘੁਸਰ-ਮੁਸਰ ਕਰਕੇ ਕੁਝ ਕਿਹਾ। ਮਾਸਟਰ ਨੇ ਐਲਾਨ ਕੀਤਾ, "ਜਾਉ ਤੁਹਾਡੀ ਸਾਰਿਆਂ ਦੀ ਛੁੱਟੀ। ਕੱਲ੍ਹ ਸਾਫ਼-ਸੁਥਰੇ ਬਣ ਕੇ ਆਉਣਾ। ਟਾਊਨ ਮਿਊਂਸਿਪੈਲਟੀ ਦੇ ਚੇਅਰਮੈਨ ਸਕੂਲ ਦੇਖਣ ਆਉਣਗੇ।" ਖ਼ੁਸ਼ੀ ਦੇ ਨਾਲ ਸਾਰੇ ਬੱਚੇ ਸਲੇਟਾਂ, ਕਿਤਾਬਾਂ ਚੁੱਕ ਕੇ ਬਾਹਰ ਦੌੜੇ। ਬਾਹਰ ਨਿਕਲ ਰਹੀ ਵਨਫੂਲ ਨੂੰ ਮਾਸਟਰ ਨੇ ਕਿਹਾ, "ਤੂੰ ਠਹਿਰ।" ਵਨਫੂਲ ਠਹਿਰ ਗਈ।

ਦੇਖ ਕੱਲ੍ਹ ਚੇਅਰਮੈਨ ਸਾਹਿਬ ਆਉਣਗੇ। ਹਾਰਾਧਨ ਆ ਨਹੀਂ ਸਕਦਾ। ਬੈਂਚ ਦੀ ਸਫ਼ਾਈ ਤੂੰ ਹੀ ਕਰਕੇ ਜਾ। ਸਮਝੀ, ਜਾ ਕੁਝ ਨਹੀਂ ਹੋਵੇਗਾ। ਤੂੰ ਤਾਂ ਇਹ ਕੰਮ ਜਾਣਦੀ ਹੈਂ। ਬਾਹਰ ਹਾਰਾਧਨ ਦਾ ਝਾੜੂ ਰੱਖਿਆ ਹੋਇਆ ਹੈ, ਜਾ" ਜਿਵੇਂ ਬਿਜਲੀ ਗਿਰੀ ਹੋਵੇ। ਵਨਫੂਲ ਬੁੱਤ ਬਣੀ ਖੜ੍ਹੀ ਦੀ ਖੜ੍ਹੀ ਰਹਿ ਗਈ। ਮਾਨਸਿਕ ਦੁੱਖ ਨਾਲ ਉਸ ਦੀ ਦੇਹ ਕੰਬਣ ਲੱਗੀ ਜਿਵੇਂ ਜਿਉਂਦੇ ਜੀਅ ਸੂਰ ਨੂੰ ਲਟਕਾ ਕੇ ਹੌਲੀ-ਹੌਲੀ ਛਿੱਲਿਆ ਜਾਂਦਾ ਹੈ ਅਤੇ ਉਹ ਦਰਦ ਨਾਲ ਚੀਕਦਾ ਹੈ। ਬਿਲਕੁਲ ਉਸੇ ਤਰ੍ਹਾਂ ਮਾਸਟਰ ਦੇ ਕਹੇ ਇੱਕ-ਇੱਕ ਸ਼ਬਦ ਨੂੰ ਸੁਣ ਕੇ ਉਹ ਚੀਕਣਾ ਚਾਹੁੰਦੀ ਸੀ।

"ਜਾ ਖੜ੍ਹੀ ਕਿਉਂ ਹੈਂ? ਭੰਗੀਆਂ ਦੀ ਬਸਤੀ ਦੀ ਕੁੜੀ ਹੋ ਕੇ ਕੀ ਤੂੰ ਇਹ ਸਭ ਕੰਮ ਨਹੀਂ ਕਰ ਸਕਦੀ?" ਮਾਸਟਰ ਨੇ ਡਾਂਟਦਿਆਂ ਹੋਇਆਂ ਕਿਹਾ। ਵਨਫੂਲ ਹੁਣ ਦੌੜਨ ਲਈ ਤਿਆਰ ਹੋ ਗਈ। ਮਾਸਟਰ ਨੇ ਰਾਹ ਰੋਕਦਿਆਂ ਹੋਇਆਂ ਕਿਹਾ, "ਬੰਗਲੇ ਦੇ ਛੋਟੇ ਸਾਹਿਬ ਦਾ ਹੁਕਮ ਹੈ। ਤੂੰ ਬਾਪੂ ਦੀ ਨੌਕਰੀ 'ਤੇ ਹੀ ਪਲਣਾ ਚਾਹੁੰਦੀ ਹੈਂ।"

ਵਨਫੂਲ ਨੇ ਇਕ ਵਾਰ ਗੁੱਸੇ ਖੋਰੀ ਨਜ਼ਰ ਨਾਲ ਮਾਸਟਰ ਨੂੰ ਤੱਕਿਆ ਅਤੇ ਰਾਹ ਰੋਕੀ ਖੜ੍ਹੇ ਮਾਸਟਰ ਦੇ ਹੱਥ ਉੱਤੇ ਆਪਣੀ ਸਲੇਟ ਦਾ ਵਾਰ ਕਰਕੇ ਦੌੜ ਪਈ। ਉਹ ਉਦੋਂ ਤੱਕ ਦੌੜਦੀ ਰਹੀ ਜਦੋਂ ਤੱਕ ਉਹ ਬਸਤੀ ਦੇ ਸਿਰੇ 'ਤੇ ਖੇਮਕਾ ਦੀ ਦੁਕਾਨ ਤੱਕ ਨਹੀਂ ਪਹੁੰਚ ਗਈ। ਝੌਂਪੜੀ ਤੋਂ ਬਾਹਰ ਹਾਰਾਧਨ ਕੰਬਲ ਲਪੇਟੀ ਧੁੱਪ ਸੇਕ ਰਿਹਾ ਸੀ। ਮਾਂ ਚੌਲ ਸਾਫ਼ ਕਰ ਰਹੀ ਸੀ। ਵਨਫੂਲ ਦੌੜ ਕੇ ਮਾਂ ਨਾਲ ਚਿੰਬੜ ਗਈ ਅਤੇ ਬੁਸਕ-ਬੁਸਕ ਕੇ ਰੋਣ ਲੱਗੀ। ਰੋਂਦਿਆਂ-ਰੋਂਦਿਆਂ ਜਦੋਂ ਉਸ ਨੇ ਪੂਰੀ ਘਟਨਾ ਬਾਰੇ ਦੱਸਿਆ ਤਾਂ ਹਾਰਾਧਨ ਉੱਠ ਕੇ ਖੜ੍ਹਾ ਹੋ ਗਿਆ। ਮਾਂ ਨੇ ਵਨਫੂਲ ਨੂੰ ਆਪਣੇ ਪਿੱਛੇ ਛੁਪਾ ਲਿਆ। ਹਾਰਾਧਨ ਦੀਆਂ ਅੱਖਾਂ ਗੁੱਸੇ ਨਾਲ ਲਾਲ ਹਨ ਜਾਂ ਬੁਖ਼ਾਰ ਨਾਲ, ਇਹ ਸਮਝਣਾ ਔਖਾ ਸੀ। ਵਨਫੂਲ ਤਾਂ ਸਿਰਫ਼ ਬਾਪੂ ਦੇ ਗੁੱਸੇ ਤੋਂ ਬਚਣ ਲਈ ਮਾਂ ਦੇ ਆਂਚਲ ਵਿੱਚ ਮੂੰਹ ਛੁਪਾ ਰਹੀ ਸੀ। ਹਾਰਾਧਨ ਉਸ ਦੇ ਨੇੜੇ ਆਇਆ, ਮਾਂ ਨੇ ਕਿਹਾ, "ਖ਼ਬਰਦਾਰ ਤੇਰੀ ਨੌਕਰੀ ਨਾਲੋਂ ਮੇਰੀ ਧੀ ਦੀ ਜ਼ਿੰਦਗੀ ਵਧੇਰੇ ਕੀਮਤੀ ਹੈ। ਇਸ ਨੂੰ ਹੱਥ ਨਾ ਲਾਈਂ।" ਹਾਰਾਧਨ ਨੇ ਕੁਝ ਨਹੀਂ ਸੁਣਿਆ। ਮਾਂ ਨਾਲ ਚਿੰਬੜੀ ਵਨਫੂਲ ਨੂੰ ਉਸ ਨੇ ਖਿੱਚ ਕੇ ਬਾਹਾਂ ਵਿੱਚ ਲੈ ਲਿਆ। ਹੈਰਾਨ ਹੋ ਕੇ ਵਨਫੂਲ ਨੇ ਹਾਰਾਧਨ ਦੇ ਚਿਹਰੇ ਵੱਲ ਦੇਖਿਆ ਉਹ ਰੋ ਰਿਹਾ ਸੀ ਅਤੇ ਅਸਮਾਨ ਵੱਲ ਦੇਖਦਿਆਂ ਬੁੜ-ਬੁੜਾ ਵੀ ਰਿਹਾ ਸੀ, "ਠੀਕ ਕੀਤਾ ਤੂੰ। ਤੂੰ ਹਾਰਾਧਨ ਦੀ ਧੀ ਹੈਂ। ਸਾਡੀ ਰੋਜ਼ੀ ਕੋਈ ਨਹੀਂ ਖੋਹ ਸਕਦਾ, ਜਦੋਂ ਤੱਕ ਸ਼ਹਿਰ ਵਧਦਾ ਰਹੇਗਾ। ਆਬਾਦੀ ਵਧਦੀ ਰਹੇਗੀ। ਘਰ ਦੇ ਉੱਪਰ ਘਰ ਬਣਦੇ ਰਹਿਣਗੇ। ਨਾਲੇ ਘਰ ਵਿੱਚ ਆਉਂਦੇ ਰਹਿਣਗੇ ਤਦ ਤੱਕ ਸਾਡੀ ਰੋਜ਼ੀ ਸਾਡੇ ਕੋਲੋਂ ਕੋਈ ਨਹੀਂ ਖੋਹ ਸਕਦਾ। ਸਾਨੂੰ ਸ਼ਹਿਰ ਦੀ ਜ਼ਰੂਰਤ ਨਹੀਂ ਹੈ। ਸ਼ਹਿਰ ਦੇ ਲੋਕਾਂ ਨੂੰ ਸਾਡੀ ਜ਼ਰੂਰਤ ਹੈ। ਕਦੋਂ ਤੱਕ ਇਹ ਸਾਡੇ ਬਗੈਰ ਕੰਮ ਚਲਾਉਣਗੇ। ਇਸ ਲਈ ਤੂੰ ਅਨਿਆਂ ਨੂੰ ਕਿਉ ਬਰਦਾਸ਼ਤ ਕਰੇਂਗੀ! ਤੂੰ ਥਾਨ੍ਹੁ ਪਗਲੇ ਕੋਲ ਜਾ ਕੇ ਪੜ੍ਹੇਂਗੀ। ਦੇਰ ਨਾਲ ਹੀ ਸਹੀ ਤੈਨੂੰ ਮੈਂ ਫਿਰ ਪੜ੍ਹਾਵਾਂਗਾ। ਤੂੰ ਅੱਜ ਸੱਚ-ਮੁੱਚ ਹੀ ਹਾਰਾਧਨ ਦੀ ਇੱਜ਼ਤ ਰੱਖ ਲਈ ਹੈ।"

ਕਾਫ਼ੀ ਦਿਨਾਂ ਤੋਂ ਬਾਅਦ ਵਨਫੂਲ ਹਾਰਾਧਨ ਦੀ ਛਾਤੀ ਨਾਲ ਨਿਡਰ ਹੋ ਕੇ ਚਿੰਬੜ ਗਈ ਸੀ।

**(ਹਿੰਦੀ ਤੋਂ ਅਨੁਵਾਦ, ਡਾ. ਕਰਮਜੀਤ ਸਿੰਘ, ਡੀ-46, ਕੈਂਪਸ, ਕੁ.ਯੂ. ਕੁਰੁਕਸ਼ੇਤਰ)**

## ਹਿੰਦੀ ਗ਼ਜ਼ਲਾਂ

**ਬੱਲੀ ਸਿੰਘ ਚੀਮਾ**

1\. ਉਸਨੇ ਪਤਝੜ ਮੇਂ ਕਹਾ ਮੌਸਮ ਸੁਹਾਨਾ ਆ ਗਯਾ
ਸੂਖੀ ਰੋਟੀ ਪਰ ਉਸੇ ਮੱਖਨ ਲਗਾਨਾ ਆ ਗਯਾ

ਕਬ ਤਲਕ ਰਸਮੇਂ ਨਿਭਾਤੇ ਗ਼ੈਰ ਕੀ ਮਹਿਫਿਲ ਮੇਂ ਹਮ
ਹਮ ਕੋ ਐਸੀ ਮਹਿਫਿਲੋਂ ਸੇ ਉਠ ਕੇ ਆਨਾ ਆ ਗਯਾ

ਅਬ ਤੋ ਇਤਰਾਤਾ ਹੈ ਖ਼ੁਦ ਅਪਨੀ ਜਵਾਂਮਰਦੀ ਪੇ ਵੋਹ
ਅਬ ਤੋ ਉਸੇ ਮਾਂ-ਬਾਪ ਕੋ ਆਂਖੇਂ ਦਿਖਾਨਾ ਆ ਗਯਾ

ਖਿਲ ਉਠੇ ਬੱਚੋਂ ਕੇ ਚਿਹਰੇ ਔਰਤੋਂ ਮਰਦੋਂ ਕੇ ਦਿਲ
ਬਚ ਕੇ ਕਾਲੇ ਮੌਸਮੋਂ ਸੇ ਘਰ ਮੇਂ ਦਾਨਾ ਆ ਗਯਾ

2\. ਖ਼ੌਫ਼ ਦੋ ਰੰਗ ਕਾ ਮੇਰੇ ਗਾਂਵੋਂ ਮੇਂ ਹੈ
ਗੰਧ ਬਾਰੂਦ ਕੀ ਅਬ ਹਵਾਓਂ ਮੇਂ ਹੈ

ਖ਼ੂੰ ਬਹਾਨੇ ਕੀ ਲਤ ਪੜ ਗਈ ਹੈ ਇਨ੍ਹੇਂ
ਏਕ ਹਿੰਸਕ ਜੁਨੂੰ ਇਨ ਖ਼ੁਦਾਓ ਮੇਂ ਹੈ

ਖੁਲ ਰਹੀ ਪਗੜੀਆਂ, ਨੁਜ ਰਹੀ ਦਾੜ੍ਹੀਆਂ
ਅਟਪਟਾ ਸਾ ਯੇ ਮੰਜ਼ਰ ਨਿਗਾਹੋਂ ਮੇਂ ਹੈ

ਵਾਹ ਰੀ ਜਮਹੂਰੀਅਤ ਜਾਊਂ ਸਦਕੇ ਤੇਰੇ
ਹਿਟਲਰੀ ਰੰਗ ਤੇਰੀ ਅਦਾਊਂ ਮੇਂ ਹੈ

ਯੇ ਹਕੀਕਤ ਹੈ 'ਬੱਲੀ' ਅਜੂਬਾ ਨਹੀਂ
ਜ਼ਿੰਦਗੀ ਦਿਲ ਮੇਂ ਹੈ ਮੌਤ ਬਾਹੋਂ ਮੇਂ ਹੈ

3\. ਬੜਾ ਬੇਸ਼ਰਮ ਹਮਲਾਵਰ ਹੈ ਦੁਨੀਆ ਹਾਂਕਨੇ ਵਾਲਾ
ਅਮਨ ਕੀ ਬਾਤ ਕਰਤਾ ਹੈ ਵੋ ਖੰਜਰ ਬੇਚਨੇ ਵਾਲਾ

ਵਿਦੇਸ਼ੀ ਨੀਤੀਆਂ ਅਪਨੀ ਬਹੁਤ ਹੀ ਯਾਦ ਆਤੀ ਹੈਂ
ਸੜਕ ਪਰ ਦੇਖਤਾ ਹੂੰ ਜਬ ਕੋਈ ਭੀ ਮਾਂਗਨੇ ਵਾਲਾ

ਉਨ੍ਹੀਂ ਮੇਂ ਫੂਟ ਹੈ ਯਾਰੋ ਸਿਖਾਏਂ ਏਕ ਹੋਨਾ ਜੋ
ਵੋ ਪਹਿਲੇ ਤਾਜ ਬੈਠਾ ਹੈ ਹਮੀਂ ਕੋ ਬਾਂਟਨੇ ਵਾਲਾ

ਹਸੀਂ ਹੈ ਵਾਦੀਏ-ਕਸ਼ਮੀਰ ਜੱਨਤ ਹੈ ਯਹਾਂ ਅਬ ਭੀ
ਮਗਰ ਆਤਾ ਨਹੀਂ 'ਬੱਲੀ' ਕੋਈ ਭੀ ਦੇਖਨੇ ਵਾਲਾ

4\. ਦੂਰ ਕਿਉਂ ਹਮ ਸੇ ਉਜਾਰਾ ਇਸ ਕੀ ਭੀ ਚਰਚਾ ਕਰੋ
ਹੈ ਕਹਾਂ ਸੂਰਜ ਹਮਾਰਾ ਇਸ ਕੀ ਭੀ ਚਰਚਾ ਕਰੋ

ਵੋਲਗਾ ਮੈਲੀ ਹੂਈ ਹੈ ਕਹਿ ਰਹੇ ਹੋ ਬਾਰ-ਬਾਰ
ਕਯਾ ਹੈ ਗੰਗਾ ਕਾ ਨਜ਼ਾਰਾ ਇਸ ਕੀ ਭੀ ਚਰਚਾ ਕਰੋ

ਖ਼ੂਬਸੂਰਤ ਹੈ ਇਨਸਾਨ ਯੇ ਹਕੀਕਤ ਹੈ ਮਗਰ
ਕਿਸ ਨੇ ਢੋਯਾ ਈਂਟ-ਗਾਰਾ ਇਸ ਕੀ ਭੀ ਚਰਚਾ ਕਰੋ



ਕਾਨ ਕਟਵਾਕਰ ਭੀ ਜੋ ਜ਼ਿੰਦਾ ਰਹੀ ਉਸ ਭੈਂਸ ਕੋ
ਫਾਈਲੋਂ ਮੇਂ ਕਿਸ ਨੇ ਮਾਰਾ ਇਸ ਕੀ ਭੀ ਚਰਚਾ ਕਰੋ

ਤੁਮ ਸ਼ਮੇਂ-ਜਾਨਾ ਕੋ ਹੀ ਕਿਉਂ ਕੋਸਤੇ ਰਹਿਤੇ ਹੋ ਯਾਰ
ਕਿਉਂ ਗ਼ਮੇਂ-ਦੌਰਾਂ ਨੇ ਮਾਰਾ ਇਸ ਕੀ ਭੀ ਚਰਚਾ ਕਰੋ

5\. ਬਕਰੀਓਂ ਮੇਂ ਭੀ ਜਾਨ ਹੈ ਲੇਕਿਨ
ਭੇੜੀਓਂ ਕਾ ਜਹਾਨ ਹੈ ਲੇਕਿਨ

ਮਾਲ ਮਹਿੰਗਾ ਭੀ ਔਰ ਫੀਕਾ ਭੀ
ਕਿਤਨੀ ਊਂਚੀ ਦੁਕਾਨ ਹੈ ਲੇਕਿਨ

ਲੋਹਾ ਕਹਿਤੇ ਹੈਂ ਵੋ ਉਕਾਬ ਨਹੀਂ
ਕਿਤਨੀ ਊਂਚੀ ਉੜਾਨ ਹੈ ਲੇਕਿਨ

ਮੌਤ ਹਰ ਮੋੜ ਪਰ ਡਰਾਤੀ ਹੈ
ਜ਼ਿੰਦਗੀ ਮੇਹਰਬਾਨ ਹੈ ਲੇਕਿਨ

ਦਾਨੇ-ਦਾਨੇ ਕੋ ਤਰਸ ਜਾਤਾ ਹੈ
ਯੂੰ ਤੋ 'ਬੱਲੀ' ਕਿਸਾਨ ਹੈ ਲੇਕਿਨ

6\. ਯੇ ਕਿਸ ਕੋ ਖ਼ਬਰ ਥੀ ਕਿ ਯੇ ਬਾਤ ਹੋਗੀ
ਪਕੀ ਖੇਤੀਓਂ ਪਰ ਭੀ ਬਰਸਾਤ ਹੋਗੀ

ਯੇ ਸੂਖੇ ਹੁਏ ਖੇਤ ਕਹਿਤੇ ਹੈਂ ਮੁਝਸੇ
ਸੁਨਾ ਥਾ ਕਿ ਸਾਵਨ ਮੇਂ ਬਰਸਾਤ ਹੋਗੀ

ਯੇ ਸਾਵਨ ਹੀ ਜਬ ਸਾਵਨੋਂ ਸਾ ਨਹੀਂ ਹੈ
ਤੋ ਫਿਰ ਕੈਸੇ ਕਹਿ ਦੂੰ ਕਿ ਬਰਸਾਤ ਹੋਗੀ

ਉਮੜਤੇ ਹੁਏ ਬਾਦਲੋ ਯੇ ਬਤਾਓ
ਕਿ ਰਿਮਝਿਮ ਕੀ ਭਾਸ਼ਾ ਮੇਂ ਕਬ ਬਾਤ ਹੋਗੀ

ਅਸੂਲੋਂ ਕੋ ਜੀਵਨ ਮੇਂ ਸ਼ਾਮਿਲ ਭੀ ਰਖਨਾ
ਕਭੀ ਬੇਅਸੂਲੋਂ ਸੇ ਫਿਰ ਬਾਤ ਹੋਗੀ

ਅੰਧੇਰੇ ਹੋ ਤੁਮ ਤੋ ਉਜਾਲੇ ਹੈਂ ਹਮ ਭੀ
ਕਭੀ ਨਾ ਕਭੀ ਤੋ ਮੁਲਾਕਾਤ ਹੋਗੀ।

7\. ਕੁਛ ਤੋ ਡਰਨੇ ਲਗੇ ਉਨਸੇ ਹਮ ਬੇਵਜਾ
ਕੁਛ ਵੋ ਕਰਨੇ ਲਗੇ ਹੈਂ ਸਿਤਮ ਬੇਵਜਾ

ਦਰਦ ਸੇ ਰੋ ਪੜਾ ਕਿਉਂਕਿ ਘਾਇਲ ਹੂੰ ਮੈਂ
ਹੈਂ ਸਿਤਮਗਰ ਕੀ ਆਂਖੇਂ ਕਿਉਂ ਨਮ ਬੇਵਜਾ

ਮੈਂਨੇ ਉਨਕੋ ਕਭੀ ਭੀ ਬੁਲਾਇਆ ਨਹੀਂ
ਆ ਹੀ ਜਾਤੇ ਹੈਂ ਘਰ ਮੇਂ ਭੀ ਗ਼ਮ ਬੇਵਜਾ।

ਜਾਮ ਪੀਕਰ ਕਭੀ ਭੀ ਜੋ ਬਹਕੇ ਨਹੀਂ
ਡਗਮਗਾਨੇ ਲੱਗੇ ਵੋ ਕਦਮ ਬੇਵਜਾ।

8. ਸਬ ਦੁਖੋਂ ਕੋ ਲੀਲ ਲੇ ਜੋ ਵੋ ਹਵਾ ਪੈਦਾ ਕਰੇਂ
ਏਕ ਸਾ ਬਾਂਟੇ ਜੋ ਸਬ ਕੋ ਵੋ ਖ਼ੁਦਾ ਪੈਦਾ ਕਰੇਂ

ਖੌਲ ਉੱਠੇ ਖ਼ੂਨ ਜਿਸਕਾ ਦੇਖਕਰ ਨੰਗੇ ਬਦਨ
ਅਪਨੀ-ਅਪਨੀ ਆਂਖ ਮੇਂ ਐਸੀ ਹਯਾ ਪੈਦਾ ਕਰੇਂ

ਅਬ ਭੀ ਲੂ ਮੇਂ ਜਲ ਰਹੇ ਹੈਂ ਜਿਸਮ ਅਪਨੇ ਸਾਥੀਓ
ਆਈਏ ਮਿਲਜੁਲ ਕੇ ਕੁਛ ਠੰਡੀ ਹਵਾ ਪੈਦਾ ਕਰੇਂ

ਦੋਸਤੋ ਕੇ ਰੂਪ ਮੇਂ ਦੁਸ਼ਮਨ ਭੀ ਅਪਨੇ ਬੀਚ ਹੈਂ
ਉਨਕੇ ਅਪਨੇ ਦਰਮਿਆਂ ਕੁਛ ਫਾਸਲਾ ਪੈਦਾ ਕਰੇਂ

ਤਖ਼ਤ ਪਰ ਭੀ ਬੈਠਕਰ ਜੋ ਸਰਵਹਾਰਾ ਹੀ ਰਹੇ
ਕੋਖ ਸੇ ਸੰਘਰਸ਼ ਕੀ ਵੋ ਰਹਿਨੁਮਾ ਪੈਦਾ ਕਰੇਂ

ਏਕਤਾ ਹਥਿਆਰ ਹੋ, ਮਨ ਮੇਂ ਹੋ ਸੱਚੀ ਲਗਨ
ਮੰਜ਼ਿਲੋਂ ਤੱਕ ਜਾਏ ਜੋ ਵੋ ਰਾਸਤਾ ਪੈਦਾ ਕਰੇਂ।

(ਸਾਰੀਆਂ ਰਚਨਾਵਾਂ ਪੁਸਤਕ 'ਤਯ ਕਰੋ ਕਿਸ ਓਰ ਹੋ' ਵਿਚੋਂ ਸ਼ਬਦ 'ਲੀਲ ਲੇ' ਦਾ ਅਰਥ ਹੈ 'ਖਾ ਜਾਵੇ' ਵਿੱਚੋਂ)

**ਪਤਾ : ਬੱਲੀ ਸਿੰਘ ਚੀਮਾ, ਪਿੰਡ-ਮੜਈਆਂ ਬਕਸ਼ੀ. ਮਾਰਫ਼ਤ : ਪੋਸਟ ਮਾਸਟਰ ਸੁਲਤਾਨਪੁਰ ਪੱਟੀ ਵਾਇਆ - ਕਾਸ਼ੀਪੁਰ - 244713, (ਉਤਰਾਂਚਲ)**

*.ਗ਼ਜ਼ਲ :*

## ਹਰਮਿੰਦਰ ਸਿੰਘ

ਬੇਸ਼ਕ ਮੈਂ ਤੂਫਾਨਾਂ ਦੇ ਸਿਰ ਸਾਰਾ ਦੋਸ਼ ਦਿਆਂ।
ਡੋਬਣ ਇਹ ਮਲਾਹ ਵੀ ਬੇੜਾ ਸੋਚਾਂ ਡੋਬਦਿਆਂ।

ਮੰਜ਼ਲ ਦਾ ਰਾਹ ਯਾਰੋ ਸਾਨੂੰ ਦੱਸਣਗੇ ਉਹ ਕੀ,
ਘਰ ਵਿੱਚ ਉਮਰ ਗੁਆ ਲਈ ਜਿਨ੍ਹਾਂ ਪਰ ਹੀ ਤੋਲਦਿਆਂ।

ਕੁਈ ਰਕੀਬ ਨਾ ਕਰ ਜਾਏ ਕਿਧਰੇ ਇਸ ਗ਼ਰਾਂ ਨੂੰ ਰੌਸ਼ਨ,
ਪੰਚਾਂ ਸਾਰੀ ਰਾਤ ਗੁਜ਼ਾਰੀ ਤਿਗੜਮ ਸੋਚਦਿਆਂ।

ਸਾਡੇ ਬਾਝੋਂ ਇਸ ਕਲਯੁੱਗ ਨੂੰ ਕਿਹੜਾ ਵਰਜੇਗਾ,
ਉੱਠੋ! ਜੁਗੜੇ ਬੀਤ ਗਏ ਹਨ ਸਤਯੁੱਗ ਲੋਚਦਿਆਂ।

ਵੇਖਾਂ ਗੇ ਹੁਣ ਕਿਵੇਂ ਰਹੇਗਾ ਨਾਮ ਨਿਸ਼ਾਨ ਉਸਦਾ,
ਰੋਕਿਆ ਸਾਡਾ ਅੱਗਾ ਜਿਸ ਨੇ ਰੋਕਾਂ ਰੋਕਦਿਆਂ।

ਜਿਸ ਕਾਲਖ਼ ਨੇ ਸਾਡੇ ਘਰ ਦਾ ਚਾਨਣ ਡੀਕ ਲਿਆ,
ਜੀ ਕਰਦੈ ਇੱਕ ਪਲ ਵਿੱਚ ਇਸਦਾ ਸਭ ਕੁਝ ਨੋਚਦਿਆਂ

(ਕੋਹਾਰ ਵਾਲਾ-ਫਰੀਦ ਕੋਟ)





# ਪਾਕਿਸਤਾਨ ਵਿੱਚ ਪੰਜਾਬੀ ਭਾਸ਼ਾ ਦਾ ਦੁਖਾਂਤ

**—ਜਨਾਬ ਸ਼ਫ਼ਕਤ ਤਨਵੀਰ ਮਿਰਜ਼ਾ**

ਪ੍ਰਸਿੱਧ ਸਿੰਧੀ ਵਿਦਵਾਨ ਡਾ. ਨਬੀ ਬਖ਼ਸ਼ ਬਲੋਚ ਨੇ ਇਸ ਗੱਲ ਉੱਤੇ ਅਫ਼ਸੋਸ ਪ੍ਰਗਟ ਕੀਤਾ ਹੈ ਕਿ ਪਾਕਿਸਤਾਨ ਵਿੱਚ ਵੱਖ-ਵੱਖ ਭਾਸ਼ਾਵਾਂ ਦੇ ਵਿਕਾਸ ਲਈ ਕੁਝ ਨਹੀਂ ਕੀਤਾ ਗਿਆ। ਉਹ 'ਸਿੰਧੀ' ਤੇ ਪਾਕਿਸਤਾਨ ਦੀਆਂ ਹੋਰ ਭਾਸ਼ਾਵਾਂ ਉਹਨਾਂ ਦੀ ਵਰਤੋਂ ਅਤੇ ਮਹੱਤਵ ਵਿਸ਼ੇ ਬਾਰੇ ਹੋਏ ਸੈਮੀਨਾਰ ਵਿੱਚ ਬੋਲ ਰਹੇ ਸਨ। ਇਹ ਸੈਮੀਨਾਰ ਹੈਦਰਾਬਾਦ ਵਿੱਚ ਸਿੰਧੀ ਭਾਸ਼ਾ ਦੀ ਅਥਾਰਟੀ ਵੱਲੋਂ ਕੀਤਾ ਗਿਆ ਸੀ।

ਅਸਲ ਵਿੱਚ ਇਹ ਸੈਮੀਨਾਰ ਸ਼ਾਹ ਅਬਦੁਲ ਲਤੀਫ਼ ਭੱਟਾਈ ਦੇ ਵਾਰਸ਼ਿਕ ਉਰਸ ਮੌਕੇ ਕੀਤਾ ਜਾਣਾ ਸੀ, ਪਰ ਇੰਵ ਨਾ ਹੋਇਆ। ਡਾ. ਬਲੋਚ ਨੇ ਅਖਿਆ ਕਿ ਭਾਸ਼ਾ ਦੀ ਪੜ੍ਹਾਈ ਕਰਾਉਣੀ ਹੀ ਕਾਫੀ ਨਹੀਂ : ਇਹ ਗੱਲ ਵੀ ਜ਼ਰੂਰੀ ਹੈ ਕਿ ਕਿਸੇ ਭਾਸ਼ਾ ਨੂੰ ਜੀਵਨ ਦੇ ਹਰ ਖੇਤਰ ਵਿੱਚ ਮੱਹਤਵ ਦਿੱਤਾ ਜਾਵੇ।

ਬਦਕਿਸਮਤੀ ਨਾਲ ਪੰਜਾਬ ਵਿੱਚ ਪੰਜਾਬੀ ਦਾ ਕੋਈ ਮਹਿਕਮਾ ਨਹੀਂ ਤੇ ਉਹ ਪੰਜਾਬੀ ਜਿਹੜੇ ਕੋਈ ਭਾਸ਼ਾ ਅਥਾਰਟੀ ਦੇ ਮੈਂਬਰ ਚੁਣੇ ਗਏ ਹਨ, ਸਮਝਦੇ ਹਨ ਕਿ ਏਨੀ ਗੱਲ ਹੀ ਕਾਫ਼ੀ ਹੈ। ਪ੍ਰਵੇਜ਼ ਇਲਾਹੀ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੇ ਬਣਨ ਨਾਲ ਮੁੱਖ ਮੰਤਰੀ ਵੱਲੋਂ ਇੱਕ ਪੁਰਾਣੇ ਪੱਤਰਕਾਰ ਤੇ ਕਾਲਮ-ਨਵੀਸ ਨੂੰ ਭਰੋਸਾ ਦਿਵਾਇਆ ਗਿਆ ਸੀ ਕਿ ਸਿੰਧਾਲੋ ਜੀ ਦੇ ਨਮੂਨੇ ਉੱਤੇ ਪੰਜਾਬੀ-ਭਾਸ਼ਾ ਦੀ ਵੀ ਅਜਿਹੀ ਹੀ ਸੰਸਥਾ ਕਾਇਮ ਕਰੇਗਾ। ਐਪਰ ਇਸ ਦੀ ਸਥਾਪਨਾ ਦਾ ਕਦੇ ਵੀ ਐਲਾਨ ਨਾ ਕੀਤਾ ਗਿਆ ਤੇ ਲੋਕਾਂ ਨੂੰ ਇਸ ਦੀ ਸਥਾਪਨਾ ਦੀ ਉਹਨਾਂ ਲੋਕਾਂ ਤੋਂ ਆਸ ਵੀ ਨਹੀਂ ਕਰਨੀ ਚਾਹੀਦੀ, ਜਿਹੜੇ ਰਾਜਨੀਤਕ ਅਤੇ ਭਾਸ਼ਾਈ ਤੌਰ 'ਤੇ ਘਟੀਆਪਨ ਦੇ ਅਹਿਸਾਸ ਦਾ ਸ਼ਿਕਾਰ ਹਨ। ਉਹ ਇਸ ਗੱਲ 'ਤੇ ਭਰੋਸਾ ਨਹੀਂ ਕਰ ਸਕਦੇ ਕਿ ਉਰਦੂ ਸਮੇਤ ਪੰਜਾਬੀ ਪਾਕਿਸਤਾਨ ਦੀਆਂ ਹੋਰ ਭਾਸ਼ਾਵਾਂ ਨਾਲੋਂ ਕਿਤੇ ਵੱਧ ਵਿਕਸਿਤ ਹੈ।

ਡਾ. ਬਲੋਚ ਜ਼ਿਆ ਦੇ ਰਾਜ-ਕਾਲ ਸਮੇਂ ਦਾ ਸਭ ਤੋਂ ਵੱਧ ਸਤਿਕਾਰਕ ਵਿਦਵਾਨਾਂ ਵਿੱਚੋਂ ਇੱਕ ਸਨ। ਉਹ ਹਿਜਰਾ ਕੌਂਸਲ ਤੇ ਅਜਿਹੀਆਂ ਹੋਰ ਸੰਸਥਾਵਾਂ ਨਾਲ ਜੁੜਿਆ ਹੋਇਆ ਸੀ। ਡਾ. ਅਫਜ਼ਲ ਉਦੋਂ ਸਿੱਖਿਆ ਮੰਤਰੀ ਸੀ ਤੇ ਕਿਸੇ ਸਮੇਂ ਉਹ ਵੀ ਪੰਜਾਬੀ ਭਾਸ਼ਾ ਦਾ ਦ੍ਰਿੜ ਸਮਰਥਕ ਸੀ। ਐਧਰ ਆਪਣੀ ਵਜ਼ੀਰੀ ਦੇ ਸਮੇਂ ਉਸ ਨੇ ਮਾਂ-ਬੋਲੀ ਲਈ ਕੁੱਝ ਵੀ ਨਾ ਕੀਤਾ। ਨਵੀਂ ਹਿਜਰੀ ਸਦੀ ਨਾਲ ਸਬੰਧਤ ਇੱਕ ਵੱਡਾ ਪ੍ਰੋਗਰਾਮ ਉਲੀਕਿਆ ਗਿਆ ਸੀ। ਪ੍ਰਸਿੱਧ ਲਿਖਾਰੀਆਂ ਰਾਹੀਂ ਕੁਝ ਨਿੱਕੀਆਂ ਕਿਤਾਬਾਂ ਦੇ ਛਾਪਣ ਪਿੱਛੋਂ ਸਾਰਾ ਪ੍ਰੋਗਰਾਮ ਛਪਾ ਦਿੱਤਾ ਗਿਆ ਤੇ ਉਸ ਦੀ ਕੋਈ ਵਜ੍ਹਾ ਨਾ ਦੱਸੀ ਗਈ। ਏਹੀ ਹੀ ਦੁਖਾਂਤ ਪਾਕਿਸਤਾਨ ਦੇ ਇਤਿਹਾਸ ਨਾਲ ਵਾਪਰਿਆ ਜਾਪਦਾ ਹੈ। ਜਿਸ ਪ੍ਰਾਜੈਕਟ ਦੀ ਮੁਖੀ ਡਾ. ਕਨੀਜ਼ ਯੂਸਫ਼ ਸਨ, ਜੋ ਪਹਿਲਾਂ ਇਸਲਾਮਾਬਾਦ ਯੂਨੀਵਰਸਿਟੀ ਦੀ ਵਾਈਸ-ਚਾਂਸਲਰ ਰਹਿ ਚੁੱਕੀ ਸੀ। ਬਹੁਤ ਸੰਭਾਵਨਾ ਹੈ ਕਿ ਉਹ ਹੁਣ ਏਥੇ ਨਹੀਂ ਹੈ ਤੇ ਕੋਈ ਵੀ ਇਸਲਾਮਾਬਾਦ ਵਿਚਲੇ ਪਾਕਿਸਤਾਨ ਦੇ ਇਤਿਹਾਸਕ ਤੇ ਸਭਿਆਚਾਰਕ ਕਮਿਸ਼ਨ ਦੀ ਹੋਣੀ ਤੋਂ ਵਾਕਫ਼ ਨਹੀਂ ਹੈ।

ਹੈਦਰਾਬਾਦ ਵਿਚਲੇ ਸੈਮੀਨਾਰ ਦੇ ਪ੍ਰਸੰਗ ਵਿੱਚ ਪੰਜਾਬ ਵਿਚਲਾ ਬੰਦਾ ਕੁਝ ਪ੍ਰੇਸ਼ਾਨੀ ਅਨੁਭਵ ਕਰਦਾ ਹੈ, ਕਿਉਂਕਿ ਏਥੇ ਨਾ ਕੋਈ ਪੰਜਾਬੀ ਭਾਸ਼ਾ ਦੀ ਅਥਾਰਟੀ ਹੈ ਨਾ ਪੰਜਾਬਾਲੋਜੀ ਦੀ ਸੰਸਥਾ ਤੇ ਨਾ ਹੀ ਕੋਈ ਅਦਬੀ ਬੋਰਡ ਹੈ।

ਡਾ. ਬਲੋਚ ਕਹਿੰਦੇ ਹਨ ਕਿ ਭਾਸ਼ਾ ਦੀ ਪੜ੍ਹਾਈ ਹੀ ਕਾਫ਼ੀ ਨਹੀਂ। ਉਹ ਇਹ ਗੱਲ ਸਿੰਧੀ ਤੇ ਉਰਦੂ ਦੇ ਸਬੰਧ ਵਿੱਚ ਤਾਂ ਕਹਿ ਸਕਦੇ ਹਨ। ਉਹਨਾਂ ਦੋ ਭਾਸ਼ਾਵਾਂ ਬਾਰੇ, ਜੋ ਪ੍ਰਦੇਸ਼ਕ ਤੇ ਰਾਸ਼ਟਰੀ ਪੱਧਰ ਉੱਤੇ ਸਨਮਾਨਿਤ ਭਾਸ਼ਾਵਾਂ ਹਨ। ਪਸ਼ਤੋ ਨੂੰ ਅਜੇ ਤੀਕ ਵੀ ਪ੍ਰਾਇਮਰੀ ਪੱਧਰ ਉੱਤੇ ਸਿੱਖਿਆ ਦਾ ਵਸੀਲਾ ਨਹੀਂ ਬਣਾਇਆ ਗਿਆ।

ਪਰ ਇਸ ਨੂੰ ਪਸ਼ਤੋ ਬੋਲਦੇ ਇਲਾਕਿਆਂ ਵਿੱਚ, ਵੱਖਰੇ ਵਿਸ਼ੇ ਦੇ ਤੌਰ 'ਤੇ ਜ਼ਰੂਰ ਪ੍ਰਾਇਮਰੀ ਪੱਧਰ ਤੇ ਪੜ੍ਹਾਇਆ ਜਾ ਰਿਹਾ ਹੈ। ਪਿਸ਼ਾਵਰ ਯੂਨੀਵਰਸਿਟੀ ਵਿੱਚ ਸਥਾਪਤ ਪਸ਼ਤੋ ਅਕਾਡਮੀ ਸੀ। ਸਾਹਿਤਕ,

ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਧੀਆ ਢੰਗ ਦੀ ਵਿਕਸਿਤ ਸੰਸਥਾ ਹੈ। ਪਰ ਇਸ ਦੇ ਉਲਟ, ਪੰਜਾਬੀ ਨਾ ਤੇ ਕਾਲਜਾਂ ਦੇ ਟੀਚਰ-ਟਰੇਨਿੰਗ ਪ੍ਰੋਗਰਾਮ ਵਿੱਚ ਅਤੇ ਨਾ ਹੀ ਸਕੂਲਾਂ ਵਿੱਚ ਲਾਗੂ ਕੀਤੀ ਗਈ ਹੈ। ਸਿੱਖਿਆ ਦਾ ਮਾਧਿਅਮ ਬਣਾਉਣ ਦੀ ਤਾਂ ਗੱਲ ਛੱਡੋ, ਪੰਜਾਬੀ ਨੂੰ ਤਾਂ ਪ੍ਰਾਇਮਰੀ ਪੱਧਰ ਉੱਤੇ ਪੜ੍ਹਾਉਣ ਦਾ ਵੀ ਕੋਈ ਪ੍ਰਬੰਧ ਨਹੀਂ। ਸਥਾਪਤੀ ਦੇ ਦਾਅਵੇਦਾਰਾਂ ਨੇ ਚੋਟੀ ਦੀ ਅਫ਼ਸਰਸ਼ਾਹੀ ਨੂੰ ਅੰਗਰੇਜ਼ਾਂ ਵਾਲੀ ਭਾਸ਼ਾਈ ਨੀਤੀ ਨੂੰ ਦੁਬਾਰਾ ਜਿਊਂਦਾ ਕਰਨ ਦੀ ਆਗਿਆ ਨਹੀਂ ਦਿੱਤੀ, ਜਿਸਦੇ ਅਧੀਨ, ਅੰਗਰੇਜ਼ਾਂ ਦੇ ਰਾਜ-ਅਧਿਕਾਰੀਆਂ ਲਈ ਉਸ ਭਾਸ਼ਾ ਦਾ ਜਾਨਣਾ ਜ਼ਰੂਰੀ ਸੀ, ਜਿਸ ਇਲਾਕੇ ਵਿੱਚ ਕਿ ਉਹ ਨੌਕਰੀ ਕਰਦੇ ਹੁੰਦੇ ਸਨ। ਕਿਉਂਕਿ ਸੁੱਖ-ਰਹਿਣੀ ਅਫ਼ਸਰਸ਼ਾਹੀ ਨੇ ਇਹ ਸ਼ਰਤ ਹਟਾ ਦਿੱਤੀ। ਪਾਕਿਸਤਾਨ ਬਣਨ ਦੇ ਪਹਿਲੇ ਦਹਾਕੇ ਵਿੱਚ ਹੀ, ਬੰਗਾਲ, ਸਿੰਧ, ਪੰਜਾਬ ਤੇ ਦੂਸਰੇ ਸੂਬਿਆਂ ਵਿੱਚ, ਲੋਕਾਂ ਨੇ ਵੇਖਿਆ ਕਿ ਵੱਡੇ ਅਫ਼ਸਰ, ਜੋ ਲੋਕਾਂ 'ਤੇ ਰਾਜ ਕਰਦੇ ਸਨ, ਉਹ ਉਹਨਾਂ ਲੋਕਾਂ ਨਾਲ ਸਿਰਫ਼ ਉਰਦੂ ਹੀ ਬੋਲਦੇ ਸਨ।

ਉਰਦੂ ਦੀ ਚੌਧਰ ਕਾਰਨ ਕੌਮੀ ਪੱਧਰ ਉੱਤੇ ਭਾਸ਼ਾਈ ਘ੍ਰਿਣਾ ਨੇ ਜਨਮ ਲਿਆ। ਉਰਦੂ ਬੋਲਣ ਵਾਲੀ ਅਫ਼ਸਰਸ਼ਾਹੀ ਨੂੰ ਲੋਕਾਂ ਵੱਲੋਂ ਛੋਟਾਂ ਸਨ, ਕਿਉਂਕਿ ਉਰਦੂ ਉਹਨਾਂ ਦੀ ਮਾਂ-ਬੋਲੀ ਸੀ, ਪਰ ਪੰਜਾਬੀ ਦੀ ਛੋਟ ਨਹੀਂ ਸੀ। ਇਹੀ ਕਾਰਨ ਹੈ ਕਿ ਦੂਸਰੇ ਸੂਬਿਆਂ ਦੇ ਲੋਕਾਂ ਦੀ ਰਾਇ ਹੈ ਕਿ ਜਿਹੜੇ ਲੋਕ, ਆਪਣੀ ਅਮੀਰ ਭਾਸ਼ਾ ਨੂੰ ਅਣਡਿੱਠ ਕਰ ਸਕਦੇ ਹਨ, ਉਹ ਦੂਸਰੇ ਸੂਬਿਆਂ ਦੀਆਂ ਭਾਸ਼ਾਵਾਂ ਨੂੰ ਕਿਵੇਂ ਬਰਦਾਸ਼ਤ ਕਰਨਗੇ।

ਡਾ. ਬਲੋਚ ਕਹਿੰਦਾ ਹੈ ਕਿ ਭਾਸ਼ਾ ਦੀ ਸਿੱਖਿਆ ਹੀ ਕਾਫ਼ੀ ਨਹੀਂ। ਇਹ ਜਿੱਥੇ ਬੋਲੀ ਜਾਂਦੀ ਹੈ, ਉੱਥੇ ਉਸ ਨੂੰ ਸਰਕਾਰੀ ਰੁਤਬਾ ਪ੍ਰਾਪਤ ਹੋਣਾ ਚਾਹੀਦਾ ਹੈ।

ਜ਼ਰੂਰਤ ਇਸ ਗੱਲ ਦੀ ਹੈ ਕਿ ਸੂਬਿਆਂ ਵਿੱਚ ਸਭ ਨਿਯੁਕਤੀਆਂ ਉਹਨਾਂ ਲੋਕਾਂ ਦੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਜਿਹੜੇ ਸਥਾਨਕ ਭਾਸ਼ਾ ਨੂੰ ਜਾਣਦੇ ਹਨ ਜਾਂ ਜਿਹਨਾਂ ਨੇ ਸਥਾਨਕ ਭਾਸ਼ਾਵਾਂ ਤੇ ਉਹਨਾਂ ਦੀਆਂ ਉਪ-ਭਾਸ਼ਾਵਾਂ ਦਾ ਕੰਮ ਚਲਾਉਣ ਜੋਗਾ ਗਿਆਨ ਪ੍ਰਾਪਤ ਕਰ ਲਿਆ ਹੈ।

ਜਿਸ ਗੱਲ ਦੀ ਲੋੜ ਹੈ, ਉਹ ਇਹ ਹੈ ਕਿ ਪੰਜਾਬ ਵਿੱਚ, ਤੇ ਹੋਰ ਦੂਸਰੀਆਂ ਥਾਵਾਂ ਉੱਤੇ, ਸਥਾਨਕ ਭਾਸ਼ਾ ਨੂੰ ਪ੍ਰਾਇਮਰੀ ਪੱਧਰ ਉੱਤੇ ਪੜ੍ਹਾਈ ਦਾ ਵਸੀਲਾ ਬਣਾਇਆ ਜਾਵੇ ਤੇ ਬਾਅਦ ਵਿੱਚ, ਚੋਣਵੇਂ ਤੇ ਅਖਤਿਆਰੀ ਵਿਸ਼ਿਆਂ ਦਾ ਮਾਧਿਅਮ ਵੀ।

ਸਥਾਨਕ ਦਫ਼ਤਰਾਂ ਵਿੱਚ ਸਥਾਨਕ ਭਾਸ਼ਾਵਾਂ ਨੂੰ ਸਰਕਾਰੀ ਰੁਤਬਾ ਪ੍ਰਾਪਤ ਹੋਵੇ। ਇਹ ਕਚਿਹਰੀਆਂ ਦੀ ਭਾਸ਼ਾ ਵੀ ਹੋਵੇ, ਜਿੱਥੇ ਕਿ ਮੁੱਕਦਮੇਬਾਜ਼ ਲੋਕੀ ਆਪਣੀ ਮਾਂ ਬੋਲੀ ਤੋਂ ਬਿਨਾਂ ਹੋਰ ਕੋਈ ਬੋਲੀ ਨਹੀਂ ਜਾਣਦੇ ਹੁੰਦੇ। (—**ਅੰਗਰੇਜ਼ੀ ਵਿੱਚੋਂ ਅਨੁਵਾਦ**)

## ਗ਼ਜ਼ਲ

### ਮਸਊਦ ਅਹਿਮਦ ਚੌਧਰੀ (ਲਾਹੌਰ)

ਜਿਸ ਦਿਨ ਦਾ ਉਸ ਖ਼ੁਆਬ 'ਚ ਆਉਣਾ ਛੱਡ ਦਿੱਤਾ।
ਉਸ ਦਿਨ ਦਾ ਅਸੀਂ ਵੀ ਸੌਣਾ ਛੱਡ ਦਿੱਤਾ।

ਨਾ ਇਨ੍ਹਾਂ ਦੇ ਦਿਲ, ਨਾ ਕੰਨ, ਨਾ ਅੱਖੀਆਂ ਨੇ
ਤਾਂ ਪੱਥਰਾਂ ਨੂੰ ਹਾਲ ਸੁਣਾਉਣਾ ਛੱਡ ਦਿੱਤਾ।

ਡੁੱਲ੍ਹੇ ਅੱਥਰੂ ਬੇਰ ਨਹੀਂ ਹੁੰਦੇ ਸਮਝ ਗਿਆਂ,
ਇਸ ਕਰਕੇ ਮੈਂ ਅਸ਼ਕ ਬਹਾਉਣਾ ਛੱਡ ਦਿੱਤਾ।

ਵਿੱਚ ਵਿਸਾਖੀ ਵੈਰ ਵਿਰੋਧ ਅੱਜ ਨੱਚਦੇ ਨੇ
ਤਾਂ ਲੋਕਾਂ ਨੇ ਭੰਗੜਾ ਪਾਉਣਾ ਛੱਡ ਦਿੱਤਾ।

ਹੁਣ ਤੇ ਮਰਜ਼ੀ ਵੇਖ ਕਿਸੇ ਦੀ ਮੰਗਦੇ ਨੇ
ਜੋਗੀਆਂ ਨੇ ਠੂਠਾ ਤੜਵੌਣਾ ਛੱਡ ਦਿੱਤਾ।



ਜਿਸ ਦਿਨ ਦਾ ਕਾਂ ਉੱਡ ਗਿਆ ਛੱਡ ਬਨੇਰੇ ਨੂੰ
ਉਸੇ ਦਿਨ ਦਾ ਔਸੀਆਂ ਪੌਣਾ ਛੱਡ ਦਿੱਤਾ।

ਉਸ ਮਾਹਰ ਦਾ ਤੀਰ ਕਦੇ ਵੀ ਉਕਦਾ ਨਹੀਂ
ਉਹਦੀ ਅੱਖ ਦਾ ਵਾਰ ਬਚੌਣਾ ਛੱਡ ਦਿੱਤਾ।

ਨੱਚ-ਨੱਚ ਕਿਸੇ ਮਨਾਇਆ ਸੂਲੀ ਝੂਟ ਕਿਸੇ
ਮੈਂ ਤੇ ਏਸਰਾਂ ਯਾਰ ਮਨੌਣਾ ਛੱਡ ਦਿੱਤਾ।

ਜਿਸ ਦਿਨ ਦੀ 'ਮਸਊਦ' ਨਾਲ ਯਾਰੀ ਲਾ ਲਈ ਏ
ਅਸਾਂ ਵੀ ਏਧਰ-ਓਧਰ ਭਾਓਣਾ ਛੱਡ ਦਿੱਤਾ।

## ਬੀਤੇ ਭਲਕ ਦੀ ਗੱਲ/ਅਕਰਮ ਅਹਿਵਾਨ

ਧਰਤੀ ਤੈਨੂੰ ਵਾਜਾਂ ਮਾਰਦੀ
ਅੱਜ ਵੀ ਖੇਤਾਂ ਵਿੱਚ ਸਰੋਂਹ ਮਹਿਕਦਾ
ਅੱਜ ਵੀ ਕਣਕਾਂ ਨਿੱਸਰਦੀਆਂ ਪੈਲੀਆਂ ਵਿੱਚ,
ਅੱਜ ਵੀ ਰਾਤ ਨੂੰ ਬਾਲ ਖੇਡਦੇ,
ਅੱਜ ਵੀ ਦਾਦੀ ਬਾਤਾਂ ਸੁਣਾਉਂਦੀ
ਅੱਜ ਵੀ ਕੁੜੀਆਂ ਗਿੱਧੇ ਪਾਉਂਦੀਆਂ
ਅੱਜ ਵੀ ਮਾਈਆਂ ਘੋੜੀਆਂ ਗਾਉਂਦੀਆਂ
ਅੱਜ ਵੀ ਬੋਹੜ ਦੇ ਥੱਲੇ ਬਹਿ ਕੇ
ਯਾਰ ਬੇਲੀ ਪੱਤੇ ਖੇਡਦੇ

ਅੱਜ ਵੀ ਰਾਤ ਨੂੰ ਕੁੱਤੇ ਭੌਂਕਦੇ
ਅੱਜ ਵੀ ਡਰ ਬਘਿਆੜਾਂ ਦਾ
ਅੱਜ ਵੀ ਦਾਜ ਦੀ ਥੁੜ ਪਾਰੋਂ
ਧੀਆਂ ਘਰ ਬਹਿੰਦੀਆਂ
ਅੱਜ ਵੀ ਭਰਾ ਨੂੰ ਭਰਾ ਵੱਢਦੇ
ਜ਼ਮੀਨ ਦੇ ਇੱਕ ਟੋਟੇ ਲਈ।

ਫੇਰ ਵੀ ਪਤਾ ਨਹੀਂ ਕਾਹਨੂੰ,
ਵਡੇਰੀ ਉਮਰ ਦੇ ਕੁੱਝ ਬਾਬੇ
ਹਉਕੇ ਭਰਦੇ, ਦੇਸ ਦੀ ਗੱਲ ਕਰਦੇ
ਤੇ ਭਿੱਜੀਆਂ ਅੱਖਾਂ ਨਾਲ ਦੱਸਦੇ
ਸਾਡੇ ਦੇਸ਼, ਸਾਡੇ ਪੁਰਾਣੇ ਪਿੰਡ
ਇੱਕ ਹਰੀ ਸਿੰਘ ਹੱਟੀ ਵਾਲਾ ਹੁੰਦਾ ਸੀ
ਬੰਤੋ ਮਹਿਰੀ ਦਾਣੇ ਭੁੰਨਦੀ ਹੁੰਦੀ ਸੀ
ਹਰਵੇਲ ਸਿੰਘ ਬੜਾ ਤਗੜਾ ਭਲਵਾਨ ਹੁੰਦਾ ਸੀ
ਫੇਰ ਦੱਸਦੇ ਦੱਸਦੇ ਰੋ ਪੈਂਦੇ
ਤੇ ਰੋਂਦੇ ਰੋਂਦੇ ਉੱਠ ਕੇ ਘਰ ਵੱਲ ਤੁਰ ਪੈਂਦੇ
ਖੌਰੇ ਮੈਨੂੰ ਕਾਹਨੂੰ ਲੱਗਦਾ,
ਤੂੰ ਵੀ ਉਹਨਾਂ ਵਰਗਾ ਇੱਕ ਬਾਬਾ ਏਂ।

*ਹਿੰਦੀ ਕਹਾਣੀ :*

## ਨਿੱਘ - ਗੁਰਦੀਪ ਖੁਰਾਨਾ

ਸ਼ੋਅ ਖ਼ਤਮ ਹੋਏ ਘੰਟਾ-ਭਰ ਤੋਂ ਉੱਪਰ ਹੋ ਚੁੱਕਾ ਏ। ਪਰ ਮੀਂਹ ਹੈ ਕਿ ਰੁਕਣ ਦਾ ਨਾਂ ਨਹੀਂ ਲੈ ਰਿਹਾ। ਐਸਾ ਮੋਹਲੇਧਾਰ ਮੀਂਹ ਪੈਣ ਲੱਗ ਪਏਗਾ ਕੋਈ ਸੋਚ ਵੀ ਨਹੀਂ ਸਕਦਾ ਸੀ। ਆਉਂਦੇ ਸਮੇਂ ਵਰਮਾ ਜੀ ਕੋਈ ਨਾ ਕੋਈ ਇੰਤਜ਼ਾਮ ਕਰਕੇ ਆਉਂਦੇ ਜਾਂ ਫਿਰ ਆਉਂਦੇ ਹੀ ਨਾ। ਵਿਰਲੇ ਹੀ ਹੋਣਗੇ ਜੋ ਆਪਣੇ ਨਾਲ ਛਤਰੀ ਜਾਂ ਬਰਸਾਤੀ ਲੈ ਕੇ ਆਏ। ਉਹ ਸਾਰੇ ਤਾਂ ਸ਼ੋਅ ਖ਼ਤਮ ਹੁੰਦੇ ਸਾਰ ਝਟਪਟ ਨਿਕਲ ਗਏ।

ਸ਼ੋਅ ਖਤਮ ਹੋਇਆ ਸੀ ਤਾਂ ਸਾਰੇ ਕਿੰਵ ਧੱਕੋਧੱਕੀ ਹੁੰਦੇ ਬਾਹਰ ਆ ਰਹੇ ਸਨ ਜਿਵੇਂ ਨਿਕਲਦੇ ਸਾਰ ਹੀ ਚੱਲ ਪੈਣਗੇ। ਹਰੇਕ ਨੂੰ ਕਾਹਲ ਹੈ ਘਰ ਜਾਣ ਦੀ। ਕਿਉਂ ਨਾ ਹੋਵੇ, ਅਖ਼ੀਰਲਾ ਸ਼ੋਅ ਸੀ ਇਹ ਤੇ ਅੱਧੀ ਰਾਤ ਹੋਣ ਵਾਲੀ ਸੀ। ਪਰ ਇਸ ਮੀਂਹ ਨੇ ਉਨ੍ਹਾਂ ਦੇ ਹੌਸਲੇ ਪ੍ਰਸਤ ਕਰ ਦਿੱਤੇ। ਸਭ ਬਾਹਰ ਨਿਕਲ ਕੇ ਵਰਾਂਡਿਆਂ 'ਚ ਭਟਕਣ ਲੱਗੇ। ਬਹੁਤ ਖੁੱਲ੍ਹੇ-ਡੁੱਲ੍ਹੇ ਵਰਾਂਡੇ ਨੇ ਪੁਰਾਣੇ ਸਿਨਮਾ ਹਾਲ 'ਚ ਸਿੱਧ-ਪੱਧਰੇ ਬੇਸ਼ੱਕ ਟੀਨ ਦੀਆਂ ਛੱਤਾਂ ਦੇ ਹੀ ਬਣੇ ਨੇ।

ਦਸੰਬਰ ਦਾ ਅਖ਼ੀਰ ਹੈ ਤੇ ਕੜਾਕੇ ਦੀ ਠੰਢ। ਗੱਲਾਂ ਕਰਦੇ ਸਮੇਂ ਮੂੰਹ 'ਚੋਂ ਭਾਫ਼ ਵੀ ਨਿਕਲਦੀ ਏ ਤੇ ਦੰਦ ਵੱਜ ਰਹੇ ਨੇ। ਜਿਨ੍ਹਾਂ ਕੋਲ ਮਫਲਰ ਹੈ ਉਨ੍ਹਾਂ ਉਸ ਨਾਲ ਆਪਣਾ ਨੱਕ ਤੇ ਠੋਡੀ ਢੱਕ ਰੱਖੇ ਨੇ—ਦੂਜੇ ਆਪਣੀ ਠੋਡੀ ਗਲੇ 'ਚ ਦਬਾ ਕੇ ਆਪਣੇ ਠੁਰ-ਠੁਰ ਕਰਦੇ ਨੱਕ ਨੂੰ ਗਰਮ-ਗਰਮ ਸਾਹਾਂ ਨਾਲ ਨਿੱਘਾ ਕਰ ਰਹੇ ਨੇ। ਕੋਈ ਮੂੰਗਫਲੀ ਚੱਬ ਰਿਹਾ ਏ ਤੇ ਕੋਈ ਪਾਨ। ਕਿਸੇ ਨੇ ਸਿਗਰਟ ਸੁਲਗਾਈ ਹੋਈ ਏ ਤੇ ਕਿਸੇ ਨੇ ਬੀੜੀ। ਵਾਹ-ਵਾਹ ਰੌਣਕ ਲੱਗੀ ਹੋਈ ਏ।

ਜਿਉਂ-ਜਿਉਂ ਸਮਾਂ ਲੰਘ ਰਿਹਾ ਏ ਲੋਕ ਨੀਂਦ ਨਾਲ ਬੇਹਾਲ ਹੋਣ ਲੱਗ ਪਏ ਨੇ। ਮੀਂਹ ਜ਼ਰਾ ਹਲਕਾ ਹੋਣ ਲੱਗਦਾ ਏ ਤਾਂ ਉਹ ਦੋ-ਦੋ, ਚਾਰ-ਚਾਰ ਕਰਕੇ ਨਿਕਲੀ ਜਾਂਦੇ ਨੇ। ਆਖ਼ਰ ਘਰ ਹੀ ਤਾਂ ਜਾਣਾ ਹੈ, ਭਿੱਜ ਵੀ ਗਏ ਤਾਂ ਜਾ ਕੇ ਕੱਪੜੇ ਬਦਲ ਲੈਣਗੇ ਤੇ ਵੜ ਜਾਣਗੇ ਨਿੱਘੇ ਬਿਸਤਰੇ 'ਚ।

ਪਰ ਧਿਆਨ ਸਿੰਘ ਦੀ ਸਮੱਸਿਆ ਜ਼ਰਾ ਵੱਖਰੀ ਏ। ਉਸ ਨੇ ਜਿਹੜੇ ਕੱਪੜੇ ਪਹਿਨੇ ਹੋਏ ਨੇ, ਇਨ੍ਹਾਂ ਤੋਂ ਇਲਾਵਾ ਬਾਕੀ ਜੋ ਦੋ-ਢਾਈ ਜੋੜੇ ਕੱਪੜੇ ਉਸ ਕੋਲ ਨੇ। ਉਨ੍ਹਾਂ ਨੂੰ ਉਹ ਸ਼ਾਮੀ ਧੋ ਕੇ ਸੁੱਕਣੇ ਪਾ ਆਇਆ ਸੀ। ਥੋੜ੍ਹੀ ਦੇਰ ਲਈ ਧੁੱਪ ਨਿਕਲੀ ਸੀ ਤਾਂ ਉਸ ਨੇ ਮੌਕਾ ਦੇਖ ਕੇ ਧੋ ਸੁੱਟੇ ਸਨ। ਹੁਣ ਜੇਕਰ ਉਹ ਪਹਿਨੇ ਹੋਇਆਂ ਨੂੰ ਵੀ ਭਿਉਂ ਲੈਂਦਾ ਏ ਤਾਂ ਉਸ ਨੂੰ ਬਿਨਾਂ ਕੱਪੜਿਆਂ ਦੇ ਹੀ ਸੌਣਾ ਪਏਗਾ।

ਮੀਂਹ ਜ਼ਰਾ ਹੌਲਾ ਹੁੰਦਾ ਏ, ਫਿਰ ਤੇਜ਼ ਹੋ ਜਾਂਦਾ ਏ। ਹੌਲੀ-ਹੌਲੀ ਸਭ ਲੋਕ ਨਿਕਲ ਚੁੱਕੇ ਨੇ ਧਿਆਨ ਸਿੰਘ ਨੂੰ ਛੱਡ ਕੇ। ਵਰਾਂਡੇ ਦੀਆਂ ਬੱਤੀਆਂ ਵੀ ਬੁਝਾ ਦਿੱਤੀਆਂ ਗਈਆਂ ਨੇ ਜਾਂ ਸ਼ਾਇਦ ਲਾਈਟ ਹੀ ਚਲੀ ਗਈ ਕਿਉਂ ਕਿ ਸੜਕ 'ਤੇ ਵੀ ਰੌਸ਼ਨੀ ਨਹੀਂ ਨਜ਼ਰ ਆ ਰਹੀ। ਉਸ ਦੇ ਹੱਥ ਦੀ ਬੀੜੀ ਇਸ ਘੁੱਪ ਹਨੇਰੇ 'ਚ ਜੁਗਨੂੰ ਵਾਂਗ ਚਮਕ ਰਹੀ ਏ।

ਕੀ ਕਰੇ ਧਿਆਨ ਸਿੰਘ ? ਉਹ ਬੀੜੀ ਦਾ ਇਕ ਲੰਮਾ ਸੂਟਾ ਲਾਉਂਦਾ ਏ। ਨਿੱਕਰ ਕਮੀਜ਼ ਪਹਿਨੇ ਹੋਏ ਉਹ 'ਕੱਠਾ ਹੋ ਕੇ ਬੈਠਾ ਹੋਇਆ ਏ। ਸਿਰਫ਼ ਇਕ ਮੋਟਾ ਬਾਹਾਂ ਵਾਲਾ ਸਵੈਟਰ ਜ਼ਰੂਰ ਪਹਿਨਿਆ ਹੋਇਆ ਏ। ਆਪਣੀਆਂ ਨੰਗੀਆਂ ਲੱਤਾਂ ਨੂੰ ਉਸ ਨੇ ਬਾਹਾਂ 'ਚ ਘੁੱਟਿਆ ਹੋਇਆ ਏ। ਸੋਚ ਰਿਹਾ ਏ ਕਿਉਂ ਕੀਤੀ ਉਸ ਨੇ ਇਹ ਭੁੱਲ ਪਿਕਚਰ ਦੇਖਣ ਆਣ ਦੀ? ਜੰਗਾ ਭਲਾ ਮੇਮ ਸਾਹਬ ਨੇ ਸਮਝਾਇਆ ਵੀ ਸੀ ਕਿ ਅਜ ਮੌਸਮ ਠੀਕ ਨਹੀਂ ਫੇਰ ਕਿਸੇ ਦਿਨ ਚਲੇ ਜਾਵੀਂ। ਉਸੇ ਦੀ ਅਕਲ 'ਤੇ ਪਰਦਾ ਪੈ ਗਿਆ ਸੀ। ਆਖਰ ਬੱਦਲ ਤਾਂ ਛਾਏ ਹੀ ਪਏ ਸੀ। ਉਸ ਨੇ ਕਿਉਂ ਨਾ ਸੋਚਿਆ ਕਿ ਉਹ ਵਰ੍ਹ ਵੀ ਸਕਦੇ ਨੇ? ਜੇ ਪਿਛਲੇ ਦੋ-ਤਿੰਨਾਂ ਦਿਨਾਂ ਤੋਂ ਉਹ ਨਹੀਂ ਵਰ੍ਹੇ ਸਨ ਤਾਂ ਜ਼ਰੂਰੀ ਤਾਂ ਨਹੀਂ ਸੀ ਕਿ ਅੱਜ ਵੀ ਨਾ ਵਰ੍ਹਦੇ।

ਜੇ ਉਸ ਨੂੰ ਅੰਦਾਜ਼ਾ ਹੁੰਦਾ ਕਿ ਉਹ ਇੰਞ ਫੱਟ ਪੈਣਗੇ ਤਾਂ ਉਹ ਆਉਂਦਾ ਹੀ ਕਿਉਂ? ਪਰ ਹੁਣ ਕੀ ਕਰੇ ? ਉਸ ਦੀ ਕੁਝ ਸਮਝ ਨਾ ਆਇਆ ਤਾਂ ਉਸ ਨੇ ਸਿਰ ਗੋਡਿਆਂ 'ਚ ਛੁਪਾ ਲਿਆ।

ਯਾਦ ਆਉਣ ਲੱਗ ਪਈ ਉਸ ਨੂੰ ਆਪਣੇ ਘਰ ਦੀ। ਮਾਂ ਦੇ ਘਰ ਦੀ। ਮਾਂ ਦੀ। ਮਸਾਂ ਦੋ ਹੀ ਸਾਲ ਤਾਂ ਹੋਏ ਹੋਣਗੇ ਉਸਨੂੰ ਆਪਣਾ ਘਰ ਛੱਡੇ ਨੂੰ। ਹਰੇ-ਭਰੇ ਪਹਾੜਾਂ 'ਚ ਵਸਿਆ ਆਪਣਾ ਉਹ ਪਿੰਡ ਛੱਡੇ ਨੂੰ ਕਿੰਨਾ ਦੁੱਖ ਹੋਇਆ ਸੀ ਉੱਥੋਂ ਨਿਕਲਣ ਸਮੇਂ। ਪਰ ਕੀ ਕਰਦਾ? ਵੱਡਾ ਹੋ ਚੁੱਕਾ ਸੀ। ਤੇਰ੍ਹਾਂ-ਚੌਦ੍ਹਾਂ ਸਾਲ ਦਾ। ਇਸ ਵਰੇਸ ਤਕ ਪਹੁੰਚਦੇ-ਪਹੁੰਚਦੇ ਸਭ ਨਿਕਲ ਤੁਰਦੇ ਨੇ ਚਾਰ ਪੈਸੇ ਕਮਾਣ। ਉਸ ਦੇ ਵੱਡੇ ਭਰਾ ਵੀ ਇੱਕ-ਇੱਕ ਕਰਕੇ ਇੰਞ ਹੀ ਆ ਗਏ ਸਨ, ਇਸ ਸ਼ਹਿਰ 'ਚ। ਹੁਣ ਉਸ ਦੀ ਵਾਰੀ ਸੀ। ਉਸ ਤੋਂ ਬਹੁਤ ਉਮੀਦਾਂ ਨੇ ਘਰ ਵਾਲਿਆਂ ਨੂੰ। ਪੜ੍ਹਿਆ ਲਿਖਿਆ ਹੈ। ਪੰਜਵੀਂ ਪਾਸ ਕੀਤੀ ਹੈ



ਉਸ ਨੇ ਪਿੰਡ ਦੇ ਸਕੂਲ ਤੋਂ। ਉਸ ਦੇ ਮਾਸਟਰ ਜੀ ਦਾ ਕਹਿਣਾ ਸੀ ਉਹ ਮਿਹਨਤੀ ਵੀ ਹੈ ਤੇ ਹੁਸ਼ਿਆਰ ਵੀ। ਜੇ ਪਿੰਡ 'ਚ ਵੱਡਾ ਸਕੂਲ ਹੁੰਦਾ ਤਾਂ ਸ਼ਾਇਦ ਉਹ ਦਸਵੀਂ ਕਰ ਲੈਂਦਾ। ਖ਼ੈਰ ਛੱਡੋ, ਜਿੰਨਾ ਪੜ੍ਹ ਲਿਆ ਬਹੁਤ ਹੈ। ਆਖ਼ਰ ਕਿਸੇ ਦਫਤਰ ਵਿੱਚ ਲਗਣਾ ਨਹੀ

ਇਸ ਸ਼ਹਿਰ 'ਚ ਆਉਂਦੇ ਸਾਰ ਵੱਡੇ ਭਰਾ ਨੇ ਉਸ ਨੂੰ ਇਕ ਘਰ 'ਚ ਨੌਕਰ ਰਖਵਾ ਦਿੱਤਾ ਸੀ। ਪਰ ਸਾਲ ਡੇਢ ਸਾਲ ਬਾਅਦ ਸਾਹਬ ਦੀ ਬਾਹਰ ਬਦਲੀ ਹੋ ਗਈ ਤੇ ਧਿਆਨ ਸਿੰਘ ਦੀ ਨੌਕਰੀ ਜਾਂਦੀ ਲੱਗੀ। ਹੁਣ ਬੜੀ ਮੁਸ਼ਕਲ ਨਾਲ ਉਸ ਨੂੰ ਇਸ ਘਰ 'ਚ ਨੌਕਰੀ ਮਿਲੀ ਏ ਜਿੱਥੇ ਉਹ ਪਿਛਲੇ ਪੰਜਾਂ-ਛੇਆਂ ਮਹੀਨਿਆਂ ਤੋਂ ਲੱਗਾ ਹੋਇਆ ਏ। ਉਹ ਨਹੀਂ ਚਾਹੁੰਦਾ ਇੱਥੋਂ ਕਦੇ ਵੀ ਇਸ ਦੀ ਨੌਕਰੀ ਛੁੱਟੇ। ਬਹੁਤ ਭਲੇ ਲੋਕ ਨੇ ਇਹ। ਖ਼ਾਸ ਤੌਰ 'ਤੇ ਸਾਹਬ ਤਾਂ ਬੜੇ ਹੀ ਚੰਗੇ ਸੁਭਾਅ ਦੇ ਨੇ। ਹਮੇਸ਼ਾ ਬੜੇ ਪਿਆਰ ਨਾਲ ਬੋਲਦੇ ਨੇ। ਕਦੇ ਗੁੱਸਾ ਨਹੀਂ ਆਉਂਦਾ ਉਨ੍ਹਾਂ ਨੂੰ।

ਮੇਮ ਸਾਹਬ ਵੀ ਚੰਗੀ ਏ। ਡਪਟਦੀ ਤਾਂ ਜ਼ਰੂਰ ਏ ਪਰ ਖ਼ਿਆਲ ਵੀ ਪੂਰਾ ਰੱਖਦੀ ਏ। ਅੱਜ ਵੀ ਜਦ ਉਸ ਨੇ ਸਿਨਮੇ ਜਾਣ ਲਈ ਕਿਹਾ ਤਾਂ ਬਸ ਇੱਕੋ ਵਾਰੀ ਪੁੱਛਿਆ ਕਿ ਐਸੇ ਮੌਸਮ 'ਚ ਕਿਉਂ ਜਾਣਾ ਚਾਹੁੰਦਾ ਏ? ਕਿਸੇ ਹੋਰ ਦਿਨ ਚਲੇ ਜਾਈਂ ਪਰ ਜਦ ਇਸ ਦਾ ਉੱਤਰਿਆ ਹੋਇਆ ਚਿਹਰਾ ਵੇਖਿਆ ਤਾਂ ਬਸ ਏਨਾ ਕਿਹਾ ਠੀਕ ਹੈ ਜੇ ਬਹੁਤ ਚਿਤ ਕਰਦਾ ਤਾਂ ਚਲੇ ਜਾ। ਬਾਕੀ ਕੰਮ ਨਬੇੜ ਦੇਈਂ। ਫੁਲਕੇ ਮੈਂ ਆਪ ਲਾਹ ਲਵਾਂਗੀ।

ਮੇਮ ਸਾਹਬ ਨੂੰ ਵੇਖ ਕੇ ਉਸ ਨੂੰ ਹਮੇਸ਼ਾ ਆਪਣੀ ਮਾਂ ਯਾਦ ਆਉਂਦੀ ਏ। ਮਾਂ ਕਿਹੜਾ ਘੱਟ ਝਿੜਕਦੀ ਸੀ। ਉਸ ਨੂੰ ਉਸ ਦਾ ਖਾਲੀ ਬੈਠਣਾ ਬਿਲਕੁਲ ਚੰਗਾ ਨਹੀਂ ਸੀ ਲੱਗਦਾ। ਮੇਮ ਸਾਹਬ ਨੂੰ ਵੀ ਚੰਗਾ ਨਹੀਂ ਲੱਗਦਾ। ਉਹ ਆਪ ਵੀ ਤਾਂ ਹਰ ਸਮੇਂ ਲੱਗੀ ਹੀ ਰਹਿੰਦੀ ਏ। ਕਦੇ ਬੇਬੀ ਤਨੂ ਨੂੰ ਪੜ੍ਹਾਉਂਦੇ ਰਹਿਣਾ, ਕਦੇ ਝਾੜ-ਪੂੰਝ, ਕਦੇ ਸਿਲਾਈ-ਕਢਾਈ ਤੇ ਕਦੇ ਬੁਣਾਈ। ਪਿਛਲੇ ਤਿੰਨ-ਚਾਰ ਦਿਨਾਂ ਤੋਂ ਤਾਂ ਇਕ ਰਜਾਈ ਨਗੰਦ ਰਹੀ ਏ। ਬਹੁਤ ਸੁਹਣੀ ਰਜਾਈ ਏ। ਸ਼ਨੀਲ ਦੀ। ਡਬਲ। ਉਸ 'ਚ ਬੜੇ ਡਿਜ਼ਾਈਨ ਪਾ-ਪਾ ਕੇ ਨਗੰਦਦੀ ਰਹਿੰਦੀ ਏ। ਦਲਾਨ 'ਚ ਪਏ ਤਖ਼ਤ 'ਤੇ ਪਈ ਰਹਿੰਦੀ ਏ ਇਹ ਰਜਾਈ। ਮੇਮ ਸਾਹਬ ਨੂੰ ਜਦ ਵੀ ਟਾਈਮ ਮਿਲਦਾ ਏ ਜਾ ਕੇ ਉਸ 'ਚ ਨਗੰਦੇ ਪਾਣ ਲੱਗ ਜਾਂਦੀ ਏ। ਆਹ, ਕੀ ਰਜਾਈ ਏ! ਧਿਆਨ ਸਿੰਘ ਨੂੰ ਲੱਗਦਾ ਏ ਜਿਵੇਂ ਇਹ ਕੋਈ ਰੰਗੀਨ ਸੁਪਨਿਆਂ ਦੀ ਗਠੜੀ ਏ ਜਿਸ 'ਚ ਮੇਮ-ਸਾਹਬ ਨਿੱਤ ਨਵੇਂ ਸੁਪਨੇ ਜੋੜੀ ਚਲੇ ਜਾਂਦੀ ਏ।

ਉਸ ਮਖ਼ਮਲੀ ਰਜਾਈ ਦੀ ਯਾਦ ਆਉਂਦੇ ਹੀ ਧਿਆਨ ਸਿੰਘ ਨੂੰ ਆਪਣੀ ਗੁਦੜੀ ਦਾ ਧਿਆਨ ਆ ਗਿਆ ਜਿਹੜੀ ਉਹ ਪਿੰਡੋਂ ਨਾਲ ਲੈ ਕੇ ਆਇਆ ਸੀ। ਉਸ ਨੂੰ ਯਾਦ ਆਇਆ ਕਿ ਉਸ ਨੇ ਇਸ ਗੁਦੜੀ ਨੂੰ ਲਪੇਟ ਕੇ ਖਿੜਕੀ ਮੂਹਰੇ ਰੱਖਿਆ ਸੀ ਜਿਸ ਨਾਲ ਢੋਅ ਲਾ ਕੇ ਉਹ ਪੁਰਾਣੇ ਫਿਲਮੀ ਰਸਾਲੇ ਨੂੰ ਪਲਟਦਾ ਰਿਹਾ ਸੀ। ਉਸੇ ਰਸਾਲੇ ਨੂੰ ਜਿਸ ਵਿਚ ਇਸ ਫਿਲਮ ਦਾ ਜ਼ਿਕਰ ਸੀ ਜਿਹੜੀ ਉਸਨੇ ਹੁਣੇ-ਹੁਣੇ ਵੇਖੀ ਸੀ। ਕੀ ਇਸ ਨੇ ਬਾਰੀ ਬੰਦ ਕਰ ਦਿੱਤੀ ਸੀ ਆਉਂਦੇ ਸਮੇਂ? ਸ਼ਾਇਦ ਨਹੀਂ। ਕਿਤੇ ਇਸ ਮੋਹਲੇਧਾਰ ਮੀਂਹ 'ਚ ਉਸ ਦੀ ਗੁਦੜੀ 'ਤੇ ਵਾਛੜ ਨਾ ਪੈ ਰਹੀ ਹੋਵੇ, ਉਸ ਨੂੰ ਚਿੰਤਾ ਹੋ ਗਈ। ਪਰ ਹੁਣ ਚਿੰਤਾ ਕਰਨ ਦਾ ਕੀ ਲਾਭ? ਉਸ ਨੇ ਸੋਚਿਆ ਜੋ ਹੋਣਾ ਸੀ ਉਹ ਤਾਂ ਹੋ ਚੁੱਕਾ ਹੋਵੇਗਾ।

ਉਹਦੇ ਹੱਥ ਨੂੰ ਅਚਾਨਕ ਸੇਕ ਜਿਹਾ ਲੱਗਾ। ਉ ਹੋ-ਹੋ, ਬੀੜੀ ਮੁੱਕ ਚੁੱਕੀ ਏ। ਹੁਣ ਬਸ ਦੋ ਹੀ ਹੋਰ ਬਚੀਆਂ ਨੇ। ਹੁਣ ਉਹ ਹੋਰ ਨਹੀਂ ਪੀਵੇਗਾ। ਆਹ ਦੋ ਹੁਣ ਘਰ ਕੁਰਸੀ ਡਾਹ ਕੇ ਬੈਠੀ ਮੇਮ ਸਾਹਬ ਸਵੈਟਰ ਬੁਣਦੀ ਹੋਈ। ਲਾਨ ਦੇ ਗੱਭੇ ਫੁਹਾਰੇ ਦੇ ਬੰਨੇ 'ਤੇ ਬੈਠੀਆਂ ਬੇਬੀ ਤਨੂ ਦੀਆਂ ਦੋ ਸਹੇਲੀਆਂ। ਬੇਬੀ ਤਨੂ ਉਨ੍ਹਾਂ ਨਾਲ ਅੰਗ੍ਰੇਜ਼ੀ 'ਚ ਗੱਲ ਕਰ ਰਹੀ ਸੀ ਜਿਸ ਨੂੰ ਸੁਣ ਕੇ ਉਹ ਦੋਵੇਂ ਹੱਸ-ਹੱਸ ਕੇ ਦੂਹਰੀਆਂ ਹੋ ਰਹੀਆਂ ਸਨ। ਬੇਬੀ ਤਨੂ ਸੱਤਵੀਂ 'ਚ ਪੜ੍ਹਦੀ ਹੈ। ਉਸ ਦੀਆਂ ਸਹੇਲੀਆਂ ਵੀ ਸ਼ਾਇਦ ਉਸ ਦੇ ਨਾਲ ਹੀ ਪੜ੍ਹਦੀਆਂ ਹੋਣਗੀਆਂ। ਧਿਆਨ ਸਿੰਘ ਨੂੰ ਉਨ੍ਹਾਂ ਦੀਆਂ ਗੱਲਾਂ ਦੀ ਤਾਂ ਸਮਝ ਨਹੀਂ ਆਈ ਪਰ ਉਸ ਦੇ ਮਨ 'ਚ ਅਜੀਬ ਕਸਮਸਾਹਟ ਸ਼ੁਰੂ ਹੋ ਗਈ। ਉਸ ਨੇ ਅੱਜ ਇਸ ਫ਼ਿਲਮ ਨੂੰ ਵੇਖਣ ਦਾ ਫ਼ੈਸਲਾ ਕਰ ਲਿਆ। ਉਸ ਨੇ ਸੁਣਿਆ ਹੋਇਆ ਸੀ ਕਿ ਇਸ ਫ਼ਿਲਮ 'ਚ ਇਸ ਘਰ ਦੇ ਨੌਕਰ 'ਤੇ ਇਕ ਕਰੋੜਪਤੀ ਬਾਪ ਦੀ ਧੀ ਲੱਟੂ ਹੋ ਜਾਂਦੀ ਏ।

ਤੇ ਉਸ ਨੂੰ ਮੇਮ ਸਾਹਬ ਤੋਂ ਪਿਕਚਰ ਵੇਖਣ ਦੀ ਇਜਾਜ਼ਤ ਵੀ ਮਿਲ ਗਈ ਸੀ।

ਸਿਰ ਗੋਡਿਆਂ 'ਤੇ ਰੱਖੇ-ਰੱਖੇ ਪਤਾ ਨਹੀਂ ਕਦ ਉਸ ਦੀ ਅੱਖ ਲੱਗ ਗਈ।

ਇਹ ਬਿਜਲੀ ਕੜਕਣ ਦੀ ਆਵਾਜ਼ ਸੀ ਜਾਂ ਚੌਕੀਦਾਰ ਦੇ ਡੰਡੇ ਦੀ ਫਟਕਾਰ ਜਿਸ ਨੇ ਉਸ ਨੂੰ ਜਗਾਇਆ, ਉਹ ਨਹੀਂ ਸਮਝ ਸਕਿਆ।

"ਓਏ ਮੁੰਡਿਆ, ਕੀ ਕਰਦੈਂ ਓਏ ਤੂੰ ਇੱਥੇ ? ਚਲਦਾ ਬਣ।"

"ਜ਼ਰਾ ਮੀਂਹ ਹਟ ਲਵੇ।"

"ਤੂੰ ਹੁਣ ਤੁਰਦਾ ਨਜ਼ਰ ਆ। ਸਾਰੇ ਤਾਂ ਚਲੇ ਗਏ, ਤੂੰ ਹੀ ਰਹਿ ਗਿਐਂ ਇਕ ਮੋਮ ਦਾ ਬਣਿਆ ਹੋਇਆ। ਚੱਲ ਦੌੜ। ਅਸੀਂ ਬੰਦ ਕਰਨੈ।"

ਤੇ ਉਹ ਆਪਣੀ ਜੁੱਤੀ ਹੱਥ 'ਚ ਫੜ ਕੇ ਉੱਥੋਂ ਚਲਾ ਗਿਆ। ਘੁੱਪ ਹਨ੍ਹੇਰਾ। ਛਮਾਛਮ ਵਰਖਾ। ਕੜਕਦੀ ਬਿਜਲੀ ਦੀ ਚਮਕ 'ਚ ਰਾਹ ਪਛਾਣਦਾ। ਸੜਕ ਦੇ ਪਾਣੀ 'ਚ ਪੈਰ ਛਪਕਾਉਂਦਾ, ਭਿੱਜਦਾ ਹੋਇਆ, ਠੁਰ-ਠੁਰ ਕੰਬਦਾ, ਇਕ-ਇਕ ਕਦਮ ਗਿਣਦਾ ਕਿਸੇ ਤਰ੍ਹਾਂ ਉਹ ਘਰ ਪਹੁੰਚ ਗਿਆ। ਗੇਟ ਨੂੰ ਜੰਦਰਾ ਨਹੀਂ ਲੱਗਾ। ਜੰਦਰਾ ਤਾਂ ਉਸ ਨੇ ਹੀ ਲਾਉਣਾ ਏ। ਜਦ ਵੀ ਉਹ ਆਖਰੀ ਸ਼ੋਅ ਵੇਖਣ ਜਾਂਦਾ ਮੇਮ ਸਾਹਬ ਜੰਦਰਾ ਉਸ ਦੇ ਕਮਰੇ ਦੇ ਬਾਹਰ ਰੱਖ ਛੱਡਦੀ ਏ।

ਉਸ ਦੇ ਕਮਰੇ ਦੇ ਬਾਹਰ ਮਤਲਬ ਉਸ ਦੇ ਅੰਦਰ ਖੁੱਲ੍ਹਣ ਵਾਲੇ ਦਰਵਾਜ਼ੇ ਦੇ ਸਾਹਮਣੇ। ਇਸ ਪੁਰਾਣੇ ਢੰਗ ਦੀ ਕੋਠੀ 'ਚ ਜਿੱਥੇ ਬਾਹਰ ਤਾਂ ਵੱਡੇ-ਵੱਡੇ ਲਾਅਨ ਹੈ ਹੀ ਨੇ ਅੰਦਰ ਵੀ ਇਕ ਵਿਹੜਾ ਜਿਹਾ ਛੱਡਿਆ ਹੋਇਆ ਏ।

ਚੌਹਾਂ ਪਾਸਿਆਂ ਤੋਂ ਦਲਾਨਾਂ ਨਾਲ ਘਿਰਿਆ ਹੋਇਆ ਛੋਟਾ ਜਿਹਾ ਵਿਹੜਾ। ਧਿਆਨ ਸਿੰਘ ਦੇ ਕਮਰੇ ਦੇ ਅੰਦਰਲਾ ਦਰਵਾਜ਼ਾ ਇੱਥੇ ਹੀ ਪਿਛਲੇ ਪਾਸੇ ਵਾਲੇ ਚਲਾਨ 'ਚ ਖੁੱਲ੍ਹਦਾ ਏ। ਜਦ ਧਿਆਨ ਸਿੰਘ ਬਾਹਰ ਜਾਂਦਾ ਏ ਤਾਂ ਆਪਣੇ ਕਮਰੇ ਦੇ ਬਾਹਰਲੇ ਪਾਸੇ ਵਾਲੇ ਦਰਵਾਜ਼ੇ 'ਤੇ ਜੰਦਰਾ ਮਾਰ ਕੇ ਜਾਂਦਾ ਏ।

ਸਵੈਟਰ ਅੰਦਰ ਹੱਥ ਪਾ ਕੇ ਕਮੀਜ਼ ਦੀ ਜੇਬ 'ਚੋਂ ਚਾਬੀ ਕੱਢ ਕੇ ਉਸ ਨੇ ਜੰਦਰਾ ਖੋਲ੍ਹਿਆ। ਕਮਰੇ ਵਿਚਲਾ ਹਨ੍ਹੇਰਾ ਹੋਰ ਵੀ ਸੰਘਣਾ ਹੈ। ਉਸ ਨੇ ਸਵਿੱਚ ਟੋਹ ਕੇ ਦਬਾਇਆ। ਪਰ ਲਾਈਟ ਤਾਂ ਹੈ ਹੀ ਨਹੀਂ। ਉਸ ਨੇ ਜੇਬ 'ਚੋਂ ਮਾਚਸ ਕੱਢ ਕੇ ਇਕ ਤੀਲੀ ਜਲਾਣ ਦੀ ਕੋਸ਼ਿਸ਼ ਕੀਤੀ, ਨਹੀਂ ਜਲੀ। ਉਸ ਨੇ ਦੂਜੀ ਤੀਲੀ ਕੱਢੀ, ਫਿਰ ਤੀਜੀ। ਕਿੱਥੋਂ ਜਲਣੀ ਸੀ। ਮਾਚਸ ਬੁਰੀ ਤਰ੍ਹਾਂ ਸਲ੍ਹਾਬ ਚੁੱਕੀ ਸੀ। ਬੜੀ ਹਸਰਤ ਨਾਲ ਬਚਾ ਕੇ ਰੱਖੀਆਂ ਉਸ ਦੀਆਂ ਦੋਵੇਂ ਬੀੜੀਆਂ ਰੱਖੀਆਂ ਹੀ ਰਹਿ ਗਈਆਂ।

ਕਿਸੇ ਤਰ੍ਹਾਂ ਅੰਦਰ ਵਾਲਾ ਦਰਵਾਜ਼ਾ ਟੋਹ ਕੇ ਖੋਲ੍ਹਿਆ ਤੇ ਜੰਦਰਾ ਚੁੱਕ ਕੇ ਫਿਰ ਮੀਂਹ 'ਚ ਭਿੱਜਦੇ ਹੋਏ ਨੇ ਜਾ ਕੇ ਬਾਹਰਲੇ ਗੇਟ 'ਤੇ ਲਾਇਆ। ਚਾਬੀ ਲਿਆ ਕੇ ਮੁੜ ਉਸੇ ਥਾਂ ਰੱਖ ਦਿੱਤੀ ਤਾਂ ਅੰਦਰਲਾ ਦਰਵਾਜ਼ਾ ਬੰਦ ਕਰ ਦਿੱਤਾ।

ਮੀਂਹ ਨਾਲ ਗੜੁੱਚ ਹੋਏ ਆਪਣੇ ਕੱਪੜਿਆਂ ਨੂੰ ਇਕ-ਇਕ ਕਰ ਕੇ ਲਾਹੀ ਗਿਆ ਤੇ ਨਚੋੜੀ ਗਿਆ। ਫਿਰ ਨੁੱਚੜੀ ਹੋਈ ਕਮੀਜ਼ ਨਾਲ ਪਿੰਡਾ ਪੂੰਝਿਆ। ਉਸ ਨੂੰ ਸਿਰ 'ਤੇ ਰਗੜਿਆ।

ਆਪਣੇ ਕਮਰੇ 'ਚ ਨੰਗ-ਧੜੰਗਾ ਖੜ੍ਹਾ ਇਹ ਸੋਚ ਰਿਹਾ ਏ ਕਿ ਹੁਣ ਪਹਿਨੇ ਕੀ? ਆਪਣਾ ਸਾਫ਼ਾ ਲੱਭ ਕੇ ਉਸ ਨੇ ਨਿੱਕਰ ਦੀ ਥਾਂ ਲਪੇਟ ਲਿਆ ਤੇ ਬਿਸਤਰੇ ਦੀ ਚਾਦਰ ਖਿੱਚ ਕੇ ਪਿੰਡਾ ਢੱਕ ਲਿਆ। ਥੋੜ੍ਹਾ ਜਿਹਾ ਚੈਨ ਆਇਆ। ਬਸ ਥੋੜ੍ਹਾ ਜਿਹਾ। ਇੰਨੀ ਭਿਅੰਕਰ ਠੰਢ 'ਚ ਇੰਨਾ ਭਿੱਜ ਜਾਣ ਪਿੱਛੋਂ ਇਹ ਬਹੁਤ ਨਾਕਾਫੀ ਹੈ। ਉਸ ਨੇ ਆਪਣੀ ਗੁਦੜੀ ਟੋਹੀ। ਪਰ ਉਹ ਤਾਂ ਸਚਮੁੱਚ ਭਿੱਜੀ ਪਈ ਸੀ। ਬੁਰੀ ਤਰ੍ਹਾਂ ਵਾਛੜ ਪਈ ਸੀ ਉਸ 'ਤੇ।

ਕੀ ਕਰੇ ਹੁਣ ਧਿਆਨ ਸਿੰਘ? ਕਿੰਞ ਕੱਟੇ ਇੰਨੀ ਲੰਮੀ ਰਾਤ? ਕਿੰਞ ਮੁਕਾਬਲਾ ਕਰੇ ਏਸ ਭਿਆਨਕ ਠੰਢ ਦਾ? ਪਿੰਡਾ ਕੰਬ ਰਿਹਾ ਏ। ਦੰਦ ਵੱਜ ਰਹੇ ਨੇ? ਪੈਰ ਸੁੰਨ ਹੁੰਦੇ ਜਾ ਰਹੇ ਨੇ। ਆਪਣੇ ਪਿੰਡੇ ਨੂੰ ਗਰਮਾਉਣ ਲਈ ਉਹ ਡੰਡ-ਬੈਠਕਾਂ ਲਾਉਣ ਲੱਗ ਪਿਆ। ਸਾਹ ਫੁੱਲਣ ਲੱਗਾ ਤਾਂ ਬਹਿ ਗਿਆ। ਚਾਦਰ ਚੰਗੀ ਤਰ੍ਹਾਂ ਦੁਆਲੇ ਲਪੇਟ ਲਈ, ਕੁਝ ਚਿਰ ਚੈਨ ਰਿਹਾ। ਮੁੜ ਕਾਂਬਾ ਸ਼ੁਰੂ ਹੋ ਗਿਆ।

ਹੁਣ ਕੀ ਕਰੇ? ਬਹੁਤ ਥੱਕ ਚੁੱਕਾ ਏ। ਹੋਰ ਡੰਡ-ਬੈਠਕਾਂ ਨਹੀਂ ਲਾ ਹੁੰਦੀਆਂ। ਕੀ ਅੰਦਰ ਜਾ ਕੇ ਮੇਮ ਸਾਹਬ ਤੋਂ ਕੁਝ ਮੰਗ ਲਵੇ ਓਢਣ ਲਈ। ਪਰ ਉਹ ਤਾਂ ਸੁੱਤੀ ਪਈ ਹੋਵੇਗੀ ਗਹਿਰੀ ਨੀਂਦ। ਉਨ੍ਹਾਂ ਨੂੰ ਜਗਾਉਣ ਦੀ ਹਿੰਮਤ ਕਿੱਥੋਂ ਲਿਆਵੇ?

ਉਹ ਅੰਦਰਲਾ ਦਰਵਾਜ਼ਾ ਖੋਲ੍ਹ ਕੇ ਦਲਾਨਾਂ 'ਚ ਟਹਿਲਣ ਲੱਗ ਪਿਆ। ਇਸ ਆਸ ਨਾਲ ਕਿ ਸ਼ਾਇਦ ਖੜਾਕ ਸੁਣ ਕੇ ਮੇਮ ਸਾਹਬ ਜਾਗ ਜਾਵੇ। ਉਨ੍ਹਾਂ ਦੇ ਕਮਰੇ ਦੀ ਲਾਈਟ ਬਲੇ ਤੇ ਉਹ ਆਵਾਜ਼ ਦੇ ਸਕੇ। ਪਰ ਨਹੀਂ, ਕੋਈ ਅਸਰ ਨਹੀਂ ਹੋਇਆ। ਉਸ ਦੀ ਖਟਰ-ਪਟਰ ਦਾ ਇਸ ਤੇਜ਼ ਵਰਖਾ ਦੇ ਰੌਲੇ 'ਚ। ਜ਼ਿਆਦਾ ਠੰਢ ਲੱਗੀ ਤਾਂ ਉਹ ਉਛਲ-ਉਛਲ ਕੇ ਦੌੜਨ ਲੱਗ ਪਿਆ। ਉੱਧਰੋਂ-ਇੱਧਰ ਤੇ ਇੱਧਰੋਂ-ਉੱਧਰ।

ਵਾਰ-ਵਾਰ ਚਮਕ ਰਹੀ ਬਿਜਲੀ 'ਚ ਉਸ ਦਾ ਧਿਆਨ ਉਸ ਮਖਮਲੀ ਰਜਾਈ ਵਲ ਖਿੱਚਿਆ ਚਲੇ ਜਾਂਦਾ ਹੈ ਜਿਸ 'ਚ ਮੇਮ ਸਾਹਬ ਪਿਛਲੇ ਕਈ ਦਿਨਾਂ ਤੋਂ ਨਗੰਦੇ ਪਾ ਰਹੀ ਏ। ਰੰਗੀਨ ਸੁਪਨਿਆਂ ਦੀ ਇਸ ਗਠਰੀ 'ਚ।

ਅਖ਼ੀਰ ਉਹ ਆਪਣੇ-ਆਪ ਨੂੰ ਨਹੀਂ ਰੋਕ ਸਕਿਆ। ਰਜਾਈ ਕੋਲ ਪਹੁੰਚ ਕੇ ਉਸ ਦੀ ਮੁਲਾਇਮ



ਸਤਹਾ 'ਤੇ ਹੱਥ ਫੇਰਨ ਦਾ ਹੌਸਲਾ ਕੀਤਾ। ਇਸ ਗੁਰਗੁਦੇ ਮਖ਼ਮਲੀ ਅਹਿਸਾਸ ਨੇ ਉਸ ਨੂੰ ਇੰਨਾ ਬੇਚੈਨ ਕਰ ਦਿੱਤਾ ਕਿ ਉਸ ਦਾ ਆਪਣੇ ਆਪ 'ਤੇ ਵੱਸ ਹੀ ਨਹੀਂ ਰਿਹਾ। ਪਹਿਲਾਂ ਆਪਣੇ ਦੋਹਾਂ ਹੱਥਾਂ ਨਾਲ ਉਸ ਨੂੰ ਸਹਿਲਾਉਂਦਾ ਰਿਹਾ ਫਿਰ ਥਕੇਵੇਂ ਨਾਲ ਚੂਰ ਆਪਣਾ ਸਿਰ ਉਸ ਵਿੱਚ ਵਾੜ ਦਿੱਤਾ। ਮਾਂ ਦੀ ਗੋਦ ਵਰਗਾ ਸੁੱਖ। ਕੁਝ ਛਿਣ ਇੰਞ ਹੀ ਮੂੰਹ ਹੇਠਾਂ ਨੂੰ ਕਰਕੇ ਪਿਆ ਰਿਹਾ।

ਬਹੁਤ ਨਿੱਘ ਆ ਰਿਹਾ ਏ ਪਰ ਪਿੱਠ ਅਤੇ ਬਾਕੀ ਦੇ ਸਰੀਰ 'ਤੇ ਠੰਢ ਦਾ ਵਾਰ ਉਸੇ ਤਰ੍ਹਾਂ ਜਾਰੀ ਰਿਹਾ। ਕੀ ਇੰਞ ਨਹੀਂ ਹੋ ਸਕਦਾ ਕਿ ਥੋੜ੍ਹੇ ਚਿਰ ਲਈ ਉਹ ਸਮੁੱਚਾ ਹੀ ਇਸ ਰਜਾਈ 'ਚ ਵੜ ਜਾਵੇ। ਬਸ ਥੋੜ੍ਹੀ ਦੇਰ ਵਾਸਤੇ ਜਦ ਤਕ ਕਿ ਸ਼ਰੀਰ 'ਚ ਪੂਰੀ ਤਰ੍ਹਾਂ ਗਰਮੀ ਨਹੀਂ ਆ ਜਾਂਦੀ।

ਧਿਆਨ ਸਿੰਘ ਨੇ ਸਵੇਰੇ ਸਾਝਰੇ ਉੱਠਣਾ ਹੁੰਦਾ ਏ। ਸਭ ਤੋਂ ਪਹਿਲਾਂ। ਉੱਠ ਕੇ ਉਸ ਨੇ ਹੀ ਗੇਟ ਖੋਲ੍ਹਣਾ ਹੁੰਦਾ ਏ। ਫਿਰ ਦੁੱਧ ਲੈਣ ਜਾਣਾ। ਫਿਰ ਰਾਤ ਦੇ ਭਾਂਡੇ। ਅੱਜ ਤਾਂ ਸਾਰੇ ਹੀ ਭਾਂਡੇ ਪਏ ਹੋਣੇ ਨੇ। ਸਵੇਰੇ ਤਾਂ ਹੋਰ ਵੀ ਛੇਤੀ ਉੱਠਣਾ ਪਏਗਾ।

ਉਸ ਨੂੰ ਖ਼ਿਆਲ ਆਇਆ ਕਿ ਉਸ ਨਾਲੋਂ ਪਹਿਲਾਂ ਤਾਂ ਕੋਈ ਉੱਠੇਗਾ ਨਹੀਂ। ਜੇ ਉਹ ਦਿਨ ਨਿਕਲਣ ਤੋਂ ਪਹਿਲਾਂ-ਪਹਿਲਾਂ ਇਸ ਰਜਾਈ ਦਾ ਸੁਖ ਲੈ ਲਵੇ ਤੇ ਫਿਰ ਚੁੱਪਚਾਪ ਲਿਆ ਕੇ ਵਾਪਸ ਰੱਖ ਦੇਵੇ ਤਾਂ ਕਿਸੇ ਨੂੰ ਕੀ ਪਤਾ ਲੱਗੇਗਾ। ਪਰ ਇਸ ਮੁਲਾਇਮ ਗੁਦਗੁਦੇ ਸੁਖ ਨੂੰ ਲਪੇਟ ਕੇ ਜਿਹੜੀ ਨੀਂਦ ਆਵੇਗੀ ਉਸ 'ਤੇ ਉਸ ਦਾ ਵਸ ਚੱਲੇਗਾ, ਇਸ ਦਾ ਅੰਦਾਜ਼ਾ ਲਾਣ ਦੀ ਸਥਿਤੀ 'ਚ ਉਹ ਇਸ ਵੇਲੇ ਨਹੀਂ।

ਸਵੇਰ ਦੇ ਸੱਤ ਵੱਜ ਚੁੱਕੇ ਨੇ। ਸਾਹਬ ਅਜੇ ਸੁੱਤੇ ਪਏ ਨੇ ਗਹਿਰੀ ਨੀਂਦ। ਪਰ ਮੇਮ ਸਾਹਬ ਦੀ ਨੀਂਦ ਖੁੱਲ੍ਹ ਗਈ ਏ। ਧਿਆਨ ਸਿੰਘ ਹਾਲੀ ਤੀਕ ਨਹੀਂ ਉੱਠਿਆ ? ਉਸ ਨੂੰ ਹੈਰਾਨੀ ਹੋਈ। ਉਸ ਨੇ ਆਵਾਜ਼ ਮਾਰੀ। ਕੋਈ ਜਵਾਬ ਨਹੀਂ ਮਿਲਿਆ ਤਾਂ ਉੱਠ ਕੇ ਵਿਹੜੇ ਵੱਲ ਆਈ, ਆ ਕੇ ਉਸ ਦੇ ਕਮਰੇ ਦਾ ਦਰਵਾਜ਼ਾ ਖਟਖਟਾਇਆ।

ਦਰਵਾਜ਼ਾ ਤਾਂ ਅੱਧਾ ਖੁੱਲ੍ਹਾ ਹੀ ਪਿਆ ਏ। ਅੰਦਰ ਝਾਤੀ ਮਾਰੀ ਤਾਂ ਅੱਖਾਂ 'ਤੇ ਯਕੀਨ ਨਹੀਂ ਆਇਆ। ਗੁੱਸੇ ਨਾਲ ਭੜਕ ਉੱਠੀ।

"ਕਮਬਖ਼ਤ, ਤੇਰੀ ਇਹ ਮਜ਼ਾਲ", ਉਸ ਨੇ ਚੀਖ਼ਦੀ ਹੋਈ ਨੇ ਫਟਕਾਰ ਲਗਾਈ, "ਸੱਤਿਆਨਾਸ ਹੋਵੇ ਤੇਰਾ।"

ਉਹ ਇੰਨੇ ਜ਼ੋਰ ਦੀ ਚੀਖੀ ਕਿ ਸਾਹਬ ਵੀ ਹੜਬੜਾ ਕੇ ਉੱਠ ਬੈਠੇ ਤੇ ਅੱਖਾਂ ਮਲਦੇ-ਮਲਦੇ ਉੱਥੇ ਪਹੁੰਚ ਗਏ, "ਕੀ ਹੋ ਗਿਆ ਭਾਈ ?"

'ਜ਼ਰਾ ਦੇਖੋ ਤਾਂ ਆਣ ਕੇ ਇਸ ਛੋਕਰੇ ਦੇ ਲੱਛਣ।'

ਮੇਮ ਸਾਹਬ ਦਾ ਖ਼ੂਨ ਖੌਲ ਰਿਹਾ ਏ। ਉਹ ਮੁੜ ਚੀਖਣ ਲੱਗੀ।

"ਨਿਕਲ ਜਾ ਫੌਰਨ, ਮੈਂ ਤੇਰੀ ਸ਼ਕਲ ਨਹੀਂ ਵੇਖਣਾ ਚਾਹੁੰਦੀ।"

ਸਾਹਬ ਦਾ ਦਿਲ ਡਾਢਾ ਨਰਮ ਹੈ। ਉਹ ਉਸ ਨੂੰ ਬਿਨਾਂ ਕਮੀਜ਼ ਦੇ ਸਹਿਮਿਆ ਖੜ੍ਹਾ ਵੇਖਦੇ ਨੇ ਤਾਂ ਉਨ੍ਹਾਂ ਦਾ ਮਨ ਪਸੀਜ ਜਾਂਦਾ ਏ। ਉਸ ਦੇ ਸਿਰ 'ਚੋਂ ਹੱਥ ਫੇਰਦੇ ਹੋਏ ਪੁੱਛਦੇ ਨੇ,

"ਐਸਾ ਕਿਉਂ ਕੀਤਾ, ਹੈਂ ?"

ਧਿਆਨ ਸਿੰਘ ਦੀਆਂ ਅੱਖਾਂ ਛਲਕ ਪਈਆਂ ਨੇ। ਗਲਾ ਰੁਕ ਗਿਆ ਏ। ਉਸ ਤੋਂ ਕੁਝ ਵੀ ਬੋਲਿਆ ਨਹੀਂ ਜਾ ਰਿਹਾ। ਮੇਮ ਸਾਹਬ ਗਰਜ ਉੱਠੀ।

"ਨਾ ਵਿਖਾਓ ਇਸ ਨਾਲ ਹਮਦਰਦੀ। ਮੈਂ ਇਸ ਨੂੰ ਇਕ ਪਲ ਵੀ ਨਹੀਂ ਰਹਿਣ ਦਿਆਂਗੀ ਇੱਥੇ....... ਕਿਸੇ ਹਾਲਤ 'ਚ ਨਹੀਂ।"

ਪਰ ਸਾਹਬ ਬੜੇ ਫਰਾਖ਼ਦਿਲ ਨੇ। ਕਹਿੰਦੇ ਨੇ—

"ਠੀਕ ਹੈ ਭਾਗਵਾਨ, ਨਹੀਂ ਰੱਖਣਾ ਤਾਂ ਨਾ ਰੱਖ, ਪਰ ਗ਼ਰੀਬ ਨੂੰ ਇੰਞ ਝਿੜਕ ਤਾਂ ਨਾ।'

ਫਿਰ ਧਿਆਨ ਸਿੰਘ ਦੀ ਨੰਗੀ ਪਿੱਠ ਥਾਪੜਦੇ ਹੋਏ ਕਹਿੰਦੇ ਨੇ

"ਘਬਰਾ ਨਾ ਪੁੱਤ, ਹਿੰਮਤ ਰੱਖ। ਜੋ ਹੋਏਗਾ ਚੰਗਾ ਹੀ ਹੋਏਗਾ।" —ਅਨੁ : ਪ੍ਰੇਮ ਸਾਹਿਲ

## ਕਵਿਤਾ ਦਾ ਰੁਸੇਵਾਂ

—ਹਰਭਜਨ ਸਿੰਘ ਹੁੰਦਲ

ਅੱਜ ਕੱਲ ਆਪਾਂ ਕੁਝ ਨਹੀਂ ਕਰਦੇ
ਬਸ ਐਵੇਂ ਕੁਝ ਕੋਰੇ ਵਰਕੇ
ਚੁੱਕ ਥੱਲ ਐਧਰ, ਓਧਰ ਧਰਦੇ।

ਕਵਿਤਾ ਵੀ ਕੁਝ ਰੁੱਸੀ ਰੁੱਸੀ ਰਹਿੰਦੀ।

ਘਰ ਵਾਲੀ, ਦੇ ਵਾਂਗੂੰ ਉਹ ਵੀ,
ਜਦੋਂ ਕਦੇ ਰੁੱਸ ਜਾਂਦੀ,
ਕਈ ਸ਼ਰਤਾਂ ਮਨਵਾਉਂਦੀ
ਸੌ ਨਖ਼ਰੇ ਕਰ ਨੇੜੇ ਆਉਂਦੀ।

ਕੋਈ ਬੰਦਿਸ਼ ਨਾ ਐਧਰ ਪ੍ਰਵਾਨ ਕਰੇ।
ਜਿੱਥੇ ਚਾਹੇ, ਉਹ ਆਪਣਾ ਵਰਦਾਨ ਕਰੇ।

ਕਦੇ ਕਦੇ ਉਹ
ਨਿੱਕੀ ਕਿਸੇ ਨਗੂਣੀ ਗੱਲ ਤੇ
ਵੱਟ ਜਿਹਾ ਖਾ ਜਾਂਦੀ
ਫਿਰ ਡਾਢਾ ਕਲਪਾਂਦੀ।

ਮੈਂ ਉਸ ਦੇ ਸਭ ਨਾਜ਼ੋ-ਨਖ਼ਰੇ ਜਾਣ ਗਿਆਂ ਹਾਂ।
ਚੁੱਪ-ਇਸ਼ਾਰੇ ਸਭ ਉਸ ਦੇ ਪਹਿਚਾਣ ਗਿਆ ਹਾਂ।

ਮੈਂ ਹੀ ਜਾਣਾ
ਕਦੋਂ ਉਸ ਨੇ ਫੇਰਾ ਪਾਉਣਾ
ਕਿੰਨਾ ਕੁ ਤੜਫਾਉਣਾ
ਤੁਰੇ ਜਾਂਦਿਆਂ ਘੇਰ ਖਲੋਣਾ
ਵਿਛ-ਵਿਛ ਜਾਣਾ
ਜਾ ਸੁੱਕਾ ਟਰਕਾਉਣਾ

ਸਿਖਰ - ਦੁਪਹਿਰੇ,
ਅੱਧੀ ਰਾਤ, ਕੁਵੇਲੇ
ਆ ਕੇ ਦਰ ਖੜਕਾਉਣਾ
ਸੀਖਾਂ, ਕੰਧਾਂ, ਵਾੜਾਂ ਟੱਪ ਕੇ
ਆਣ ਸਰ੍ਹਾਣੇ ਬਹਿਣਾ
ਮੇਰਾ ਰਿਸਦਾ ਦਰਦ ਵੰਡਾਉਣਾ

ਅੱਜ ਕੱਲ ਅਕਸਰ ਰੁੱਸੀ ਰਹਿੰਦੀ
ਨਾ ਕੋਈ ਸੁੱਖ-ਸੁਨੇਹਾ ਆਇਆ
ਨਾ ਖ਼ਤ-ਪੱਤਰ ਹੀ ਕੋਈ ਪਾਇਆ



ਜਦ ਆਵੇਗੀ
ਸਭ ਰਾਹਾਂ ਨੂੰ
ਰੌਸ਼ਨ ਕਰਦੀ ਆਵੇਗੀ
ਬਿਖੜੇ ਸਫ਼ਰ ਦੇ ਕਿੱਸੇ ਖ਼ੂਬ ਸੁਣਾਵੇਗੀ
ਸਭ ਦੁਖੀਆਂ ਦਾ ਦਰਦ ਸਹੇੜ ਲਿਆਵੇਗੀ,
ਮੇਰੇ ਪੱਲੇ ਪਾਵੇਗੀ

ਦੇਰ ਕਰੇ ਤਾਂ
ਕਸਕ ਸਤਾਉਂਦੀ ਰਹਿੰਦੀ ਹੈ
ਸੂੰਧਕ ਜਹੀ ਕੋਈ ਉਸ ਦੀ ਆਉਂਦੀ ਰਹਿੰਦੀ ਹੈ
ਫ਼ੋਨ ਚੋਂ ਉਸ ਦੀ ਝਿੜਕ ਜਹੀ ਕੋਈ
ਰੂਹ ਰੁਸ਼ਨਾਉਂਦੀ ਰਹਿੰਦੀ ਹੈ
ਗ਼ੈਰ-ਹਾਜ਼ਰੀ ਵਿਚੋਂ ਵੀ ਕੋਈ
ਕਣਸੋਅ ਆਉਂਦੀ ਰਹਿੰਦੀ ਹੈ
ਜਿਉਂ ਕਰ ਇਰਦ ਗਿਰਦ ਕੋਈ ਖ਼ੁਸ਼ਬੂ
ਪੈਲਾਂ ਪਾਉਂਦੀ ਰਹਿੰਦੀ ਹੈ। (8.5.2003)

## ਬਗ਼ਦਾਦ

ਹਮਦਰਦ ਵੀਰ ਨੌਸ਼ਹਿਰਵੀ

ਨਦੀਆਂ ਦੇ ਪਾਣੀਆਂ ਦੀ ਸਾਂਝ ਤੇਰੀ ਮੇਰੀ
ਜਾਰਡਨ ਹੋਵੇ ਜਾਂ ਨੀਲ
ਬਸਰਾ ਹੋਵੇ ਜਾਂ ਗੁਜਰਾਤ
ਸਾਡੀ ਤਾਂ ਏਵੇਂ ਨੇੜਤਾ ਹੈ ਜਿਵੇਂ ਦਿਨ ਰਾਤ।
ਉਹ ਸ਼ਹਿਰ ਇਬਰਾਹੀਮ ਦਾ
ਨਨਕਾਣਾ ਸ਼ਹਿਰ ਨਾਨਕ ਦਾ
ਫਰਾਤ ਦੇ ਪਾਣੀਆਂ ਦੇ ਕੰਢੇ ਬੇਬੀਲੋਨ ਸ਼ਹਿਰ
ਬਘਿਆੜ ਤੇ ਲੇਲੇ ਦੀ ਆਦਿ-ਕਹਾਣੀ ਵਿੱਚ
ਅਜ ਵੀ ਹੈ ਮਾਸੂਮ ਲੇਲਾ ਕਸੂਰਵਾਰ
ਏਥੇ ਵੀ ਉਹੋ ਕਹਾਣੀ, ਉਹੋ ਛਾਂਟਾ, ਉਹੋ ਕਹਿਰ।
ਰੁਮਕਦੀਆਂ ਪੌਣਾਂ ਲਈ ਨਹੀਂ ਬਣੀ ਹਾਲੀ ਕੋਈ ਦੀਵਾਰ
ਉਦਾਸ ਨੇ ਫਾਰਸ ਦੀ ਖਾੜੀ ਦੀਆਂ ਲਹਿਰਾਂ
ਸਮੁੰਦਰੀ ਡਾਕੂ ਜੰਗੀ ਬੇੜੇ, ਪਣਡੁਬੀਆਂ ਲੱਠਮਾਰ।
ਜਿਸ ਧਰਤੀ ਦਾ ਕਦੀ ਪਾਣੀ ਭਰਦਾ ਸੀ ਸੂਰਜ, ਨਹੀਂ ਹੁੰਦੀ ਸੀ ਰਾਤ
ਸੁਪਰ ਪੁਲਸੀਏ ਦੇ ਪੈਰਾਂ ਉੱਤੇ ਵਿਛੀ ਪਈ ਹੈ
ਉਹ ਪੈਕ-ਭੂਮੀ, ਬਣੀ ਕੋਹਝੀ ਰਾਤ।
ਤੁਹਾਡੇ ਪਾਸ ਹਨ-ਹਲਾਕੂ ਤੇ ਹਿਟਲਰ, ਯਾਹੀਆ ਤੇ ਅਬਦਾਲੀ
ਬਲੇਅਰ ਤੇ ਹਾਵਰਡ, ਬੁਸ਼ ਤੇ ਮੋਦੀ
ਸਾਡੇ ਪਾਸ ਹਨ-ਗੋਬਿੰਦ ਤੇ ਗਦਰ, ਪਾਬਲੋ ਤੇ ਪਾਸ਼,
ਨਾਜ਼ਮ ਤੇ ਨਜ਼ਰੁਲ, ਲੈਨਿਨ ਤੇ ਅਰੁੰਧਤੀ।
ਜਾਰੀ ਹੈ, ਜੁਗਨੂੰਆਂ ਦੀ ਜੰਗ ਦੋਜ਼ਖੀ ਹਨ੍ਹੇਰਿਆਂ ਦੇ ਨਾਲ।
ਤੁਹਾਨੂੰ ਚਾਹੀਦੇ ਹਨ, ਸੌਦੀ ਕਤਰੀ ਕੁਵੈਤੀ ਦਰਬਾਨ, ਪਿੱਠੂ ਤਾਬਿਆਦਾਰ।

ਤੁਹਾਡਾ ਪਿਆਰ ਹੈ ਉਜਾੜ ਤੇ ਉੱਲੂਆਂ ਦੇ ਨਾਲ।
ਬਗ਼ਦਾਦ ਲਿਫੇਗਾ ਨਹੀਂ ਝੁਕੇਗਾ ਨਹੀਂ ਕੱਟ ਜਾਵੇਗਾ,
ਭਾਵੇਂ ਜਵਾਂ ਮਰਦੀ ਦੇ ਨਾਲ।
ਜਰਵਾਣੇ ਜੰਗਲ ਦਾ ਰਾਜ ਹੈ, ਘੂਕ ਸੁੱਤੇ ਪਏ ਹਨ ਸੰਸਾਰ ਦੇ ਪਹਿਰੇਦਾਰ।
ਚੁੱਪ-ਚੁੱਪ ਤੁਰਦੇ ਨੇ ਅਣਗਿਣਤ ਅਰਬਾਂ ਦੇ ਦਰਦ ਬਗ਼ਦਾਦ ਦੇ ਨਾਲ-ਨਾਲ।
ਬਾਰ੍ਹਾਂ ਸਾਲ ਨਹੀਂ ਬਾਰ੍ਹਾਂ ਸਦੀਆਂ ਤੁਸੀਂ ਮੈਸੋਪੋਟਾਮੀਆ ਨੂੰ ਕੀਤਾ ਜ਼ਲੀਲ।
ਬੇਬੀਲੋਨ ਤੇ ਸਪਤ ਸਿੰਧੂ ਦੇ ਵਿਰਾਸਤੀ ਸਭਿਅਤਾ-ਭੰਗੂੜੇ ਵਿੱਚ ਤੁਸੀਂ ਕੀਤਾ ਛੇਕ।
ਬੱਚਿਆਂ ਦੀ ਮਾਸੂਮੀਅਤ ਦੇ ਕਾਤਲ
ਜਲਜੀਵਾਂ ਦੇ ਮੂੰਹ ਵਿੱਚ ਜ਼ਹਿਰ ਭਰੇ ਪਾਣੀ
ਤੁਸੀਂ ਪੰਛੀਆਂ ਦੀ ਪਰਵਾਜ਼ ਖੋਹੀ
ਗਵਾਚ ਗਈ ਪੱਤਿਆਂ ਉੱਤੇ ਤਰਦੀ ਚਾਂਦਨੀ ਦੀ ਕਹਾਣੀ
ਤੇਲ ਖੂਹਾਂ ਨੂੰ ਲਾਉਂਦੇ ਹਨ ਅੱਗ ਤੁਹਾਡੇ ਸੁਪਰਸਾਨਕ ਜੈਟ ਬੰਬਾਰ
ਧੁੰਆਂਖਿਆ ਗਿਆ ਹੈ ਧਰਤੀ ਦਾ ਮੱਥਾ
ਚੰਦ ਫੇਰ ਵੀ ਚੜ੍ਹੇਗਾ
ਬਗ਼ਦਾਦ ਦੇ ਜੇਰੇ ਜੁਰੱਅਤ ਦੀ ਕਹਾਣੀ ਕਹੇਗਾ।
ਜੱਜ ਆਪ ਹੀ ਜਲਾਦ, ਇਕ ਧੁਰਾ ਧਾੜਵੀ
ਉਸਾਰ ਰਿਹਾ ਹੈ ਨਿੱਤ ਨਵੇਂ ਮਾਰੂ ਹਥਿਆਰਾਂ ਦੇ ਅੰਬਾਰ
ਮੈਕਾਇਵਲੀ ਵਾਲਾ ਧੌਂਸੀ ਤਰਕ ਤੇਰਾ।
ਗੋਇਬਲਜ਼ ਵਾਲਾ ਸੱਚ ਦਾ ਖੰਜਰ ਹੰਕਾਰ
ਵਾਰ-ਵਾਰ ਤਲਾਸ਼ੀ ਲਈ ਬਲਿਕਸੀ ਸੂਹੀਆਂ ਨੇ
ਬਾਹਰ ਸੀ ਅੰਦਰ ਸੀ ਜ਼ਮੀਨ ਦਰਾਜ਼ ਨਾਲੇ ਅੰਬਰ
ਪਰ ਨਾ ਝੁਕਾ ਸਕੇ ਸਾਡੀ ਜ਼ਮੀਰ ਦਾ ਬੁੰਲਦ ਮੰਦਰ।
ਨਵੀਆਂ ਲਾਸ਼ਾਂ ਵਿਛਾਉਣ ਤੋਂ ਪਹਿਲਾਂ ਹੋਵੇ ਨਾ ਹਉ-ਖੀਵੇ
ਹੋ ਚੀ ਮਿੰਨ੍ਹ ਦੀ ਧਰਤੀ ਉੱਤੇ ਖਿਲਰੀਆਂ ਗਿਣ ਆਵੋ ਫਰੇ
ਆਪਣੀਆਂ ਕਬਰਾਂ, ਬੁਝੇ ਦੀਵੇ।
ਤੋਰਾ ਬੋਰਾ ਦੀਆਂ ਗੁਫਾਵਾਂ ਵਿੱਚ ਰੁਲੀ ਤੁਹਾਡੀ ਆਕੜੀ ਗੈਰਤ
ਰਸਾਇਣਕ ਜੈਵਿਕ ਹਥਿਆਰਾਂ ਦੇ ਵਪਾਰੀ ਤੁਸੀਂ,
ਮੁਨਾਫਾਖ਼ੋਰ ਦਲਾਲ ਮੰਡੀ ਚੋਰ
ਕੀ ਜਾਣੋ ਤੁਸੀਂ ਹਾਸੇ ਦੀ ਬੋਲੀ, ਬੱਚਿਆਂ ਦੀ ਕਿਲਕਾਰੀ
ਜਜ਼ਬਿਆਂ ਦਾ ਰੰਗ, ਪੰਛੀਆਂ ਦੀ ਸਾਗਰ ਪਾਰ ਕਰਨ ਲਈ ਉਡਾਰੀ
ਸਾਡੀ ਸਾਂਝ ਹੈ ਰੌਸ਼ਨੀ ਦੇ ਸਫਰ ਦੀ ਅੱਖਾਂ ਦੀ ਦੂਰ ਦੀ ਨਜ਼ਰ ਦੀ।
ਆਹਾਂ ਦਾ ਸੇਕ ਸਾਂਝਾ, ਥਲ ਦੀ ਤਪਸ਼ ਸਮਾਨ
ਸਾਂਝ ਪੌਣਾਂ ਦੀਆਂ ਤਿਰੰਗਾਂ ਦੀ, ਲਹਿਰਾਂ ਦੀਆਂ ਉਮੰਗਾਂ ਦੀ
ਫੈਲੀਆਂ ਵਾਤਾਵਰਨ ਵਿੱਚ ਦੱਬੀ ਜੰਗ ਦੀਆਂ ਜ਼ਹਿਰਾਂ
ਤਿਆਰ ਨੇ ਫਾਰਸ ਦੀ ਖਾੜੀ ਦੀਆਂ ਜੋਬਨ ਲਹਿਰਾਂ
ਤੇਲ ਧਨ ਬਖ਼ਸ਼ਿਆ ਇਰਾਕੀਆਂ ਨੂੰ ਕੁਦਰਤ ਬਲਿਹਾਰ
ਹੁਣ ਵੀ ਲੋਕ ਹੀ ਹੋਣਗੇ ਇਤਿਹਾਸ ਦੇ ਸਿਰਜਣਹਾਰ।



## ਅਮਰੀਕੀ ਸਟੈਂਡਰਡ

ਗੁਰਦੀਪ ਵਿਨੀਪੈਗ

ਜਦੋਂ ਅਮਰੀਕੀ ਫ਼ੌਜਾਂ ਧਾਵਾ ਬੋਲਦੀਆਂ ਹਨ
ਉਹਨਾਂ ਨਾਲ ਹਿਫਾਜ਼ਤੀ ਦਸਤੇ ਵੀ ਹੁੰਦੇ ਹਨ
ਖਬਰ ਹੈ :
ਅਮਰੀਕੀ ਅੱਜ ਦੇ ਸਮੇਂ ਦੇ
ਸੰਪੰਨ ਨੀਤੀਵੇਤਾ ਹੀ ਨਹੀਂ
ਸੁਲਝੇ ਹੋਏ ਹਮਲਾਵਰ ਵੀ ਹਨ
ਉਹ ਨਿਹੱਥਿਆਂ ਅਤੇ ਆਮ ਲੋਕਾਂ ਉੱਤੇ
ਗੋਲੀ ਨਹੀਂ ਚਲਾਉਂਦੇ,
ਹਿਫਾਜ਼ਤ ਕਰਦੇ ਹਨ।
ਫਿਰ ਵੀ ਇਹ ਝੂਠੀਆਂ ਖ਼ਬਰਾਂ
ਕੌਣ ਦਿੰਦਾ ਹੈ ?
ਕਿ ਇਰਾਕੀ ਹਸਪਤਾਲ
ਫੱਟੜ ਬੱਚਿਆਂ ਅਤੇ ਔਰਤਾਂ ਨਾਲ ਭਰੇ ਪਏ ਹਨ।
ਇਸ ਝੂਠ ਦਾ ਕੁਝ ਕਰਨਾ ਚਾਹੀਦਾ ਹੈ।
ਪਿਛਲੀ ਸੁਵੇਰ ਇੱਕ ਹਾਦਸਾ ਵਾਪਰ ਗਿਆ
ਓਸ ਇਮਾਰਤ 'ਤੇ ਬੰਬ ਡਿੱਗ ਪਏ
ਜਿਸ ਵਿੱਚ ਵੱਖ-ਵੱਖ ਦੇਸ਼ਾਂ ਦੇ ਜਰਨਲਿਸਟ ਸਨ।
ਹਾਦਸਾ ਤਾਂ ਹਾਦਸਾ ਹੁੰਦਾ ਹੈ।
ਜੰਗ ਵਿੱਚ ਹੁੰਦੇ ਹੀ ਹਾਦਸੇ ਹਨ।
ਜਿਸ ਵਿੱਚ ਕੋਈ ਵੀ ਕਸੂਰਵਾਰ ਨਹੀਂ ਹੁੰਦਾ।
ਕਸੂਰ ਅਮਰੀਕਾ ਦਾ ਨਹੀਂ
ਜੇ ਹੈ ;
ਤਾਂ ਉਹਨਾਂ ਜਰਨਲਿਸਟਾਂ ਦਾ ਹੈ
ਜਿਹੜੇ ਅਮਰੀਕੀ ਸਟੈਂਡਰਡ ਤੋਂ
ਘਟੀਆ ਖ਼ਬਰਾਂ ਛਾਪਦੇ ਹਨ।
ਜੇ ਰੈੱਡ-ਕਰਾਸ ਦਾ ਦਸਤਾ
ਅਮਰੀਕਨ ਗੋਲੀਆਂ ਦੀ ਬੁਛਾੜ ਹੇਠ ਆਇਆ
ਤਾਂ ਉਹਦੇ 'ਚ ਅਮਰੀਕਾ ਦਾ ਕੋਈ ਕਸੂਰ ਨਹੀਂ
ਸਿਰਫ਼ ਉਹ ਦਸਤਾ ਹੀ
ਗ਼ਲਤ ਸਮੇਂ ਗ਼ਲਤ ਥਾਂ ਉੱਪਰ
ਨਹੀਂ ਸੀ ਹੋਣਾ ਚਾਹੀਦਾ।
ਆਖ਼ਿਰ ਅਮਰੀਕਰਨ ਸਟੈਂਡਰਡ
ਵੀ ਤਾਂ ਕੋਈ ਚੀਜ਼ ਹੈ!
ਇਹਨੂੰ ਅਣਡਿੱਠ ਕਰਕੇ
ਅੱਜ ਦੇ ਸਮੇਂ ਵਿੱਚ
ਕਿਵੇਂ ਜੀਵਿਆ ਜਾ ਸਕਦਾ ਹੈ?

*ਸਾਡਾ ਵਿਰਸਾ :*

# ਨਾਜ਼ਿਮ ਹਿਕਮਤ ਦੇ ਫ਼ੌਜੀ ਮੁਕੱਦਮੇ

**ਹਰਭਜਨ ਸਿੰਘ ਹੁੰਦਲ**

ਤੁਰਕੀ ਵਿੱਚ 1936 ਦਾ ਸਾਲ ਲੰਘ ਰਿਹਾ ਸੀ। ਹੁਣ ਤੀਕ ਨਾਜ਼ਿਮ ਕਵਿਤਾ ਦੇ ਖੇਤਰ ਵਿੱਚ ਉਭਰਵਾਂ ਨਾਂ ਤੇ ਚਰਚਾ ਦਾ ਵੱਡਾ ਕੇਂਦਰ ਬਣ ਚੁੱਕਾ ਸੀ। ਤੁਰਕੀ ਵਿੱਚ ਅਜੇ ਤੀਕ ਲੋਕ-ਰਾਜੀ ਪਰੰਪਰਾਵਾਂ ਜਨ-ਜੀਵਨ ਦਾ ਹਿੱਸਾ ਨਹੀਂ ਸੀ ਬਣ ਸਕੀਆਂ। ਵਿਰੋਧ ਨੂੰ ਸਖ਼ਤੀ ਨਾਲ ਦਬਾ ਦੇਣਾ ਭਾਰੂ ਸੀ। ਕਮਿਊਨਿਸਟ ਵਿਰੋਧ ਦੇ ਨਾਂ ਹੇਠ, ਸਮਾਜਵਾਦੀ ਲਿਖਤਾਂ ਨੂੰ ਖਤਰਨਾਕ ਸਮਝਿਆ ਜਾਂਦਾ ਸੀ। ਸੱਜ ਪਿਛਾਖੜੀ ਧਿਰਾਂ ਦਾ ਬੋਲ-ਬਾਲਾ ਸੀ।

ਨਾਜ਼ਿਮ 30 ਦਸੰਬਰ 1936 ਨੂੰ ਆਪਣੇ ਕੰਮ ਅਰਥਾਤ ਫਿਲਮ ਸਟੂਡਿਓ ਤੋਂ ਆਮ ਦਿਨਾਂ ਵਾਂਗ ਵਾਪਸ ਪਰਤਿਆ ਸੀ ਤੇ ਕਾਹਵਾ-ਘਰ ਵਿੱਚ ਬੈਠ, ਦਮ ਮਾਰ ਰਿਹਾ ਸੀ, ਜਿੱਥੋਂ ਉਸ ਨੂੰ ਅਚਾਨਕ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਤੇ ਜੇਲ੍ਹ ਭੇਜ ਦਿੱਤਾ। ਨਾਜ਼ਿਮ ਨੂੰ ਹੈਰਾਨੀ ਹੋਈ। ਉਸ ਨੂੰ ਆਸ ਸੀ ਕਿ ਪਹਿਲੀਆਂ ਨਿੱਕੀਆਂ ਤੇ ਥੋੜ੍ਹੇ ਸਮੇਂ ਦੀਆਂ ਗ੍ਰਿਫ਼ਤਾਰੀਆਂ ਵਾਂਗ ਐਤਕੀਂ ਵੀ ਦੋ-ਚਾਰ ਮਹੀਨੇ ਬਾਅਦ ਉਸ ਨੂੰ ਰਿਹਾਅ ਕਰ ਦਿੱਤਾ ਜਾਵੇਗਾ, ਪਰ ਅਸਲੀਅਤ ਇਸ ਤੋਂ ਵੱਧ ਭਿਆਨਕ ਸੀ। ਜਿਸਦਾ ਨਾਜ਼ਿਮ ਨੂੰ ਕੋਈ ਗਿਆਨ ਨਹੀਂ ਸੀ। ਅਸਲ ਵਿੱਚ ਇਹ ਗ੍ਰਿਫ਼ਤਾਰੀ ਇੱਕ ਵੱਡੇ ਮੁਕੱਦਮੇ ਦੇ ਪ੍ਰਸੰਗ ਵਿੱਚ ਕੀਤੀ ਗਈ ਸੀ ਤੇ ਸਰਕਾਰ ਸਮਾਜਵਾਦੀ ਸਾਹਿਤ ਪੜ੍ਹਨ ਤੇ ਵਿਚਾਰਨ ਅਥਵਾ ਰੱਖਣ ਜਾਂ ਵੇਚਣ ਵਾਲਿਆਂ ਨੂੰ ਬਹੁਤ ਖ਼ਤਰਨਾਕ ਸਮਝ ਰਹੀ ਸੀ। ਸਰਕਾਰ ਸਿਵਿਲ ਅਦਾਲਤ ਉੱਤੇ ਇਹਨਾਂ ਕੇਸਾਂ ਦੇ ਫੈਸਲੇ ਕਰਨ ਦੇ ਅਧਿਕਾਰ ਉੱਤੇ ਵੀ ਸ਼ੱਕ ਕਰਦੀ ਸੀ। ਸਰਕਾਰ ਨੂੰ ਪਤਾ ਸੀ ਕਿ ਸਿਵਿਲ ਕੋਰਟਾਂ ਪ੍ਰਚੱਲਿਤ ਕਾਨੂੰਨ ਅਨੁਸਾਰ ਕੰਮ ਕਰਨਗੀਆਂ। ਇਸ ਲਈ ਇਹਨਾਂ ਰਾਜਸੀ ਭਾਂਤ ਦੇ ਮੁਕੱਦਮਿਆਂ ਨੂੰ ਨਜਿੱਠਣ ਲਈ ਵਿਸ਼ੇਸ਼ ਫ਼ੌਜੀ ਟਰਿਬਿਊਨਲਾਂ ਬਣਾਉਣ ਦੀ ਤਿਆਰੀ ਕਰ ਰਹੀ ਸੀ।

ਉਹਨਾਂ ਵੇਲਿਆਂ ਵਿੱਚ ਤੁਰਕੀ ਦੀਆਂ ਸੈਨਿਕ ਅਕਾਡਮੀਆਂ ਜੀਵਨ ਵਿੱਚ ਤਰੱਕੀ ਕਰਨ ਤੇ ਉੱਚੀ ਨੌਕਰੀ ਪ੍ਰਾਪਤ ਕਰਨ ਦਾ ਵਸੀਲਾ ਸਮਝੀਆਂ ਜਾਂਦੀਆਂ ਸਨ। ਚੰਗੇ ਤੇ ਹੋਣਹਾਰ ਵਿਦਿਆਰਥੀ ਏਥੇ ਦਾਖ਼ਲ ਹੋਣ ਵਿੱਚ ਮਾਣ ਅਨੁਭਵ ਕਰਦੇ ਸਨ। ਪਰ ਏਥੇ ਪੜ੍ਹਾਈ ਸਮੇਂ ਵਿਦਿਆਰਥੀ ਸਾਹਿਤ ਤੇ ਸਿਆਸਤ ਦੇ ਵਿਸ਼ਿਆਂ ਵਿੱਚ ਵੀ ਦਿਲਚਸਪੀ ਲੈਣ ਲੱਗਦੇ ਸੀ ਤੇ ਅਜਿਹੀਆਂ ਸਾਹਿਤਕ ਰੁਚੀਆਂ ਨੂੰ ਦਬਾਉਣਾ ਸੰਭਵ ਨਹੀਂ ਸੀ। ਇਹ ਸੈਨਿਕ ਅਕਾਡਮੀਆਂ ਇਟਲੀ ਤੇ ਜਰਮਨੀ ਦੀਆਂ ਅਜਿਹੀਆਂ ਸੈਨਿਕ ਸੰਸਥਾਵਾਂ ਵਰਗੀਆਂ ਸਨ, ਜਿੱਥੇ ਵਿਰੋਧੀ ਤੇ ਆਜ਼ਾਦ ਵਿਚਾਰਾਂ ਨੂੰ ਬਰਦਾਸ਼ਤ ਨਹੀਂ ਸੀ ਕੀਤਾ ਜਾਂਦਾ।

ਤੁਰਕੀ ਦੀ ਅਕਾਡਮੀ ਵਿਚਲੇ ਵਿਦਿਆਰਥੀ ਸਾਹਿਤ ਪੜ੍ਹਦੇ ਸਨ ਤੇ ਨਾਜ਼ਿਮ ਦੀ ਕਵਿਤਾ ਦੇ ਵੀ ਦੀਵਾਨੇ ਸਨ, ਪਰ ਅਕਾਡਮੀ ਵਿੱਚ ਸਰਕਾਰ ਦੇ ਸਮਰਥਕ ਵਿਦਿਆਰਥੀ ਵੀ ਸਨ, ਜਿਹੜੇ ਸਮਾਜਵਾਦੀ ਵਿਚਾਰਾਂ ਅਤੇ ਨਾਜ਼ਿਮ ਦੀ ਕਵਿਤਾ ਨੂੰ ਪਸੰਦ ਨਹੀਂ ਸੀ ਕਰਦੇ। ਇਹਨਾਂ ਧਿਰਾਂ ਨੂੰ ਸੋਵੀਅਤ ਰੂਸ ਤੋਂ ਵੀ ਘਿਰਣਾ ਸੀ ਤੇ ਸ਼ਬਦ ਕਾਮਰੇਡ ਤੋਂ ਵੀ। ਉਹਨਾਂ ਸੱਜ-ਪਿਛਾਕੜੀ ਧਿਰਾਂ ਲਈ ਨਾਜ਼ਿਮ ਸਭ ਤੋਂ ਜ਼ਹਿਰੀਲਾ ਸੱਪ ਸੀ। ਇਹਨਾਂ ਦੇ ਹਵਾਲਿਆਂ ਅਨੁਸਾਰ, "ਨਾਜ਼ਿਮ ਹੋਰ ਭਾਵੇਂ ਕੁਝ ਵੀ ਹੋਵੇ, ਪਰ ਤੁਰਕੀ-ਵਾਸੀ ਨਹੀਂ ਸੀ। ਉਹ ਦੇਸ਼ ਦਾ ਦੁਸ਼ਮਣ ਸੀ- ਇੱਕ ਗੱਦਾਰ, ਉਸਨੂੰ ਅੱਲ੍ਹਾ ਚੁੱਕ ਲਵੇ। ਪਰ ਬਦਕਿਸਮਤੀ ਨਾਲ, ਉਹ ਵੀ ਬਹੁਤਾ ਵਕਤ ਲੈ ਰਿਹਾ ਹੈ।"

ਸਥਾਪਤੀ ਧਿਰਾਂ ਦੀਆਂ ਨਜ਼ਰਾਂ ਵਿੱਚ ਕੋਰਸ ਵਿਚਲੀਆਂ ਪੁਸਤਕਾਂ ਤੋਂ ਬਿਨਾਂ ਕੋਈ ਹੋਰ ਕੁਝ ਪੜ੍ਹਨਾ ਸ਼ੱਕ ਪੈਦਾ ਕਰਦਾ ਸੀ। ਬਾਲਜ਼ਾਕ, ਜ਼ੋਲਾ, ਟਾਲਸਟਾਏ, ਅਨਤੋਲੇ, ਫ਼ਰਾਂਸ, ਗੋਰਕੀ, ਦੋਸਤੋਵਸਕੀ ਆਦਿ ਯੂਰਪ ਦੇ ਵੱਡੇ ਲੇਖਕ ਪੜ੍ਹਨੇ ਤੇ ਵਿਚਾਰਨੇ ਦੇਸ਼-ਧਰੋਹ ਸਮਝਿਆ ਜਾਂਦਾ ਸੀ। ਇਹਨਾਂ ਸ਼ੱਕ-ਭਰੇ ਦਿਨਾਂ ਵਿੱਚ ਨਾਜ਼ਿਮ ਦੀ ਕਵਿਤਾ ਦਾ ਪ੍ਰੇਮੀ ਇੱਕ ਵਿਦਿਆਰਥੀ ਲੱਭਦਾ-ਲੁਭਾਉਂਦਾ ਨਾਜ਼ਿਮ ਦੇ ਦਰਸ਼ਣ ਕਰਨ ਲਈ ਉਸ ਦੇ ਸਟੂਡੀਓ ਗਿਆ ਤੇ ਕਹਿਣ ਲੱਗਾ, "ਸਾਡੀ ਸੈਨਿਕ ਅਕਾਡਮੀ ਵਿੱਚ ਬਹੁਤ ਸਾਰੇ ਦੋਸਤ ਤੁਹਾਡੀਆਂ ਕਵਿਤਾਵਾਂ ਪੜ੍ਹਦੇ ਹਨ।" ਪਰ ਨਾਜ਼ਿਮ ਨੂੰ



ਸ਼ੱਕ ਸੀ ਕਿ ਇਹ ਵਿਅਕਤੀ ਸਰਕਾਰੀ ਜਾਸੂਸ ਹੈ। ਨਾਜ਼ਿਮ ਨੇ ਪੁਲਸ ਹੈਡਕਵਾਟਰ ਫੋਨ ਕਰਕੇ ਇਤਲਾਹ ਦੇ ਦਿੱਤੀ ਕਿ ਮੇਰੇ ਕੋਲ ਜਾਸੂਸ ਨਾ ਭੇਜੇ ਜਾਣ।

ਹਾਲਾਤ ਦਾ ਤੇ ਮਾੜੇ ਸਮਿਆਂ ਦਾ ਇਸ ਤੋਂ ਵੱਡਾ ਹੋਰ ਕੀ ਦੁਖਾਂਤ ਹੋ ਸਕਦਾ ਸੀ।

ਇਕ ਵਾਰ ਫੇਰ ਏਸੇ ਹੀ ਵਿਦਿਆਰਥੀ ਨੇ ਦੁਬਾਰਾ ਨਾਜ਼ਿਮ ਦੇ ਘਰ ਜਾ ਕੇ ਉਸ ਨੂੰ ਮਿਲਣ ਤੇ ਸ਼ਰਧਾ ਦੇ ਫੁੱਲ ਭੇਂਟ ਕਰਨ ਦੀ ਕੋਸ਼ਿਸ਼ ਕੀਤੀ ਪਰ ਨਾਜ਼ਿਮ ਨੇ ਪਹਿਲਾਂ ਵਾਂਗ ਉਸ ਨੂੰ ਝਿੜਕ ਕੇ ਘਰੋਂ ਕੱਢ ਦਿੱਤਾ। ਵਾਪਸ ਅਕਾਡਮੀ ਵਿੱਚ ਜਾ ਕੇ ਉਸ ਵਿਦਿਆਰਥੀ (A.Kadir) ਨੇ ਆਪਣੇ ਨਾਲ ਹੋਈ ਬੀਤੀ ਆਪਣੇ ਹਮਜੋਲੀਆਂ ਨੂੰ ਦੱਸੀ, ਜਿਹਨਾਂ ਵਿੱਚ ਸ਼ੱਕੀ ਵਿਦਿਆਰਥੀ ਵੀ ਸਨ। ਇੱਕ ਵਿਰੋਧੀ ਨੇ ਪੁਲਸ ਮੁਖੀ ਨੂੰ ਇਤਲਾਹ ਦੇ ਦਿੱਤੀ ਕਿ ਕੁਝ ਵਿਦਿਆਰਥੀ ਗੁਪਤ ਰੂਪ ਵਿੱਚ ਨਾਜ਼ਿਮ ਨੂੰ ਮਿਲਣ ਜਾਂਦੇ ਹਨ। ਅਧਿਕਾਰੀਆਂ ਨੇ ਤੁਰੰਤ ਕਾਰਵਾਈ ਕਰਕੇ ਕੁਝ ਵਿਦਿਆਰਥੀਆਂ ਨੂੰ ਫੜ ਲਿਆ। ਇਹਨਾਂ ਫੜੇ ਗਏ ਵਿਦਿਆਰਥੀਆਂ ਦਾ ਏਨਾ ਹੀ ਕਸੂਰ ਸੀ ਕਿ ਉਹ ਨਾਜ਼ਿਮ ਦੀ ਕਵਿਤਾ ਨੂੰ ਪਿਆਰ ਕਰਦੇ ਸਨ।

ਇਕ ਸਬਕ ਦੇ ਦੌਰਾਨ ਵਿਦਿਆਰਥੀਆਂ ਨੂੰ ਇਕੱਠਾ ਕਰਕੇ ਪੁੱਛ-ਗਿੱਛ ਸ਼ੁਰੂ ਕਰ ਦਿੱਤੀ ਗਈ। ਵਿਦਿਆਰਥੀਆਂ ਦੇ ਸਾਮਾਨ ਦੀ ਸਖ਼ਤੀ ਨਾਲ ਤਲਾਸ਼ੀ ਲਈ ਗਈ ਤੇ ਅਖੀਰ ਉੱਤੇ 23 ਲੜਕੇ ਛਾਂਟ ਕੇ ਗ੍ਰਿਫ਼ਤਾਰ ਕਰ ਲਏ ਗਏ।

ਨਾਜ਼ਿਮ ਗ੍ਰਿਫ਼ਤਾਰੀਆਂ ਦੇ ਦਿਨ ਅਥਵਾ 17 ਜਨਵਰੀ 1938 ਨੂੰ ਆਪਣੇ ਕਿਸੇ ਮਿੱਤਰ ਦੇ ਘਰ ਸਲਾਹ ਲਈ ਗਿਆ ਹੋਇਆ ਸੀ। ਪਿੱਛੋਂ ਨਾਜ਼ਿਮ ਦੇ ਘਰ ਦੀ ਤਲਾਸ਼ੀ ਲਈ ਗਈ ਤੇ ਉਸ ਦੀਆਂ ਪੁਸਤਕਾਂ, ਖਰੜੇ ਤੇ ਕਾਗਜ਼ ਜ਼ਬਤ ਕਰ ਲਏ ਗਏ। ਨਾਜ਼ਿਮ ਨੂੰ ਵੀ ਘਰ ਪਹੁੰਚਣ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਥਾਣੇ ਦੀ ਹਵਾਲਾਤ ਵਿੱਚ ਬੰਦ ਕਰ ਦਿੱਤਾ ਗਿਆ। ਉਹ ਸਾਰੀ ਰਾਤ ਸੋਚਦਾ ਰਿਹਾ ਕਿ ਅਖ਼ੀਰ ਇਹ ਮਾਮਲਾ ਕੀ ਸੀ ? ਉਸਨੂੰ ਆਸ ਸੀ ਕਿ ਥੋੜ੍ਹੀ-ਬਹੁਤੀ ਪੁੱਛ-ਪੜਤਾਲ ਤੋਂ ਬਾਅਦ ਉਸਨੂੰ ਛੱਡ ਦਿੱਤਾ ਜਾਵੇਗਾ। ਪਰ ਗੱਲ ਏਥੇ ਹੀ ਮੁੱਕਣ ਵਾਲੀ ਨਹੀਂ ਸੀ। ਨਾਜ਼ਿਮ ਨੂੰ ਕੀ ਪਤਾ ਸੀ ਕਿ ਇਸ ਗ੍ਰਿਫ਼ਤਾਰੀ ਨੇ ਉਸ ਨੂੰ ਕਈ ਸਾਲ ਜੇਲ੍ਹ ਵਿੱਚ ਡੱਕੀ ਰੱਖਣ ਦਾ ਪ੍ਰਮਾਣ ਬਣਨਾ ਸੀ।

ਪੁੱਛ-ਗਿੱਛ ਤੋਂ ਪਿੱਛੋਂ ਨਾਜ਼ਿਮ ਨੂੰ ਅੰਕਾਰਾ (Ankara) ਦੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਏਥੇ ਸੈਨਿਕ ਜੇਲ੍ਹ ਵਿੱਚ ਉਸ ਦੀ ਫਿਰ ਪੁੱਛ-ਗਿੱਛ ਕੀਤੀ ਗਈ। ਏਥੇ ਜੇਲ੍ਹ ਵਿੱਚ ਹੀ ਉਸ ਨੂੰ ਗਿਆਨ ਹੋਇਆ ਕਿ ਉਸ ਉੱਤੇ ਮਿਲਟਰੀ ਕੋਡ ਦੀ ਦਫ਼ਾ 94 ਅਨੁਸਾਰ ਸੈਨਿਕ ਅਨੁਸ਼ਾਸਨ ਭੰਗ ਕਰਨ ਦਾ ਦੋਸ਼ ਲਾਇਆ ਗਿਆ ਹੈ। ਪਰ ਨਾਜ਼ਿਮ ਨੂੰ ਅਜੇ ਵੀ ਭਰਮ ਸੀ ਕਿ ਉਸ ਨੇ ਅਜਿਹਾ ਕੋਈ ਗੁਨਾਹ ਨਹੀਂ ਕੀਤਾ, ਸਗੋਂ ਇਕ ਵਿਦਿਆਰਥੀ ਦੇ ਉਸ ਨੂੰ ਮਿਲਣ ਬਾਰੇ ਖ਼ੁਦ ਪੁਲਿਸ ਨੂੰ ਇਤਲਾਹ ਦੇ ਦਿੱਤੀ ਸੀ।

ਜੇਲ੍ਹ ਵਿੱਚ ਰਹਿੰਦਿਆਂ ਉਸ ਨੇ ਨਜ਼ਮਾਂ ਲਿਖਣੀਆਂ ਜਾਰੀ ਰੱਖੀਆਂ ਤੇ ਆਪਣੀ ਪਤਨੀ ਪੀਰਾਏ (Piraye) ਨੂੰ ਚਿੱਠੀਆਂ ਰਾਹੀਂ ਭੇਜਦਾ ਰਿਹਾ।

ਮੈਂ ਆਪਣੀ ਉਂਗਲੀ ਦੇ ਨਹੁੰ ਨਾਲ
ਤੇਰਾ ਨਾਂ ਘੜੀ ਦੇ ਪਟੇ 'ਤੇ ਲਿਖ ਲਿਆ ਹੈ
ਮੇਰੇ ਲਈ,
ਆਪਣੇ ਆਪ ਤੋਂ ਬਿਨਾਂ
ਕਿਸੇ ਦੂਸਰੇ ਨਾਲ ਗੱਲ ਕਰਨੀ ਵਰਜਿਤ ਹੈ।
ਇਸ ਲਈ ਮੈਂ ਸਿਰਫ਼ ਆਪਣੇ ਆਪ ਨੂੰ ਹੀ
ਮੁਖ਼ਾਤਿਬ ਹੁੰਦਾ ਹਾਂ।
ਪਰ ਕਿਉਂਕਿ ਮੇਰੀ ਗੁਫ਼ਤਗੂ ਅਕਾਊ ਹੁੰਦੀ ਹੈ
ਇਸ ਲਈ ਮੈਂ ਆਪਣੀ ਪਿਆਰੀ ਪਤਨੀ
ਦੇ ਪਿਆਰ ਦੇ ਗੀਤ ਗਾਉਂਦਾ ਹਾਂ।

ਕਵਿਤਾ ਲਿਖ ਕੇ ਦਿਨ ਗੁਜ਼ਾਰਨਾ ਅਤੇ ਜਾਂ ਫਿਰ ਆਪਣੀ ਪਤਨੀ ਪਿਰਾਏ ਨੂੰ ਮੁਹੱਬਤ ਭਰੇ ਖ਼ਤ ਲਿਖਣੇ, ਇਹ ਦੋ ਕੰਮ ਸਨ ਜਿਹਨਾਂ ਸਦਕਾ ਜੇਲ੍ਹ ਦੇ ਰੁੱਖੇ ਦਿਨਾਂ ਵਿੱਚ ਕੁਝ ਰੰਗਤ ਭਰੀ ਜਾ ਸਕਣੀ ਸੰਭਵ ਸੀ। ਉਸ ਦੀ ਪਤਨੀ ਭਾਵੇਂ ਕੋਈ ਕਾਵਿ-ਕਲਾ ਦੀ ਪਾਰਖੂ ਨਹੀਂ ਸੀ, ਫਿਰ ਵੀ ਉਸ ਨੂੰ ਢਾਰਸ ਭਰੀਆਂ ਅਤੇ ਉਤਸ਼ਾਹ-ਮਈ ਚਿੱਠੀਆਂ ਲਿਖਦੀ ਰਹਿੰਦੀ ਸੀ। ਪੰਜ ਮਾਰਚ 1938 ਦੀ ਉਸ ਦੀ ਲਿਖੀ ਚਿੱਠੀ ਵੇਖਣ ਵਾਲੀ ਹੈ।

"ਮੇਰੇ ਪਿਆਰੇ ਨਾਜ਼ਿਮ,

ਕਿਰਪਾ ਕਰਕੇ ਉਦਾਸ ਨਾ ਹੋਵੀਂ। ਜਦ ਤੂੰ ਉਦਾਸ ਹੁੰਦਾ ਹੈ, ਅਸੀਂ ਕਸ਼ਟ ਝੱਲਦੇ ਹਾਂ। ਜਦੋਂ ਤੂੰ ਮੇਰੇ ਕੋਲ ਹੁੰਦਾ ਸੀ, ਤਾਂ ਮੈਂ ਦੁਨੀਆ ਦੀ ਸਭ ਤੋਂ ਵੱਧ ਖ਼ੁਸ਼ ਇਸਤਰੀ ਹੁੰਦੀ ਸੀ ਤੇ ਮੈਂ ਹਮੇਸ਼ਾ ਵੀ ਇੰਝ ਹੀ ਰਹਾਂਗੀ। ਤੂੰ ਮੈਨੂੰ ਆਪਣੀਆਂ ਸਭ ਤੋਂ ਸੁੰਦਰ ਲਿਖਤਾਂ ਦਿੱਤੀਆਂ ਹਨ। ਤੂੰ ਮੇਰੇ ਲਈ ਸਭ ਤੋਂ ਸੁੰਦਰ ਕਵਿਤਾਵਾਂ ਲਿਖੀਆਂ। ਤੂੰ ਜਦ ਮੇਰੇ ਕੋਲ ਸੀ ਤਾਂ ਤੂੰ ਸ਼ਕਤੀਸ਼ਾਲੀ ਲਿਖਤਾਂ ਲਿਖੀਆਂ। ਤੇਰੀਆਂ ਸਭ ਰਚਨਾਵਾਂ ਵਿੱਚ ਮੇਰਾ ਵੀ ਕੁਝ ਹਿੱਸਾ ਹੈ। ਤੇਰੇ ਮੱਥੇ ਤੇ ਕੁਝ ਸਤਰਾਂ ਮੇਰੇ ਕਾਰਨ ਹਨ। ਅਸੀਂ ਦੋ ਜਣੇ ਨਹੀਂ ਸਗੋਂ, ਇੱਕ ਹੀ ਹਾਂ।"

ਜਦੋਂ ਕਈ ਦਿਨ ਇਕੱਲੇ ਨੂੰ ਨਜ਼ਰ ਬੰਦ ਰੱਖਣ ਤੋਂ ਬਾਅਦ ਅਖ਼ੀਰ ਉਸ ਨੂੰ ਦਿਨ ਵੇਲੇ ਧੁੱਪੇ ਬਹਿਣ ਦੀ ਆਗਿਆ ਮਿਲੀ, ਤਾਂ ਉਹ ਕਿੰਨਾ ਖ਼ੁਸ਼ ਹੋਇਆ ਹੋਵੇਗਾ।

ਅੱਜ ਐਤਵਾਰ ਹੈ
ਅੱਜ ਪਹਿਲੇ ਦਿਨ
ਉਹਨਾਂ ਨੇ ਮੈਨੂੰ ਧੁੱਪੇ ਬੈਠਣ ਦੀ ਆਗਿਆ ਦਿੱਤੀ
ਮੈਂ ਖਲੋਤਾ ਰਿਹਾ
ਤੇ ਆਪਣੀ ਜ਼ਿੰਦਗੀ ਵਿੱਚ ਪਹਿਲੀ ਵਾਰ
ਇਹ ਵੇਖ ਕੇ ਹੈਰਾਨ ਹੋਇਆ
ਕਿ ਅਸਮਾਨ ਕੇਡੀ ਦੂਰ ਤੀਕ ਫੈਲਿਆ ਹੋਇਆ ਸੀ।
ਕਿੰਨਾ ਨੀਲਾ!
ਕਿੰਨਾ ਵਿਸ਼ਾਲ!

ਤੇ ਮੈਂ ਸ਼ਰਧਾ ਨਾਲ ਭੋਂ 'ਤੇ ਬੈਠ ਗਿਆ
ਆਪਣੀ ਪਿੱਠ ਕੰਧ ਨਾਲ ਲਾ ਲਈ
ਇਸ ਘੜੀ
ਕਿਸੇ ਜਾਲ ਵਿੱਚ ਫਸਣ ਦਾ ਖਤਰਾ ਨਹੀਂ
ਇਸ ਘੜੀ
ਨਾ ਸੰਘਰਸ਼, ਨਾ ਆਜ਼ਾਦੀ
ਨਾ ਪਤਨੀ!
ਸਿਰਫ ਧਰਤੀ ਹੈ, ਸੂਰਜ ਹੈ ਤੇ ਮੈਂ ਹਾਂ
ਮੈਂ ਕਿੰਨਾ ਖ਼ੁਸ਼ ਹਾਂ।

(ਅੱਜ ਐਤਵਾਰ ਹੈ)

ਨਾਜ਼ਿਮ ਦੇ ਪਰਿਵਾਰਕ ਸੰਬੰਧੀਆਂ ਨੂੰ ਆਸ ਸੀ ਕਿ ਉੱਚੇ ਖਾਨਦਾਨੀ ਸਬੰਧਾਂ ਤੇ ਪਿਛੋਕੜ ਕਾਰਨ, ਮਿਲ-ਮਿਲਾ ਕੇ ਨਾਜ਼ਿਮ ਨੂੰ ਇਸ ਕੇਸ ਵਿੱਚੋਂ ਬਚਾਇਆ ਜਾ ਸਕਦਾ ਸੀ, ਪਰ ਇਹ ਉਹਨਾਂ ਦਾ ਵੱਡਾ ਭੁਲੇਖਾ ਸੀ। ਪਰ ਰਾਜ ਪ੍ਰਬੰਧ ਵਿੱਚ ਸੱਜ-ਪਿਛਾਕੜ ਅਤੇ ਫੌਜ ਦੇ ਵਧਦੇ ਹੋਏ ਪ੍ਰਭਾਵ ਕਾਰਨ ਕਿਸੇ ਚੰਗੀ ਗੱਲ ਦੀ ਆਸ ਨਹੀਂ ਸੀ।

1 ਮਾਰਚ 1938 ਨੂੰ ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋਈ। ਇਹ ਅੰਕਾਰਾ ਦੀ ਮਿਲਟਰੀ ਅਕਾਡਮੀ ਵਿੱਚ ਚੱਲਣ ਲੱਗਾ। ਸਰਕਾਰੀ ਨਿਯਮਾਂ ਅਨੁਸਾਰ ਸਾਰੇ ਜੱਜਾਂ (ਪੰਜਾਂ ਨੂੰ) ਲਈ ਕਾਨੂੰਨੀ ਯੋਗਤਾਵਾਂ



ਦਾ ਹੋਣਾ ਜ਼ਰੂਰੀ ਸੀ, ਪਰ ਇਸ ਮੁਕੱਦਮੇ ਵਿੱਚ ਪੰਜਾਂ ਵਿੱਚੋਂ ਚਾਰ ਜੱਜ ਆਰਮੀ ਅਫ਼ਸਰ ਸਨ, ਜਿਹਨਾਂ ਨੂੰ ਕੋਈ ਕਾਨੂੰਨੀ ਟਰੇਨਿੰਗ ਨਹੀਂ ਸੀ। ਸਭ ਤੋਂ ਸੀਨੀਅਰ ਜੱਜ ਦੋਸ਼ੀਆਂ ਨੂੰ ਤਸੀਹੇ ਤੇ ਦੁੱਖ ਦੇ ਕੇ ਸੁਆਦ ਲੈਂਦਾ ਸੀ। (Sadist) ਅਦਾਲਤ ਦੀ ਕਾਰਵਾਈ ਸ਼ੁਰੂ ਹੋਣ 'ਤੇ 27 ਮੁਜਰਮ ਹਾਜ਼ਰ ਸਨ, ਜਿਹਨਾਂ ਵਿੱਚੋਂ 20 ਵਿਦਿਆਰਥੀ ਸਨ।

ਸੈਨਾ ਦੇ ਫੌਜਦਾਰੀ ਕਾਨੂੰਨ ਦੀ ਦਫਾ 94 ਅਨੁਸਾਰ ਕਵੀ ਨਾਜ਼ਿਮ ਉੱਤੇ ਤਿੰਨ ਦੋਸ਼ ਲਾਏ ਗਏ ਸਨ।

(1) ਇੱਕ ਤੋਂ ਵੱਧ ਆਦਮੀਆਂ ਨਾਲ ਰਲ ਕੇ ਫੌਜ ਵਿੱਚ ਹੁਕਮ-ਅਦੂਲੀ ਦੀਆਂ ਗੱਲਾਂ ਨੂੰ ਉਤਸਾਹਤ ਕਰਨਾ। ਇਸ ਜੁਰਮ ਦੀ ਸਜ਼ਾ ਪੰਜ ਸਾਲ ਸੀ।

(2) ਫ਼ੌਜੀ ਅਨੁਸ਼ਾਸਨ ਵਿਰੁੱਧ ਬਗ਼ਾਵਤ ਲਈ ਭੜਕਾਉਣਾ। ਇਸ ਜੁਰਮ ਦੀ ਸਜ਼ਾ 10 ਸਾਲ ਸੀ।

(3) ਗ਼ਦਰ ਕਰਨਾ। ਇਸ ਜੁਰਮ ਦੀ ਸਜ਼ਾ ਮੌਤ ਸੀ।

ਗਵਾਹੀ ਵਜੋਂ ਇੱਕ ਦਸਤਾਵੇਜ਼ ਪੇਸ਼ ਕੀਤੀ ਗਈ ਜਿਸ ਵਿੱਚ ਲਿਖਿਆ ਸੀ, "ਚੰਗੇ ਰਹਿਣ-ਸਹਿਣ ਲਈ ਕੀ ਕਰਨਾ ਚਾਹੀਦਾ ਹੈ ?" ਜਿਸ ਵਿੱਚ 20 ਨੇਮ ਗਿਣਾਏ ਗਏ ਸਨ, ਜਿਵੇਂ ਸਵੇਰੇ ਸਵਖਤੇ ਉੱਠਣਾ, ਵਰਜਿਸ਼ ਕਰਨਾ ਤੇ ਨਵੇਂ ਮਿੱਤਰ ਬਣਾਉਣੇ। ਨਾਲ ਹੀ ਸਾਰੇ ਵਿਦਿਆਰਥੀਆਂ ਦੀਆਂ ਸਾਹਿਤਕ ਸਰਗਰਮੀਆਂ ਦਾ ਵੇਰਵਾ ਸੀ।

ਨਾਜ਼ਿਮ ਨੂੰ ਅਜੇ ਵੀ ਭਰੋਸਾ ਸੀ ਕਿ ਮੇਰਾ ਸਾਰਾ ਕੇਸ ਹਾਸੋਹੀਣਾ ਤੇ ਆਧਾਰਹੀਣ ਅਥਵਾ ਬੇਹੱਦ ਕਮਜ਼ੋਰ ਸੀ ਤੇ ਇਹ ਸਿਰੇ ਨਹੀਂ ਚੜ੍ਹਨ ਲੱਗਾ। ਨਾਲ ਹੀ ਉਸ ਦਾ ਇਹ ਵਿਸ਼ਵਾਸ ਸੀ ਕਿ ਮੇਰੇ ਖ਼ਿਲਾਫ਼ ਤਾਂ ਇੱਕੋ ਹੀ ਗਵਾਹੀ ਹੈ ਤੇ ਉਹ ਵੀ ਬਹੁਤ ਹੀ ਮਾਮੂਲੀ ਕਿ ਇਕ ਵਿਦਿਆਰਥੀ ਮੈਨੂੰ ਸ਼ਰਧਾ ਜਾਂ ਪਿਆਰ ਵਜੋਂ ਮਿਲਣ ਆਇਆ ਸੀ ਤੇ ਮੈਂ ਉਸ ਨੂੰ ਝਿੜਕ ਦਿੱਤਾ ਸੀ। ਆਰਟੀਕਲ 94 ਅਨੁਸਾਰ ਘੱਟੋ-ਘੱਟ ਦੋ ਗਵਾਹੀਆਂ ਜ਼ਰੂਰੀ ਸਨ।

ਗਵਾਹੀਆਂ ਤੇ ਬਹਿਸ ਦੌਰਾਨ ਬੜੀਆਂ ਹਾਸੋ-ਹੀਣੀਆਂ ਅਤੇ ਕਈ ਵਾਰ ਦੁਖਾਂਤਕ ਅਥਵਾ ਗੰਭੀਰ ਸਥਿਤੀਆਂ ਵੀ ਪੈਦਾ ਹੋ ਜਾਂਦੀਆਂ ਰਹੀਆਂ। ਕੇਦਾਰ ਨਾਂ ਦੇ ਦੋਸ਼ੀ ਨੇ ਕਿਹਾ,

"ਨਿਰਸੰਦੇਹ ਮੈਂ ਗੋਰਕੀ ਤੇ ਨਾਜ਼ਿਮ ਪੜ੍ਹਾਂਗਾ। ਜਦੋਂ ਕੋਈ ਗ਼ਰੀਬੀ ਦਾ ਜ਼ਿਕਰ ਕਰਦਾ ਹੈ, ਜਾਂ ਅਮੀਰ ਤੇ ਗ਼ਰੀਬ ਦੇ ਪਾੜੇ ਦੀ ਗੱਲ ਹੁੰਦੀ ਹੈ, ਤਾਂ ਉਸ ਨੂੰ ਤੁਰੰਤ ਕਮਿਊਨਿਸਟ ਕਹਿ ਦਿੱਤਾ ਜਾਂਦਾ ਹੈ। ਇੱਕ ਦਿਨ ਮੇਰੇ ਇੱਕ ਅਮੀਰ ਗਵਾਂਢੀ ਨੇ ਸਾਡੇ ਘਰ ਭੋਜਨ ਦੀ ਪਲੇਟ ਭੇਜੀ। ਅਸੀਂ ਇਹ ਖਾ ਨਾ ਸਕੇ, ਕਿਉਂਕਿ ਇਹ ਬੁੱਸ ਗਈ ਸੀ ਤੇ ਖਾਣ ਦੇ ਅਯੋਗ ਸੀ। ਕਿਉਂਕਿ ਅਸੀਂ ਗ਼ਰੀਬ ਸੀ, ਸਾਨੂੰ ਮਨੁੱਖ ਨਹੀਂ ਸੀ ਸਮਝਿਆ ਜਾਂਦਾ। ਇਸ ਦਿਨ ਤੋਂ ਪਿੱਛੋਂ ਮੈਂ ਅਮੀਰ ਦੀ ਸ਼ਕਲ ਵੇਖ ਨਹੀਂ ਸੀ ਸਕਦਾ।"

ਇਹ ਭਾਸ਼ਣ ਸੁਣ ਕੇ ਹਾਜ਼ਰ ਲੋਕਾਂ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ, ਪਰ ਅਖੌਤੀ ਸੈਨਿਕ ਜੱਜਾਂ ਨੇ ਸਮਝਿਆ ਕਿ ਇਹ ਦੋਸ਼ੀ ਪੱਕਾ ਕਮਿਊਨਿਸਟ ਬਣ ਚੁੱਕਾ ਸੀ।

ਇੰਞ ਹੀ ਚੱਲਦੇ ਕੇਸ ਦੌਰਾਨ ਅਚੇਤ ਹੀ ਜਾਂ ਘਬਰਾਹਟ ਵਿੱਚ ਨਾਜ਼ਿਮ ਮੁੱਛਾਂ ਨੂੰ ਮਰੋੜਨ ਲੱਗ ਪਿਆ, ਤਾਂ ਜੱਜ ਨੇ ਝਿੜਕਿਆ ਕਿ ਹੁਕਮ-ਅਦੂਲੀ ਤੇ ਗੁਸਤਾਖ਼ੀ ਹੈ। ਏਹੀ ਜੱਜ ਅਦਾਲਤ ਵਿੱਚ ਹਰ ਵੇਲੇ ਮਾਲਾ ਦੇ ਮਣਕੇ ਫੇਰਦਾ ਰਹਿੰਦਾ ਸੀ ਤਾਂ ਨਾਜ਼ਿਮ ਨੇ ਕਿਹਾ ਕਿ ਧਰਮ-ਨਿਰਪੱਖ ਰਾਜ ਵਿੱਚ ਇਹ ਅਦਾਲਤ ਦੀ ਹੱਤਕ ਹੈ। ਉਸ ਨੇ ਬਿਆਨ ਦਿੰਦਿਆਂ ਕਿਹਾ ਕਿ, "ਹਾਂ ਮੈਂ ਇਕ ਕਮਿਊਨਿਸਟ ਹਾਂ, ਇਹ ਮੇਰੇ ਵਿਚਾਰ ਤੇ ਆਦਰਸ਼ ਹਨ। ਪਰ ਮੈਂ ਕਿਸੇ 'ਤੇ ਪ੍ਰਚਾਰ ਠੋਸਦਾ ਨਹੀਂ। ਕੋਈ ਬੰਦਾ ਸੈਨਿਕ ਸਕੂਲ ਦੇ ਕੁਝ ਵਿਦਿਆਰਥੀਆਂ ਨੂੰ ਬਦਲ ਕੇ ਕਮਿਊਨਿਜ਼ਮ ਨਹੀਂ ਲਿਆ ਸਕਦਾ।"

29 ਮਾਰਚ 1938 ਨੂੰ ਮੁਕੱਦਮੇ ਦਾ ਫ਼ੈਸਲਾ ਸੁਣਾਇਆ ਗਿਆ। ਨਾਜ਼ਿਮ ਨੂੰ ਫ਼ੌਜ ਵਿੱਚ ਬਗ਼ਾਵਤ ਦੇ ਦੋਸ਼ ਅਧੀਨ ਪੰਦਰਾਂ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਬਾਕੀ ਦੇ ਦੋਸ਼ੀਆਂ ਵਿਚਲਿਆਂ 'ਚੋਂ 23 ਨੂੰ ਬਰੀ ਕਰ ਦਿੱਤਾ ਗਿਆ। ਬਾਕੀ ਦੇ ਚਾਰਾਂ ਨੂੰ 11 ਤੋਂ 14 ਤੀਕ ਸਾਲਾਂ ਦੀ ਸਜ਼ਾ ਸੁਣਾਈ ਗਈ, ਪਰ 21 ਸਾਲ ਤੋਂ ਥੱਲੇ ਦੀ ਉਮਰ ਹੋਣ ਕਾਰਨ ਇਹ ਸਜ਼ਾ ਘਟਾ ਕੇ ਪੰਜ ਤੇ ਛੇ ਸਾਲ ਕਰ ਦਿੱਤੀ ਗਈ। ਪਰ ਬਰੀ ਕੀਤੇ ਗਏ ਵਿਦਿਆਰਥੀਆਂ ਨੂੰ ਸੈਨਿਕ ਅਫਸਰ ਬਣਨ ਦੇ ਹੱਕ ਤੋਂ ਵਾਂਝਿਆਂ

ਕਰ ਦਿੱਤਾ ਗਿਆ।

ਨਾਜ਼ਿਮ ਨੇ ਫ਼ੈਸਲੇ ਬਾਰੇ ਟਿੱਪਣੀ ਕਰਦੇ ਹੋਏ ਆਪਣੀ ਪਤਨੀ 'ਪੀਰਾਏ' ਨੂੰ ਲਿਖਿਆ ਸੀ ਕਿ "ਇਹ ਸਪੱਸ਼ਟ ਹੈ ਕਿ ਅਦਾਲਤ ਵਿੱਚ ਬੈਠੇ ਜੱਜ ਮੈਨੂੰ ਜੀਉਂਦੇ ਨੂੰ ਹੀ ਦਫ਼ਨ ਕਰ ਦੇਣਾ ਚਾਹੁੰਦੇ ਸਨ।"

ਇੰਵ ਇੱਕ ਹੋਣਹਾਰ ਤੇ ਲੋਕਾਂ ਨੂੰ ਸਮਰਪਿਤ ਕਵੀ ਨੂੰ ਕਵਿਤਾਵਾਂ ਲਿਖਣ ਦੇ 'ਜੁਰਮ" ਹੇਠ 15 ਸਾਲ ਦੀ ਸਜ਼ਾ ਸੁਣਾ ਕੇ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ। ਸਜ਼ਾ ਦੇਣ ਵਾਲੇ ਅਫਸਰਾਂ ਨੂੰ ਕੀ ਪਤਾ ਸੀ ਕਿ ਇਤਿਹਾਸ ਨੇ ਨਾਜ਼ਿਮ ਨੂੰ ਨਹੀਂ, ਅਫ਼ਸਰਾਂ ਨੂੰ ਦੁਨੀਆ ਭਰ ਦੇ ਨਾਜ਼ਿਮ ਦੇ ਉਪਾਸਕਾਂ ਤੇ ਸਾਹਿਤ-ਪ੍ਰੇਮੀਆਂ ਦੀਆਂ ਨਜ਼ਰਾਂ ਵਿੱਚ ਦੋਸ਼ੀ ਬਣਾ ਕੇ ਕਟਹਿਰੇ ਵਿੱਚ ਖੜ੍ਹਾ ਕਰ ਦੇਣਾ ਸੀ।

**(ਸੈਮੀ ਗੋਕਸ਼ੂ ਦੀ ਲਿਖੀ ਨਾਜ਼ਿਮ ਦੀ ਜੀਵਨੀ ਉੱਤੇ ਆਧਾਰਤ ਲੇਖ) ✪**

# ਸਾਵਰਕਰ ਅਤੇ ਭਗਤ ਸਿੰਘ

**ਦਿਵਿ ਕੁਮਾਰ**

26 ਫਰਵਰੀ ਨੂੰ ਰਾਸ਼ਟਰਪਤੀ ਅਬਦੁਲ ਜੇ ਕਲਾਮ ਨੇ ਸੰਸਦ ਭਵਨ ਦੇ ਕੇਂਦਰੀ ਹਾਲ ਵਿੱਚ ਸਾਵਰਕਰ ਦੇ ਚਿੱਤਰ ਨੂੰ ਸਥਾਪਿਤ ਕਰਨ ਦੀ ਰਸਮ ਅਦਾ ਕੀਤੀ। ਇਸ ਤੋਂ ਬਾਅਦ 2 ਮਾਰਚ ਨੂੰ ਉਹ ਪੰਜਾਬ ਦੇ ਪਿੰਡ ਖਟਕੜ ਕਲਾਂ (ਨਵਾਂ ਸ਼ਹਿਰ) ਗਏ, ਜਿੱਥੇ ਉਹਨਾਂ ਨੇ ਭਗਤ ਸਿੰਘ ਮਿਊਜ਼ਿਅਮ ਨੂੰ ਦੇਖਿਆ। ਦੋ ਆਪਸ ਵਿੱਚ ਵਿਰੋਧੀ ਆਚਰਣਾਂ ਅਤੇ ਲੱਛਣਾਂ ਵਾਲੇ ਵਿਅਕਤੀਆਂ ਨੂੰ ਵੀ ਜਦੋਂ 'ਦੇਸ਼ ਭਗਤ' ਕਿਹਾ ਜਾਂਦਾ ਹੈ ਤਾਂ ਸਹਿਜੇ ਹੀ ਉਹਨਾਂ ਦੀ ਦੇਸ਼ ਭਗਤੀ ਤੇ ਇਮਾਨਦਾਰੀ ਉੱਪਰ ਸਵਾਲੀਆ ਨਿਸ਼ਾਨ ਲੱਗ ਜਾਂਦਾ ਹੈ।

ਸਾਵਰਕਰ, ਭਗਤ ਸਿੰਘ ਤੋਂ ਚੌਵੀ ਸਾਲ ਪਹਿਲਾਂ ਪੈਦਾ ਹੋਇਆ ਅਤੇ ਭਗਤ ਸਿੰਘ ਦੀ ਸ਼ਹਾਦਤ ਤੋਂ ਪੈਂਤੀ ਵਰ੍ਹੇ ਬਾਅਦ ਤੱਕ ਜਿਉਂਦਾ ਰਿਹਾ। ਗਦਰ ਪਾਰਟੀ ਦੇ ਜੁਝਾਰੂ ਅੰਦੋਲਨਕਾਰੀਆਂ ਨੇ ਆਪਣੀ ਪਤ੍ਰਿਕਾ ਵਿੱਚ ਸਾਵਰਕਰ ਦੀ ਰਚਨਾ 'ਪਹਿਲਾ ਭਾਰਤੀ ਸਵਾਧੀਨਤਾ ਸੰਗਰਾਮ' 1857 ਨੂੰ (ਜੋ 1907 ਵਿੱਚ ਲਿਖੀ ਗਈ ਸੀ) 1913 ਤੋਂ ਲੈ ਕੇ ਬਾਅਦ ਵਿੱਚ ਕੜੀਆਂ ਵਿੱਚ ਪ੍ਰਕਾਸ਼ਿਤ ਕੀਤਾ ਸੀ। ਪਰੰਤੂ ਗ਼ਦਰ ਦੇ ਅੰਦੋਲਕਾਰੀਆਂ ਨੂੰ ਇਹ ਜਾਣਕਾਰੀ ਨਹੀਂ ਸੀ ਕਿ ਗ੍ਰੰਥ ਪ੍ਰਕਾਸ਼ਨ ਦੀ ਸ਼ੁਰੂਆਤ ਹੋਣ ਤੱਕ ਸਾਵਰਕਰ ਨੇ ਬਰਤਾਨੀਆ ਹਕੂਮਤ ਨੂੰ ਦੂਸਰੀ ਬਾਰ (ਪਹਿਲੀ ਵਾਰ ਅੰਡੇਮਾਨ ਸੈਲੂਲਰ ਜੇਲ੍ਹ ਲਿਜਾਣ ਤੋਂ ਕੁਝ ਸਮਾਂ ਬਾਅਦ ਉਸਨੇ ਸੰਨ 1911 ਵਿੱਚ) ਮੁਆਫ਼ੀਨਾਮਾ ਦੇ ਕੇ ਜੇਲ੍ਹ ਵਿੱਚੋਂ ਰਿਹਾਅ ਹੋਣ ਦਾ ਯਤਨ ਕੀਤਾ ਸੀ। ਭਗਤ ਸਿੰਘ ਦੇ ਆਦਰਸ਼ ਕਰਤਾਰ ਸਿੰਘ ਵਰਗੇ ਵੀਹ ਸਾਲਾਂ ਦੇ ਨੌਜਵਾਨ ਕ੍ਰਾਂਤੀਕਾਰੀ ਨੇ ਹੱਸਦਿਆਂ ਹੋਇਆਂ ਫਾਂਸੀ ਦੇ ਰੱਸੇ ਨੂੰ ਚੁੰਮਿਆ। (ਕੁੱਲ ਪੰਜਤਾਲੀ ਗਦਰੀ ਫਾਂਸੀ ਦੇ ਤਖ਼ਤੇ 'ਤੇ ਝੂਲ ਗਏ।) ਭਗਤ ਸਿੰਘ ਨੇ ਫਾਂਸੀ 'ਤੇ ਚੜ੍ਹਨ ਵਾਲੇ ਦਿਨ ਤੋਂ (23 ਮਾਰਚ 1931) ਕਈ ਮਹੀਨੇ ਪਹਿਲਾਂ ਹੀ ਸਾਵਰਕਰ ਤੀਸਰੀ ਵਾਰ ਮੁਆਫ਼ੀਨਾਮਾ ਦੇ ਕੇ ਬਰਤਾਨੀਆ ਸਰਕਾਰ ਅੱਗੇ ਗਿੜਗਿੜਾ ਰਿਹਾ ਸੀ।

ਗਾਂਧੀ ਦੀ ਹੱਤਿਆ ਤੋਂ ਬਾਅਦ 1948 ਈ. ਵਿੱਚ ਤੇ ਫਿਰ 1950 ਈ. ਵਿੱਚ ਕਾਂਗਰਸ ਸਰਕਾਰ ਕੋਲ ਖਿਮਾ-ਯਾਚਨਾ ਕਰਦਿਆਂ ਹੋਇਆਂ ਸਾਵਰਕਰ ਨੇ ਗੋਡੇ ਟੇਕਣ ਵਾਲੀ ਰਣਨੀਤੀ ਅਪਣਾਈ। ਇਹ ਹੈ ਦੇਸ਼ ਭਗਤ ਸਾਵਰਕਰ ਦੀ ਦੇਸ਼ ਦ੍ਰੋਹੀ ਸਾਵਰਕਰ ਵਿੱਚ ਪਰਿਵਰਤਨ ਦੀ ਰਾਮ ਕਹਾਣੀ। ਭਾਰਤੀ ਜਨਤਾ ਪਾਰਟੀ ਦੇ ਸੱਤਾਧਾਰੀਆਂ ਦੀਆਂ ਨਜ਼ਰਾਂ ਵਿੱਚ ਸ਼ਾਇਦ ਵਿਦੇਸ਼ੀ ਹਕੂਮਤ ਦੇ ਸਾਹਮਣੇ ਗੋਡੇ ਟੇਕਣਾ ਹੀ ਦੇਸ਼ ਭਗਤੀ ਹੋਵੇ। ਜਦੋਂ ਕਿ ਭਗਤ ਸਿੰਘ ਦੇ ਪਿਤਾ ਸਰਦਾਰ ਕਿਸ਼ਨ ਸਿੰਘ ਨੇ 30 ਸਿਤੰਬਰ, 1930 ਨੂੰ ਟ੍ਰਿਬਿਊਨਲ ਨੂੰ ਇੱਕ ਅਰਜ਼ੀ ਦੇ ਕੇ ਬਚਾਅ ਪੇਸ਼ ਕਰਨ ਲਈ ਸਮੇਂ ਦੀ ਮੰਗ ਕੀਤੀ ਸੀ। ਪਿਤਾ ਵਲੋਂ ਦਿੱਤੀ ਗਈ ਅਰਜ਼ੀ ਤੋਂ ਭਗਤ ਸਿੰਘ ਦੀ ਭਾਵਨਾ ਨੂੰ ਠੇਸ ਪਹੁੰਚੀ। ਉਸਨੇ ਆਪਣੇ ਸਿਧਾਂਤਾਂ ਉੱਪਰ ਜ਼ੋਰ ਦਿੰਦਿਆਂ ਹੋਇਆਂ 4 ਅਕਤੂਬਰ 1930 ਨੂੰ ਪਿਤਾ ਦੇ ਨਾਮ ਲਿਖੇ ਇੱਕ ਖ਼ਤ ਵਿੱਚ ਕਿਹਾ ਸੀ, "ਮੈਨੂੰ ਡਰ ਹੈ ਕਿ ਮੈਂ ਤੁਹਾਡੇ 'ਤੇ ਦੋਸ਼ ਥੱਪਦਾ ਹੋਇਆਂ ਜਾਂ ਇਸ ਤੋਂ ਅਗਾਂਹ ਜਾ ਕੇ ਤੁਹਾਡੇ ਕੰਮ ਦੀ ਨਿੰਦਾ ਕਰਦਾ ਹੋਇਆ ਕਿਤੇ ਸਭਿਅਤਾ ਦੀ ਹੱਦ ਨਾ ਲੰਘ ਜਾਵਾਂ ਅਤੇ ਮੇਰੇ ਸ਼ਬਦ ਕਿਤੇ ਜ਼ਿਆਦਾ ਸਖ਼ਤ ਨਾ ਹੋ ਜਾਣ। ਪਰੰਤੂ ਮੈਂ ਆਪਣੀ ਗੱਲ ਸਪੱਸ਼ਟ ਸ਼ਬਦਾਂ ਵਿੱਚ



ਜ਼ਰੂਰ ਕਹਾਂਗਾ। ਜੇ ਹੋਰ ਕੋਈ ਆਦਮੀ ਮੇਰੇ ਨਾਲ ਅਜਿਹਾ ਵਿਹਾਰ ਕਰਦਾ ਤਾਂ ਮੈਂ ਇਸ ਨੂੰ ਗੱਦਾਰੀ ਤੋਂ ਘੱਟ ਨਾ ਮੰਨਦਾ, ਪਰੰਤੂ ਤੁਹਾਡੇ ਪ੍ਰਸੰਗ ਵਿੱਚ ਮੈਂ ਇੰਨਾ ਹੀ ਕਹਾਂਗਾ ਕਿ ਇਹ ਇੱਕ ਕਮਜ਼ੋਰੀ ਹੈ ਹੇਠਲੇ ਦਰਜੇ ਦੀ ਕਮਜ਼ੋਰੀ। ਇਹ ਇੱਕ ਅਜਿਹਾ ਸਮਾਂ ਸੀ ਜਦੋਂ ਅਸੀਂ ਸਾਰੇ ਇੱਕ ਇਮਤਿਹਾਨ ਵਿੱਚੋਂ ਦੀ ਗੁਜ਼ਰ ਰਹੇ ਸਾਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਇਸ ਇਮਤਿਹਾਨ ਵਿੱਚ ਨਾਕਾਮ ਰਹੇ ਹੋ।"

ਲਾਹੌਰ ਸਾਜਿਸ਼ ਕੇਸ ਦੀ ਸੁਣਵਾਈ ਲਈ ਇੱਕ ਖਾਸ ਟ੍ਰਿਬਿਊਨਲ ਬਣਾਇਆ ਗਿਆ। ਇਸ ਦੇ ਸਾਹਮਣੇ 7 ਅਕਤੂਬਰ, 1930 ਨੂੰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਇਹਨਾਂ ਦੇਸ਼ ਭਗਤਾਂ ਉੱਪਰ ਸਭ ਤੋਂ ਵੱਡਾ ਦੋਸ਼ ਇਹ ਸੀ ਕਿ ਉਹਨਾਂ ਨੇ ਜਾਰਜ ਪੰਜਵੇਂ ਵਿਰੁੱਧ ਜੰਗ ਦਾ ਐਲਾਨ ਕੀਤਾ ਸੀ। ਇਹਨਾਂ ਨੇ ਇਸ ਦੋਸ਼ ਨੂੰ ਨਕਾਰਿਆ ਹੀ ਨਹੀਂ ਸੀ, ਸਗੋਂ ਉਹਨਾਂ ਨੇ ਇਹ ਆਖਿਆ ਕਿ, "ਅਸੀਂ ਯੁੱਧ ਬੰਦੀ ਹਾਂ ਅਸੀਂ ਬੜੀ ਹਲੀਮੀ ਨਾਲ ਆਪ ਨੂੰ ਪ੍ਰਾਰਥਨਾ ਕਰਦੇ ਹਾਂ ਕਿ ਤੁਸੀਂ ਆਪਣੀ ਸੈਨਾ ਨੂੰ ਹੁਕਮ ਦਿਉ ਕਿ ਉਹ ਸਾਨੂੰ ਗੋਲੀ ਨਾਲ ਉਡਾਉਣ ਲਈ ਸੈਨਿਕ ਦਸਤਾ ਭੇਜਣ।"

ਕਿੰਨਾ ਫ਼ਰਕ ਸੀ ਸਾਵਰਕਰ ਅਤੇ ਭਗਤ ਸਿੰਘ ਵਿਚਕਾਰ। ਕਿੰਨੇ ਸਨ ਆਪਸ ਵਿੱਚ ਵਿਰੋਧੀ ਵਿਚਾਰ। ਇਹ ਵਿਰੋਧਾਭਾਸ ਇੰਨਾ ਦਰਾਜ ਹੈ ਕਿ ਸਾਵਰਕਰ ਦੀ ਭਗਤ ਸਿੰਘ ਨਾਲ ਤੁਲਨਾ ਕਰਨ ਦਾ ਜਤਨ ਵੀ ਕਿਸੇ ਕਸੂਰ ਤੋਂ ਘੱਟ ਨਹੀਂ ਮੰਨਿਆ ਜਾ ਸਕਦਾ। ਇਹ ਸੱਚ ਵੀ ਹੈ ਕਿ ਇੱਕ ਦੇਸ਼ਧਰੋਹੀ ਨੂੰ ਇੱਕ ਸੱਚੇ ਦੇਸ਼ ਭਗਤ ਦੇ ਸਾਹਵੇਂ ਤੁਲਨਾ ਲਈ ਖੜ੍ਹਾ ਨਹੀਂ ਕੀਤਾ ਜਾ ਸਕਦਾ।

ਆਪਣੀਆਂ-ਆਪਣੀਆਂ ਵਿਚਾਰਧਾਰਾਵਾਂ ਤੇ ਨੀਤੀਆਂ ਲਈ ਸਾਵਰਕਰ ਤੇ ਭਗਤ ਸਿੰਘ ਦੋਨਾਂ ਨੇ ਗਾਂਧੀ ਦਾ ਵਿਰੋਧ ਕੀਤਾ ਸੀ। ਗਾਂਧੀ ਲਈ ਹਿੰਦੂ ਤੇ ਮੁਸਲਮਾਨ ਬਰਾਬਰ ਸਨ। ਭਾਵੇਂ ਗਾਂਧੀ ਪਰਮ ਭਗਤ ਸੀ ਪਰ ਉਹ ਮੁਸਲਮਾਨ ਵਿਰੋਧੀ ਨਹੀਂ ਸੀ। ਇਸੇ ਲਈ ਸਾਵਰਕਰ ਗਾਂਧੀ ਦੀ ਹੱਤਿਆ ਦੀ ਸਾਜਿਸ਼ ਦਾ ਸੂਤਰਧਾਰ ਬਣਿਆ।

ਭਗਤ ਸਿੰਘ ਨੇ ਜੇਲ੍ਹ ਤੋਂ ਕ੍ਰਾਂਤੀਕਾਰੀ ਪ੍ਰੋਗਰਾਮ ਦਾ ਮਸੌਦਾ ਨਾਂ ਤੇ ਨੌਜਵਾਨ ਰਾਜਨੀਤਕ ਕਾਰਕੁੰਨਾਂ ਦੇ ਨਾਮ ਇੱਕ ਦਸਤਾਵੇਜ਼ ਬਾਹਰ ਭੇਜੀ ਸੀ। ਇਸ ਵਿੱਚ ਕਿਹਾ ਗਿਆ ਸੀ ਕਿ ਗਾਂਧੀਵਾਦ ਦੇਸ਼ ਨੂੰ ਨਾ ਕੇਵਲ ਪੂਰਨ ਆਜ਼ਾਦੀ ਦੁਆਉਣ ਵਿੱਚ ਅਸਮਰੱਥ ਹੀ ਹੈ, ਬਲਕਿ ਉਹ ਤਾਂ ਸੱਤਾ ਵਿੱਚ ਸਿਰਫ਼ ਭਾਈਵਾਲੀ ਚਾਹੁੰਦਾ ਹੈ। ਗਾਂਧੀ ਦੀ ਲੀਡਰਸ਼ਿਪ ਵਾਲੀ ਕਾਂਗਰਸ ਪਾਰਟੀ 'ਤੇ ਅੱਵਲ ਦਰਜੇ ਦੇ ਸਵਾਰਥੀ ਵਰਗ ਦਾ ਕਬਜ਼ਾ ਰਿਹਾ ਹੈ। ਗਾਂਧੀਵਾਦ ਦੀ ਨੀਤੀ ਨੂੰ ਹਰਾਉਣ ਲਈ ਕੀ ਕਿਸਾਨ ਕੀ ਮਜ਼ਦੂਰ ਤੇ ਕੀ ਮੱਧਵਰਗੀ ਜਨਤਾ, ਸਾਰਿਆਂ ਨੂੰ ਇਕ ਜੁੱਟ ਕਰਕੇ ਸੰਘਰਸ਼ ਦੇ ਰਾਹ 'ਤੇ ਚਲਾਉਣਾ ਪਵੇਗਾ। ਗਾਂਧੀ ਭਾਵੇਂ ਧਰਮ ਦਾ ਪੈਰੋਕਾਰ ਰਿਹਾ ਹੋਵੇ ਪਰ ਉਹ ਦੂਸਰੇ ਧਰਮ ਦਾ ਵਿਰੋਧੀ ਨਹੀਂ ਸੀ। ਇਹੀ ਕਾਰਨ ਸੀ ਕਿ ਸਾਵਰਕਰ ਨੂੰ ਗਾਂਧੀ ਉੱਪਰ ਗੁੱਸਾ ਸੀ। ਇਸੇ ਲਈ ਉਸਨੂੰ ਸਰੀਰਕ ਤੌਰ 'ਤੇ ਖ਼ਤਮ ਕਰਵਾ ਦਿੱਤਾ ਗਿਆ। ਜਦੋਂ ਕਿ ਭਗਤ ਸਿੰਘ ਤੇ ਸਾਥੀ ਚਾਹੁੰਦੇ ਸਨ ਕਿ ਗਾਂਧੀ ਦੇ ਦਲਾਲ ਚਰਿੱਤਰ ਅਤੇ ਨੀਤੀਆਂ ਦਾ ਜੁਝਾਰੂ ਲੋਕ ਲਹਿਰਾਂ ਉਸਾਰ ਕੇ ਜਵਾਬ ਦਿੰਦੇ ਹੋਏ ਰਾਜਨੀਤਿਕ ਅਖਾੜੇ ਵਿੱਚ ਹਰਾਇਆ ਜਾਵੇ।

ਭਗਤ ਸਿੰਘ ਨੇ ਸਾਮੰਤਵਾਦੀ ਭੜਾਸ ਕੱਢਣ ਵਾਲੇ ਨਾਅਰੇ 'ਵੰਦੇ ਮਾਤਰਮ' ਦੀ ਥਾਂ 'ਤੇ 'ਇਨਕਲਾਬ ਜ਼ਿੰਦਾਬਾਦ, ਸਾਮਰਾਜਵਾਦ ਮੁਰਦਾਬਾਦ' ਜਿਹੇ ਸਪੱਸ਼ਟ ਦੇਸ਼ ਭਗਤੀ ਪੂਰਨ ਨਾਅਰੇ ਲਾਏ। ਸਾਵਰਕਰ ਨੇ 'ਹਿੰਦੂਵਾਦੀ' ਫਾਸੀਵਾਦੀ ਕੌਮੀ ਵਿਚਾਰਧਾਰਾ ਅੱਗੇ ਲਿਆਂਦੀ। ਭਗਤ ਸਿੰਘ ਦੇ ਪ੍ਰੇਰਣਾ ਸ੍ਰੋਤ ਸਨ, ਦੁਨੀਆ ਦਾ ਮਜ਼ਦੂਰ ਵਰਗ, ਸਾਮਰਾਜ ਵਿਰੋਧੀ ਦੇਸ਼-ਭਗਤੀ ਪੂਰਨ ਸੰਘਰਸ਼ ਅਤੇ ਸਮਾਜਵਾਦ । ਜਦਕਿ ਸਾਵਰਕਾਰ ਨੇ ਆਪਣੇ ਤਰੀਕੇ ਨਾਲ ਭਾਰਤੀ ਜਨਤਾ ਵਿੱਚ ਫੁੱਟ ਪਾ ਕੇ ਉਹਨਾਂ ਨੂੰ ਟੁਕੜਿਆਂ ਵਿੱਚ ਵੰਡਿਆ। 'ਜਰਮਨ ਨਾਜ਼ੀਵਾਦ' ਦੇ ਰਾਹੀਂ ਹਿੰਦੂ ਹੰਕਾਰ ਨੂੰ ਪੱਠੇ ਪਾ ਕੇ ਦੂਸਰੀਆਂ ਕੌਮਾਂ ਵੱਲ ਵੈਰ ਭਾਵ ਰੱਖਦਿਆਂ ਹੋਇਆਂ ਫਾਸ਼ੀਵਾਦੀ ਵਿਚਾਰਧਾਰਾ ਅਤੇ ਸੰਸਥਾਵਾਂ ਨੂੰ ਵਿਸਤਾਰਿਆ ਗਿਆ। ਇਸ ਤਰ੍ਹਾਂ ਸਾਵਰਕਰ ਬਰਤਾਨਵੀ ਹਕੂਮਤ ਦੇ ਵਿਸ਼ਵਾਸਾਂ ਤੇ ਨੀਤੀਆਂ ਨੂੰ ਵਿਅਰਥ ਹੋਣ ਤੋਂ ਬਚਾਉਂਦਿਆਂ ਹੋਇਆਂ ਉਹਨਾਂ ਨੂੰ ਅਮਲ ਵਿੱਚ ਲਿਆਉਣ ਵਿੱਚ ਸਹਾਇਕ ਸਿੱਧ ਹੋਇਆ। ਇਹ ਅਜਿਹੇ ਵਿਚਾਰਾਂ ਦਾ ਵਿਰੋਧ ਸੀ ਕਿ ਆਮ ਜਨਤਾ ਸ਼ਾਂਤੀ ਤੇ ਭਾਈਚਾਰੇ ਦੇ ਜੀਵਨ ਜੀਉਣ ਨੂੰ ਪੀੜ੍ਹੀ ਦਰ ਪੀੜ੍ਹੀ ਵਿਕਸਿਤ ਕਰਦਿਆਂ ਤੇ ਵਧਾਉਂਦਿਆਂ ਹੋਇਆਂ ਧਰਮ ਨਿਰਪੱਖ ਸਭਿਆਚਾਰ ਨੂੰ ਤਬਾਹ ਹੋਣੋ ਬਚਾਏ ਤਾਂ ਕਿ ਜ਼ਹਿਰ ਭਰਿਆ ਈਰਖਾਲੂ ਸਭਿਆਚਾਰ ਜੜ੍ਹਾਂ ਨਾ ਫੜੇ।

ਹਿੰਦੂਵਾਦੀਆਂ ਦੀ ਇਹ ਨੀਤੀ ਰਹੀ ਹੈ ਕਿ ਇਤਿਹਾਸ ਤੇ ਵਰਤਮਾਨ ਦੌਰ ਨੂੰ ਹਰ ਸੰਭਵ ਪ੍ਰਸੰਗ ਅਤੇ ਘਟਨਾ ਦੇ ਆਸਰੇ ਸੰਪ੍ਰਦਾਇਕ ਜ਼ਹਿਰ ਨੂੰ ਹੋਰ ਫੈਲਾਇਆ ਜਾਵੇ। ਇਹ ਘਿਰਣਾਯੋਗ ਯਤਨ ਕਾਹਦੇ ਲਈ ਸੀ? ਧਰਮ ਨਿਰਪੱਖਤਾ ਨੂੰ ਤੇ ਮਤਦਾਨ ਨੂੰ ਗੱਦੀਆਂ ਹਾਸਿਲ ਕਰਨ ਦੀ ਕੋਹੜੀ ਰਾਜਨੀਤੀ ਤੱਕ ਸੀਮਤ ਕਰਕੇ ਉਸਨੂੰ ਅਸ਼ਲੀਲਤਾ ਵਿੱਚ ਬਦਲ ਦਿੱਤਾ ਗਿਆ ਤੇ ਇਹ ਲੋਕ (ਭਾਜਪਾ ਵਾਲੇ) ਸਾਵਰਕਰ ਤੋਂ ਸਿੱਖੀ ਹੋਈ ਕਪਟਤਾ ਨੂੰ ਹੀ ਇੱਕ ਨੀਤੀ ਦੇ ਰੂਪ ਵਿੱਚ ਵਿਕਸਿਤ ਕਰਕੇ ਅਮਲ ਵਿੱਚ ਲਿਆ ਰਹੇ ਹਨ। ਕੌਮੀ ਨਫ਼ਰਤ ਨੂੰ ਹਵਾ ਦਿੰਦਿਆ ਹੋਇਆਂ ਵੋਟਾਂ ਲੈਣੀਆਂ ਅਤੇ ਗੱਦੀਆਂ ਹਾਸਿਲ ਕਰਕੇ ਸੱਤਾ ਵਿੱਚ ਆ ਕੇ ਚਾਰ ਸਾਲ ਤੱਕ ਉਹਨਾਂ ਨੇ ਸਾਵਰਕਰ ਦਾ ਨਾਂ ਬੁੱਲ੍ਹਾਂ 'ਤੇ ਨਹੀਂ ਆਉਣ ਦਿੱਤਾ। ਜਦ ਕਿ ਹੁਣ ਸਿੱਧਾ ਸੰਸਦ ਭਵਨ ਦੇ ਕੇਂਦਰੀ ਹਾਲ ਵਿੱਚ ਉਸਨੂੰ ਸਥਾਪਿਤ ਕਰ ਦਿੱਤਾ ਗਿਆ ਹੈ। ਪਹਿਲਾਂ ਦੇ ਗਾਂਧੀਵਾਦੀ ਸਮਾਜਵਾਦ ਨੂੰ ਹਿੰਦੂਤਵ ਦੇ ਰੂਪ ਵਿੱਚ ਬਦਲ ਕੇ ਇਹਨਾਂ ਲੋਕਾਂ ਨੇ 'ਸਵਦੇਸ਼ੀ' ਨੂੰ ਬਹੁ-ਰਾਸ਼ਟਰੀ ਕੰਪਨੀਆਂ ਦੇ ਦਲਾਲੀਪੁਣੇ ਦੇ ਰੂਪ ਵਿੱਚ ਜਦੋਂ ਵਿਕਸਿਤ ਕੀਤਾ ਤਾਂ ਸਾਵਰਕਰ ਨੂੰ ਦੇਸ਼ ਭਗਤ ਤੇ ਰਾਸ਼ਟਰ ਨੇਤਾ ਦੇ ਰੂਪ ਵਿੱਚ ਪਹਿਚਾਣ ਦੁਆਉਣ ਵਿੱਚ ਹੈਰਾਨੀ ਦੀ ਕੋਈ ਗੱਲ ਨਹੀਂ ਸੀ। ਜਦੋਂ ਸਾਰੀ ਦੁਨੀਆ ਖੁੱਲ੍ਹੀ ਨਿੰਦਿਆ ਕਰਦਿਆਂ ਹੋਇਆਂ ਅਮਰੀਕੀ ਯੁੱਧਪ੍ਰਸਤੀ ਦਾ ਖੰਡਨ ਕਰ ਰਹੀ ਸੀ ਤਾਂ ਇਹਨਾਂ ਲੋਕਾਂ (ਭਾਜਪਾ ਵਾਲਿਆਂ) ਨੇ ਉਸੇ ਅਮਰੀਕੀ ਯੁੱਧਪ੍ਰਸਤੀ ਦੀ ਨਿੰਦਾ ਕਰਨ ਬਾਰੇ ਅੱਗਾ-ਪਿੱਛਾ ਸੋਚਦਿਆਂ ਹੋਇਆਂ ਗੋਡੇ ਟੇਕਣ ਵਾਲੀਆਂ ਨੀਤੀਆਂ ਵਿੱਚ ਸਮਾਂ ਗਵਾਇਆ।

ਸੰਘ ਪਰਿਵਾਰ ਦੀਆਂ ਤਾਕਤਾਂ ਜਾਂ ਦੂਸਰਿਆਂ ਲੋਕਾਂ ਵਲੋਂ ਕੰਧਾਂ ਉੱਪਰ ਕਿਤੇ-ਕਿਤੇ ਇਹ ਨਾਅਰੇ ਲਿਖੇ ਜਾਂ ਰਹੇ ਹਨ, "ਅਸੀਂ ਭਾਰਤ ਮਾਤਾ ਦੇ ਸਪੂਤ ਹਾਂ- ਭਗਤ ਸਿੰਘ ਦੇ ਛੋਟੇ ਭਰਾ ਹਾਂ।" ਸਾਵਰਕਰ ਨੂੰ ਵੀ ਦੇਸ਼ ਭਗਤ ਦੇ ਰੂਪ ਵਿੱਚ ਮਾਨਤਾ ਦੇਣ ਤੋਂ ਵੱਧ ਕੇ ਹੋਰ ਅਗਿਆਨ ਤੇ ਧੋਖੇਬਾਜ਼ੀ ਕੀ ਹੋ ਸਕਦੀ ਹੈ ? ਵਿਰੋਧੀ ਧਿਰਾਂ ਦੇ ਐੱਮ.ਪੀ. ਦੇਸ਼ ਭਰ ਦੇ ਧਰਮ ਨਿਰਪੱਖ ਲੋਕ, ਲੋਕਤੰਤਰ ਵਿੱਚ ਵਿਸ਼ਵਾਸ ਕਰਨ ਵਾਲੇ ਤੇ ਗਾਂਧੀਵਾਦੀ ਲੋਕ ਇਸ ਕਾਰੇ ਦਾ ਜਦੋਂ ਖੰਡਨ ਕਰ ਰਹੇ ਸਨ ਤਾਂ ਸਾਵਰਕਰ ਦੇ ਚਿੱਤਰ ਨੂੰ ਸੰਸਦ ਭਵਨ ਵਿੱਚ ਸਥਾਪਿਤ ਕਰਨ ਦੇ ਪਾਪ ਨੂੰ ਰਾਸ਼ਟਰਪਤੀ ਅਬਦੁਲ ਜੇ ਕਲਾਮ, ਭਗਤ ਸਿੰਘ ਦੀ ਮਿਊਜ਼ੀਅਮ ਵਿੱਚ ਧੋਣ ਲਈ ਸ਼ਾਇਦ ਪੰਜਾਬ ਦੇ ਦੌਰੇ 'ਤੇ ਸਨ।

(ਤੇਲਗੂ ਤੋਂ ਹਿੰਦੀ ਅਨੁਵਾਦ, ਨਿਰਮਲ ਨੰਦਾ)

## ਇਸ ਪ੍ਰਸੰਗ ਵਿੱਚ :

1. —ਸਾਵਰਕਰ ਨੇ ਜਿਨਾਂਹ ਤੋਂ ਵੀ ਪਹਿਲਾਂ ਦੋ ਰਾਸ਼ਟਰਾਂ ਹਿੰਦੂ ਤੇ ਮੁਸਲਿਮ ਦਾ ਨਾਅਰਾ ਦਿੱਤਾ।

-ਪਟੇਲ ਨੇ ਜਵਾਹਰ ਲਾਲ ਨਹਿਰੂ ਨੂੰ ਇੱਕ ਪੱਤਰ ਰਾਹੀਂ ਸਾਵਰਕਰ ਨੂੰ ਗਾਂਧੀ ਦੇ ਕਤਲ ਲਈ ਜ਼ਿਮੇਵਾਰ ਠਹਿਰਾਇਆ। ਇਹ ਪੱਤਰ ਮਈ 1973 ਨੂੰ ਪਟੇਲ ਦੇ ਖਤਾਂ ਦੇ ਸੰਕਲਨ ਦੇ ਛੇਵੇਂ ਭਾਗ ਵਿੱਚ ਪ੍ਰਕਾਸ਼ਿਤ ਹੋਇਆ।

—1913 ਦੇ ਮਾਫ਼ੀਨਾਮੇ ਦਾ ਪੂਰਾ ਪਾਠ 1975 ਵਿੱਚ ਮਜੂਮਦਾਰ ਦੀ ਪੁਸਤਕਾ 'ਪੈਨਲ ਸੈਟਲਮੈਂਟ ਇਨ ਅੰਡੇਮਾਨਜ਼' ਵਿੱਚ ਪ੍ਰਕਾਸ਼ਿਤ ਹੋਇਆ। ਇਸਤੋਂ ਪਹਿਲਾਂ ਸਾਵਰਕਰ ਨੂੰ ਆਰ.ਐੱਸ.ਐੱਸ.ਦੇ ਪੈਰੋਕਾਰਾਂ ਨੇ ਵੀਰ ਸਾਵਰਕਰ ਬਣਾ ਦਿੱਤਾ ਸੀ, ਦੰਤ ਕਥਾਵਾਂ ਰਾਹੀਂ।

—ਅੰਡੇਮਾਨ ਦੀ ਸੈਲੂਲਰ ਜੇਲ੍ਹ ਦੀਆਂ ਤੰਗੀਆਂ ਤੋਂ ਡਰਦਿਆਂ ਸਾਵਰਕਰ ਨੇ ਮੁਆਫ਼ੀਨਾਮੇ ਦੀ ਅਰਜ਼ੀ ਲਿਖੀ ਸੀ। ਉਸ ਵਿੱਚ ਹਰੇ ਕ੍ਰਿਸ਼ਣ ਕੌਣਾਰ, ਗਣੇਸ਼ ਘੋਸ਼, ਸਤੀਸ਼ ਪਕੜਾਸ਼ੀ, ਸੁਬੋਧ ਰਾਇ, ਲੋਕਨਾਥ ਬਲ ਅਨੰਤਾ ਸਿੰਘ, ਸੁਬੋਧ ਚੌਧਰੀ, ਸ਼ਿਵ ਵਰਮਾ ਕਿਸ਼ੋਰੀ ਲਾਲ ਵਰਗਿਆਂ ਨੇ ਲੰਬੀਆਂ ਸਜ਼ਾਵਾਂ ਕੱਟੀਆਂ ਸਨ।

—ਸੰਸਦ ਭਵਨ ਵਿੱਚ ਸਾਵਰਕਰ ਦਾ ਚਿੱਤਰ ਗਾਂਧੀ ਦੇ ਐਨ ਸਾਹਮਣੇ ਲਾਇਆ ਗਿਆ ਹੈ।

—ਬੜੇ ਧੂਮ-ਧੜਾਕੇ ਨਾਲ ਪੋਰਟ ਬਲੇਅਰ ਹਵਾਈ ਅੱਡੇ ਦਾ ਨਾਂ ਬਦਲ ਕੇ 'ਵੀਰ ਸਾਵਰਕਰ ਹਵਾਈ ਅੱਡਾ' ਰੱਖ ਦਿੱਤਾ ਗਿਆ ਹੈ।

—ਜਿਸ ਕੋਠੜੀ ਵਿੱਚ ਸਾਵਰਕਰ ਬੰਦ ਰਿਹਾ ਸੀ ਉਸ ਵਿੱਚ ਇੱਕ ਫੱਟੀ 'ਤੇ ਲਿਖਿਆ ਗਿਆ ਹੈ ਕਿ ਸਾਵਰਕਰ ਨੇ ਹਿੰਦੂਤਵ ਦਾ, ਹਿੰਦੂਆਂ ਦੀ ਸਮਾਨਤਾ ਦਾ, ਹਿੰਦੂ ਰਾਸ਼ਟਰਤਵ ਦਾ, ਅਖੰਡ ਭਾਰਤ ਦਾ ਮੰਤਰ ਦਿੱਤਾ।



2. ਇੱਥੇ ਅਸੀਂ ਉਸ ਪੱਤਰ ਦੇ ਕਾਫ਼ੀ ਹਿੱਸੇ ਦੇ ਰਹੇ ਹਾਂ ਜੋ 14 ਨਵੰਬਰ, 1913 ਨੂੰ ਬੀ.ਡੀ. ਸਾਵਰਕਰ ਨੇ ਹੋਮ ਮੈਂਬਰ ਦੇ ਨਾਂ ਲਿਖਿਆ।

**ਮੈਂ ਤੁਹਾਡੀ ਸੇਵਾ ਵਿੱਚ ਹੇਠ ਲਿਖੇ ਨੁਕਤੇ ਰੱਖਣਾ ਚਾਹੁੰਦਾ ਹਾਂ-**

3. ਜੇ ਮੈਂ ਭਾਰਤੀ ਜੇਲ੍ਹਾਂ ਵਿੱਚ ਹੁੰਦਾ ਤਾਂ ਹੁਣ ਤੱਕ ਮੈਨੂੰ ਸਜ਼ਾ ਵਿੱਚ ਕਈ ਕਟੌਤੀਆਂ ਮਿਲ ਚੁੱਕੀਆਂ ਹੋਣੀਆਂ ਸੀ। ਮੈਂ ਕਿੱਤੇ ਵਧੇਰੇ (ਹੁਣ ਨਾਲੋਂ) ਚਿੱਠੀਆਂ ਘਰ ਭੇਜ ਦਿੱਤੀਆਂ ਹੁੰਦੀਆਂ। ਮੇਰੀਆਂ ਮੁਲਾਕਾਤਾਂ ਆਈਆਂ ਹੁੰਦੀਆਂ। ਜੇ ਮੈਂ ਮਹਿਜ਼ ਇੱਕ ਬੰਦਾ ਹੁੰਦਾ ਤਾਂ ਹੁਣ ਤੱਕ ਮੈਨੂੰ ਇਸ ਜ਼ੇਲ੍ਹ ਤੋਂ ਰਿਹਾ ਕਰ ਦਿੱਤਾ ਗਿਆ ਹੁੰਦਾ ਅਤੇ ਮੈਂ ਟਿਕਟ 'ਤੇ ਛੁੱਟੀ ਦੀ ਆਸ ਕਰ ਰਿਹਾ ਹੁੰਦਾ ਪਰੰਤੂ ਸਥਿਤੀ ਇਹ ਹੈ ਕਿ ਮੈਨੂੰ ਨਾ ਤਾਂ ਭਾਰਤੀ ਜੇਲ੍ਹ ਦੇ ਲਾਭ ਹਾਸਲ ਹਨ ਤੇ ਨਾ ਹੀ ਇਸ ਬੰਦੀ ਕਾਲੋਨੀ ਦੇ ਨਿਯਮਾਂ ਵਾਲੇ, ਪਰ ਨੁਕਸਾਨ ਦੋਨਾਂ ਪਾਸਿਆਂ ਤੋਂ ਝੱਲਣਾ ਪੈ ਰਿਹਾ ਹੈ।

4. ਇਸ ਲਈ ਮਹਾਮਹਿਮ ਕੀ ਤੁਸੀਂ ਕ੍ਰਿਪਾਲਤਾ ਕਰਕੇ ਮੇਰੀ ਇਸ ਵਿਸੰਗਤੀਪੂਰਨ ਦਸ਼ਾ ਦਾ ਅੰਤ ਕਰਵਾਉਗੇ ? ਕੀ ਇਸ ਲਈ ਮੈਨੂੰ ਭਾਰਤੀ ਜੇਲ੍ਹਾਂ ਵਿੱਚ ਭਿਜਵਾਉਗੇ ਜਾਂ ਫਿਰ ਮੈਨੂੰ ਕਿਸੇ ਦੂਸਰੇ ਬੰਦੀ ਵਾਂਗ ਸਿਰਫ਼ ਨਿਰਵਾਸਿਤ ਦਾ ਵਿਹਾਰ ਦੁਆਉਗੇ। ਮੈਂ ਕਿਸੇ ਸੀਨੀਆਰਿਟੀ ਵਾਲੇ ਵਰਤਾਉ ਦੀ ਮੰਗ ਨਹੀਂ ਕਰ ਰਿਹਾ ਹਾਂ। ਭਾਵੇਂ ਕਿ ਮੇਰੀ ਮਾਨਤਾ ਹੈ ਕਿ ਇਕ ਰਾਜਨੀਤਿਕ ਬੰਦੀ ਹੋਣ ਨਾਤੇ ਦੁਨੀਆਂ ਦੇ ਆਜ਼ਾਦ ਦੇਸ਼ਾਂ ਵਿੱਚ ਕਿਸੇ ਵੀ ਸਭਿਆ ਪ੍ਰਸ਼ਾਸਨ ਤੋਂ ਇਸਦੀ ਉਮੀਦ ਕੀਤੀ ਜਾ ਸਕਦੀ ਹੈ। ਮੇਰੀ ਮੰਗ ਤਾਂ ਉਹਨਾਂ ਰਿਆਇਤਾਂ ਅਤੇ ਸੁਵਿਧਾਵਾਂ ਦੀ ਹੈ ਜੋ ਸਭ ਤੋਂ ਦੁਸ਼ਟ ਕੈਦੀਆਂ ਅਤੇ ਪੱਕੇ ਅਪਰਾਧੀਆਂ ਨੂੰ ਦਿੱਤੀਆਂ ਜਾਂਦੀਆਂ ਹਨ। ਮੈਨੂੰ ਇਸ ਜੇਲ੍ਹ ਵਿੱਚ ਸਥਾਈ ਤੌਰ 'ਤੇ ਬੰਦ ਰੱਖਣ ਦੀ ਮੌਜੂਦਾ ਯੋਜਨਾ ਜੀਵਨ ਤੇ ਆਸ਼ਾ ਨੂੰ ਜਗਾਏ ਰੱਖਣ ਦੀ ਕਿਸੇ ਵੀ ਸੰਭਾਵਨਾ ਦੀ ਦ੍ਰਿਸ਼ਟੀ ਤੋਂ ਪੂਰੀ ਤਰ੍ਹਾਂ ਨਿਰੰਸ਼ ਹੀ ਕਰੀ ਜਾ ਰਹੀ ਹੈ। ਜੋ ਨਿਸ਼ਚਿਤ ਸਮੇਂ ਦੇ ਬੰਦੀ ਹੁੰਦੇ ਹਨ, ਉਹਨਾਂ ਦੀ ਹਾਲਤ ਵੱਖਰੀ ਹੁੰਦੀ ਹੈ। ਪਰੰਤੂ ਮੇਰੇ ਸਾਹਮਣੇ ਤਾਂ ਪੰਜਾਹ ਸਾਲ ਦਾ ਲੰਮਾ ਸਮਾਂ ਪਿਆ ਹੋਇਆ ਹੈ। ਮੈਂ ਇਸ ਬੰਦ ਚਾਰਦੀਵਾਰੀ ਵਿੱਚ ਇਹਨਾਂ ਪੰਜਾਹ ਵਰ੍ਹਿਆਂ ਨੂੰ ਕਿਵੇਂ ਲੰਘਾਉਣ ਦੀ ਨੈਤਿਕ ਸ਼ਕਤੀ ਇੱਕਠੀ ਕਰ ਸਕਦਾ ਹਾਂ। ਜਦੋਂ ਕਿ ਮੈਨੂੰ ਉਹਨਾਂ ਰਿਆਇਤਾਂ ਤੋਂ ਵੀ ਦੂਰ ਰੱਖਿਆ ਜਾ ਰਿਹਾ ਹੈ ਜੋ ਭੈੜੇ ਤੋਂ ਭੈੜੇ ਬੰਦੀਆਂ ਨੂੰ ਹਾਸਿਲ ਹੁੰਦੀਆਂ ਹਨ ਤਾਂ ਕਿ ਉਹ ਆਪਣੇ ਜੀਵਨ ਨੂੰ ਬਿਹਤਰ ਬਣਾ ਸਕਣ। ਇਸ ਲਈ ਕ੍ਰਿਪਾ ਕਰਕੇ ਮੈਨੂੰ ਜਾਂ ਤਾਂ ਭਾਰਤੀ ਜੇਲ੍ਹ ਵਿੱਚ ਭੇਜ ਦਿੱਤਾ ਜਾਵੇ, ਕਿਉਂਕਿ ਮੈਂ ਉਹ ਸਜ਼ਾ ਦੀਆਂ ਕਟੌਤੀਆਂ ਹਾਸਿਲ ਕਰ ਸਕਾਂਗਾ। (ਅ) ਹਰ ਚੌਥੇ ਮਹੀਨੇ ਆਪਣੇ ਲੋਕਾਂ ਨਾਲ ਮੁਲਾਕਾਤ ਕਰ ਸਕਾਂਗਾ, ਕਿਉਂਕਿ ਜੋ ਵੀ ਭੈੜੀ ਕਿਸਮਤ ਨਾਲ ਜੇਲ੍ਹ ਜਾ ਚੁੱਕੇ ਹਨ, ਉਹ ਜਾਣਦੇ ਹਨ ਕਿ ਕਦੇ-ਕਦਾਈਂ ਆਪਣੇ ਲੋਕਾਂ ਨੂੰ ਮਿਲਣਾ ਕੀ ਨਿਹਮਤ ਹੁੰਦੀ ਹੈ। (ੲ) ਸਭ ਤੋਂ ਵੱਡੀ ਗੱਲ-ਕਾਨੂੰਨੀ ਚਾਹੇ ਨਾ ਹੋਵੇ ਪਰ ਨੈਤਿਕ ਤੌਰ 'ਤੇ 14 ਸਾਲ ਬਾਅਦ ਰਿਹਾਈ ਦਾ ਅਧਿਕਾਰ ਤਾਂ ਪਾ ਹੀ ਲਵਾਂਗਾ। (ਸ) ਇਸ ਤੋਂ ਇਲਾਵਾ ਹੋਰ ਜ਼ਿਆਦਾ ਚਿੱਠੀਆਂ ਤੇ ਦੂਸਰੇ ਲਾਭ ਪ੍ਰਾਪਤ ਕਰ ਸਕਾਂਗਾ। ਜੇਕਰ ਮੈਨੂੰ ਭਾਰਤ ਨਹੀਂ ਭੇਜਿਆ ਜਾ ਸਕਦਾ ਤਾਂ ਮੈਨੂੰ (ਸੇਲੂਲਰ ਜੇਲ੍ਹ ਤੋਂ) ਰਿਹਾਅ ਕਰ ਦਿੱਤਾ ਜਾਵੇ ਅਤੇ ਇਸ ਉਮੀਦ ਨਾਲ ਬਾਹਰ ਭੇਜ ਦਿੱਤਾ ਜਾਵੇ ਕਿ ਦੂਸਰੇ ਕਿਸੇ ਵੀ ਕੈਦੀ ਵਾਂਗ ਪੰਜ ਸਾਲ ਤੋਂ ਬਾਅਦ ਸਫ਼ਰ ਕਰਨ ਦਾ ਟਿਕਟ-ਛੁੱਟੀ ਹਾਸਿਲ ਕਰਨ ਦਾ ਅਤੇ ਆਪਣੇ ਪਰਿਵਾਰ ਨੂੰ ਇੱਥੇ ਬੁਲਾਉਣ ਦਾ ਮੌਕਾ ਮਿਲੇਗਾ। ਜੇ ਮੇਰੀ ਇਹ ਬੇਨਤੀ ਮੰਨ ਲਈ ਜਾਂਦੀ ਹੈ ਤਾਂ ਉਸ ਤੋਂ ਬਾਅਦ ਸਿਰਫ਼ ਇੱਕ ਸ਼ਿਕਾਇਤ ਰਹਿ ਜਾਵੇਗੀ ਕਿ ਮੈਨੂੰ ਸਿਰਫ਼ ਆਪਣੇ ਹੀ ਦੋਸ਼ਾਂ ਲਈ ਜ਼ਿੰਮੇਦਾਰ ਠਹਿਰਾਇਆ ਜਾਣਾ ਚਾਹੀਦਾ ਹੈ, ਨਾ ਕਿ ਦੂਸਰਿਆਂ ਦੇ ਦੋਸ਼ਾਂ ਲਈ। ਇਹ ਖੇਦ ਦਾ ਵਿਸ਼ਾ ਹੈ ਕਿ ਮੈਨੂੰ ਇਹ ਮੰਗ ਕਰਨੀ ਪੈ ਰਹੀ ਹੈ, ਜਦੋਂ ਕਿ ਇਹ ਤਾਂ ਹਰੇਕ ਮਨੁੱਖ ਦਾ ਮੌਲਿਕ ਅਧਿਕਾਰ ਹੀ ਹੈ। ਆਖ਼ਿਰ ਇੱਕ ਪਾਸੇ ਤਾਂ 20 ਰਾਜਨੀਤਿਕ ਕੈਦੀ ਹਨ, ਨੌਜਵਾਨ, ਸਕ੍ਰਿਅ ਅਤੇ ਬੇਚੈਨ ਅਤੇ ਦੂਸਰੇ ਪਾਸੇ ਕੈਦੀ ਕਲੋਨੀ ਦੇ ਕਾਇਦੇ-ਕਾਨੂੰਨ। ਆਪਣੀ ਫ਼ਿਤਰਤ ਕਾਰਨ ਹੀ ਕਾਇਦੇ-ਕਾਨੂੰਨ ਵਿਚਾਰ ਅਤੇ ਪ੍ਰਗਟਾਅ ਦੀ ਆਜ਼ਾਦੀ ਨੂੰ ਬੇਹੱਦ ਘਟਾ ਦਿੰਦੇ ਹਨ। ਅਜਿਹੀ ਸਥਿਤੀ ਵਿੱਚ ਇਹ ਜ਼ਰੂਰੀ ਹੈ ਕਿ ਜਦੋਂ-ਜਦੋਂ ਉਹਨਾਂ ਵਿੱਚੋਂ ਕੋਈ ਇੱਕ ਅੱਧ

ਨਿਯਮ ਦੀ ਉਲੰਘਣਾ ਕਰਨ ਦਾ ਦੋਸ਼ੀ ਹੋਵੇ ਤਾਂ, ਜੇਕਰ ਇਸ ਲਈ ਸਾਰਿਆਂ ਨੂੰ ਜ਼ਿੰਮੇਦਾਰ ਠਹਿਰਾਇਆ ਜਾਂਦਾ ਹੈ। ਜਿਸ ਤਰ੍ਹਾਂ ਕਿ ਅਸਲ ਵਿੱਚ ਹੋ ਰਿਹਾ ਹੈ, ਤਾਂ ਮੇਰੇ ਲਈ ਜੇਲ੍ਹ ਤੋਂ ਬਾਹਰ ਰਹਿਣ ਦੀ ਬਹੁਤ ਹੀ ਘੱਟ ਗੁੰਜਾਇਸ਼ ਬਚੀ ਰਹਿ ਜਾਵੇਗੀ।

ਅੰਤ ਵਿੱਚ ਮੈਂ ਮਹਾਂਮਹਿਮ ਨੂੰ ਇਹ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਉਹ ਕ੍ਰਿਪਾ ਕਰਕੇ ਮੇਰੀ ਉਸ ਖਿਮਾ-ਯਾਚਨਾ ਦੀ ਅਰਜ਼ੀ ਉੱਪਰ ਗੌਰ ਕਰਨ ਜੋ ਮੈਂ 1911 ਵਿੱਚ ਭੇਜੀ ਸੀ ਅਤੇ ਉਸਨੂੰ ਭਾਰਤ ਸਰਕਾਰ ਨੂੰ ਭੇਜੇ ਜਾਣ ਹਿੱਤ ਆਪਣੀ ਸਹਿਮਤੀ ਦੇਣ। ਭਾਰਤੀ ਰਾਜਨੀਤੀ ਦੀਆਂ ਤਾਜ਼ਾ ਘਟਨਾਵਾਂ ਦੇ ਵਿਕਾਸ ਨੇ ਅਤੇ ਸਰਕਾਰ ਦੀ ਸੁਲਹ-ਸਮਝੌਤਾਵਾਦੀ ਨੀਤੀ ਨੇ ਇੱਕ ਵਾਰ ਫਿਰ ਸੰਵਿਧਾਨਕ ਰਸਤਾ ਖੋਲ੍ਹ ਦਿੱਤਾ ਹੈ। ਹੁਣ ਦਿਲ ਤੋਂ ਭਾਰਤ ਅਤੇ ਮਾਨਵਤਾ ਦਾ ਹਿੱਤ ਚਾਹੁਣ ਵਾਲਾ ਕੋਈ ਵੀ ਆਦਮੀ ਅੱਖਾਂ ਮੀਟ ਕੇ ਉਹ ਕੰਡਿਆਲੇ ਰਸਤੇ 'ਤੇ ਕਦਮ ਕਿਉਂ ਰੱਖੇਗਾ, ਜਿਸਨੇ 1906-1907 ਦੀ ਉਤੇਜਨਾਪੂਰਣ ਅਤੇ ਹਰਾਸ ਪ੍ਰਸਥਿਤੀ ਵਿੱਚ ਸਾਨੂੰ ਸ਼ਾਂਤੀ ਤੇ ਪ੍ਰਗਤੀ ਦੇ ਰਾਹੋਂ ਭਟਕਾ ਕੇ ਆਪਣੇ ਵੱਲ ਖਿੱਚ ਲਿਆ ਸੀ। ਇਸ ਲਈ ਜੇਕਰ ਸਰਕਾਰ ਆਪਣੀ ਸਮੁੱਚੀ ਕ੍ਰਿਪਾ ਅਤੇ ਦਿਆਲਤਾ ਨਾਲ ਮੈਨੂੰ ਰਿਹਾਅ ਕਰ ਦਿੰਦੀ ਹੈ ਤਾਂ ਇਹ ਤੈਅ ਹੈ ਕਿ ਮੈਂ ਸੰਵਿਧਾਨਕ ਪ੍ਰਗਤੀ ਦਾ ਅਤੇ ਅੰਗਰੇਜ਼ੀ ਰਾਜ ਪ੍ਰਤੀ ਵਫ਼ਾਦਾਰੀ ਦਾ ਜੋ ਕਿ ਇਸ ਪ੍ਰਗਤੀ ਦੀ ਪਹਿਲੀ ਸ਼ਰਤ ਹੈ, ਸਭ ਤੋਂ ਪੱਕਾ ਪੈਰੋਕਾਰ ਹੋਵਾਂਗਾ। ਜਦੋਂ ਤੱਕ ਅਸੀਂ ਜੇਲ੍ਹਾਂ ਵਿੱਚ ਹਾਂ, ਭਾਰਤ ਵਿੱਚ ਮਹਾਰਾਜਾਧਿਰਾਜ ਦੀ ਵਫ਼ਾਦਾਰ ਪਰਜਾ ਦੇ ਲੱਖਾਂ ਘਰਾਂ ਵਿੱਚ ਸੱਚੀ ਖ਼ੁਸ਼ੀ ਨਹੀਂ ਆ ਸਕਦੀ ਕਿਉਂਕਿ ਖ਼ੂਨ ਪਾਣੀ ਤੋਂ ਗਾੜ੍ਹਾ ਹੁੰਦਾ ਹੈ। ਪਰੰਤੂ ਜੇਕਰ ਸਾਨੂੰ ਰਿਹਾਅ ਕਰ ਦਿੱਤਾ ਜਾਂਦਾ ਹੈ ਤਾਂ ਲੋਕ ਸੁਭਾਵਕ ਹੀ ਖ਼ੁਸ਼ੀ ਦੇ ਅਤੇ ਸਰਕਾਰ ਦੇ ਰਿਣੀ ਹੋਣ ਦੇ ਨਾਅਰੇ ਲਾਉਣਗੇ। ਜੋ ਕਿ ਫਟਕਾਰਨ ਅਤੇ ਦੰਡ ਦੇਣ ਤੋਂ ਜ਼ਿਆਦਾ ਇਹ ਜਾਣਦੀ ਹੈ ਕਿ ਖਿਮਾ ਕਿਵੇਂ ਕੀਤਾ ਜਾਂਦਾ ਹੈ ਤੇ ਸੁਧਾਰਿਆ ਕਿਵੇਂ ਜਾਂਦਾ ਹੈ। ਏਨਾ ਹੀ ਨਹੀਂ ਸੰਵਿਧਾਨਕ ਰਸਤੇ ਦੇ ਪੱਖ ਵਿੱਚ ਮੇਰਾ ਬਦਲਾਅ ਭਾਰਤ 'ਤੇ ਵਿਦੇਸ਼ਾਂ ਵਿੱਚ ਉਹਨਾਂ ਸਾਰੇ ਗੁਮਰਾਹ ਨੌਜਵਾਨਾਂ ਨੂੰ ਵੀ ਸਹੀ ਰਸਤੇ 'ਤੇ ਲੈ ਆਵੇਗਾ, ਜਿਹੜੇ ਮੈਨੂੰ ਇੱਕ ਜ਼ਮਾਨੇ ਤੋਂ ਆਪਣਾ ਰਾਹਨੁਮਾ ਮੰਨਦੇ ਰਹੇ ਹਨ। ਮੈਂ ਕਿਸੇ ਵੀ ਹੈਸੀਅਤ ਵਿੱਚ, ਜਿਵੇਂ ਕਿ ਸਰਕਾਰ ਦੀ ਇੱਛਾ ਹੋਵੇ, ਉਸਦੀ ਸੇਵਾ ਕਰਨ ਲਈ ਤਿਆਰ ਹਾਂ ਕਿਉਂਕਿ ਪਰਿਵਰਤਨ ਇਮਾਨਦਾਰੀ ਦਾ ਹੈ ਅਤੇ ਇਸ ਲਈ ਮੈਂ ਆਸ ਕਰਦਾ ਹਾਂ ਕਿ ਮੇਰਾ ਅਗਲਾ ਆਚਰਣ ਵੀ ਉਸੇ ਤਰ੍ਹਾਂ ਦਾ ਹੋਵੇਗਾ। ਮੈਨੂੰ ਜੇਲ੍ਹ ਵਿੱਚੋਂ ਛੱਡਣ ਨਾਲ ਜੋ ਕੁਝ ਹਾਸਲ ਹੋ ਸਕਦਾ ਹੈ, ਉਹ ਕੁਝ ਜੇਲ੍ਹ ਵਿੱਚ ਰੱਖਣ ਨਾਲ ਨਹੀਂ ਹੋ ਸਕਦਾ। ਤਾਕਤਵਰ ਨੂੰ ਹੀ ਦਇਆ ਸ਼ੋਭਾ ਦਿੰਦੀ ਹੈ ਅਤੇ ਇਸ ਲਈ, ਬਿਗੜਿਆ ਹੋਇਆ ਇਹ ਬੇਟਾ ਸਰਕਾਰੀ ਮਾਂ-ਬਾਪ ਦੇ ਦਰ ਤੋਂ ਇਲਾਵਾ ਵਾਪਿਸ ਹੋਰ ਕਿੱਥੇ ਜਾਵੇਗਾ ?

ਆਸ ਕਰਦਾ ਹਾਂ ਕਿ ਮਹਾਮਹਿਮ ਇਹਨਾਂ ਨੁਕਤਿਆਂ 'ਤੇ ਵਿਚਾਰ ਕਰਨਗੇ। ○

## *ਇਨਕਲਾਬ* —ਹਰਮਿੰਦਰ ਸਿੰਘ

ਹੱਡ ਭੰਨਵੀਂ ਮੁਸ਼ੱਕਤ ਨਾਲ
ਵਾਹੇ ਸੁਆਰੇ ਖੇਤਾਂ 'ਚ
ਇਨ੍ਹਾਂ ਹੱਥੋਂ ਬੀਜੀ
ਫ਼ਸਲ ਤਾਂ ਬੜਾ ਜੰਮਦੀ ਹੈ
ਇਹਨਾਂ ਦੇ ਪਰ ਪੈਰ ਨਹੀਂ ਜੰਮਦੇ।

ਇਹਨਾਂ ਦੇ ਹੱਥਾਂ 'ਚ ਜੰਮੀ ਪਲੀ ਫ਼ਸਲ
ਸ਼ੂਕਦੀ ਉਠਦੀ ਹੈ
ਕਾਸ਼! ਇਹ ਵੀ ਉਠਦੇ।
ਇਹ ਝੂਮਦੇ ਤਾਂ ਹਨ
ਉਠਦੀ ਫਸਲ ਵੇਖ ਕੇ
ਪਰ ਉਠਦੇ ਨਹੀਂ
ਲੁੱਟਦੀ ਜਿਨਸ ਵੇਖ ਕੇ।

ਆਪਣਾ ਸਭ ਕੁੱਝ ਰੋੜ੍ਹ ਕੇ
ਆਪਣਾ ਅੰਗ-ਅੰਗ ਤੋੜ ਕੇ
ਤੇ ਦਾਣਾ-ਦਾਣਾ ਜੋੜ ਕੇ
ਇਕੱਠੇ ਕਰ ਲੈਂਦੇ ਹਨ
ਬੋਹਲਾਂ ਦੇ ਬੋਹਲ।

ਪਰ ਇਹਨਾਂ ਨੂੰ ਇੱਕਠੇ ਕੌਣ ਕਰੇ ?
ਤੇ ਬੋਹਲਾਂ ਦੇ ਮਾਲਕ ਕੌਣ ਕਰੇ ?
ਅਜੇ ਤਾਂ ਬੇਵੱਸ ਫਿਰਦੇ ਹਨ
ਮੰਡੀ 'ਚ ਪਈ ਜਿਨਸ ਵਾਂਗ।
ਆਪਣੇ ਹੱਥੀਂ ਲਿਆਂਦਾ ਹੈ ਇਨ੍ਹਾਂ ਨੇ
ਕਦੇ ਹਰਾ, ਕਦੇ ਚਿੱਟਾ, ਕਦੇ ਨੀਲਾ ਇਨਕਲਾਬ

ਪਰ ਇਨ੍ਹਾਂ ਦਾ ਆਪਣਾ ਇਨਕਲਾਬ.......।
ਕਿਸੇ ਨੂੰ ਯਾਦ ਨਹੀਂ।



## *ਇੱਕ ਪਿੰਡ :* ਪਰਮਜੀਤ ਢੀਂਗਰਾ

ਇੱਕ ਪਿੰਡ
ਉਦਾਸ ਜਿਹਾ
ਹਨ੍ਹੇਰੇ ਦੇ ਜੰਗਲ 'ਚ ਭਟਕਦਾ
ਬੇ-ਪਛਾਣ, ਬੇ-ਨੂਰ ਜਿਹਾ
ਆਪਣੀ ਹੋਣੀ ਤੋਂ ਡਰਦਾ
ਚੁਪ ਚੁਪੀਤਾ, ਅੰਦਰੇ-ਅੰਦਰ
ਕੁਝ ਪੁੱਛਣ/ਦੱਸਣ ਤੋਂ ਅਸਮਰੱਥ
ਇਸ ਪਿੰਡ 'ਚ ਸੁਪਨੇ ਜਗਾਉਣ ਵਾਲੇ
ਇੱਛਾਵਾਂ ਨੂੰ ਤੜਫ਼ਾਉਣ ਵਾਲੇ
ਲਾਲਸਾਵਾਂ ਨੂੰ ਭੜਕਾਉਣ ਵਾਲੇ
ਕਿੱਥੇ ਗਏ—
ਬੇੜੀਆਂ ਤੇ ਬਾਦਬਾਨ
ਕਿੱਥੇ ਗਏ—
ਵਹਿੰਦੇ ਪਾਣੀਆਂ ਦੇ ਵਹਿਣ 'ਚ
ਹਰਿਆਲੀ ਵਿਛਾਉਣ ਵਾਲੇ
ਆਪਣੇ ਖ਼ਿਆਲਾਂ ਦੀ ਭਟਕਣ ਤੋਂ
ਅੱਕਿਆ ਉਦਾਸ ਪਿੰਡ
ਮੰਡੀ ਦੀ ਮ੍ਰਿਗਤ੍ਰਿਸ਼ਨਾ 'ਚ ਉਲਝ ਕੇ
ਪੈ ਗਿਆ ਖ਼ੁਦਕੁਸ਼ੀਆਂ ਦੇ ਰਾਹ
ਆਪਣੇ ਉਗਾਏ ਦਾਣਿਆਂ 'ਚੋਂ
ਸੁਣ ਰਿਹੇ ਮੌਤ ਦਾ ਪੈਗ਼ਾਮ
ਇੱਕ ਪਿੰਡ ਉਦਾਸ ਜਿਹਾ
ਜਿਸ ਵਿੱਚ ਵਸਦੇ ਬਾਸ਼ਿੰਦੇ
ਪੁਰਖਿਆਂ ਦੇ ਵਾਰਸ
ਕਿੰਨੇ ਲਾਚਾਰ,
ਕਿੰਨੇ ਮਜ਼ਬੂਰ,
ਕਿੰਨੇ ਬੇਸਹਾਰਾ,
ਕਿੰਨੇ ਔਗੁਣਹਾਰੇ,
ਉਨ੍ਹਾਂ ਪਿੰਡ ਦੀ ਨੀਲਾਮੀ ਦਾ
ਢੋਹਾ ਫੇਰ ਦਿੱਤਾ
ਵਿਕਾਊ ਪਿੰਡ ਨੂੰ ਖ਼ਰੀਦਣ ਲਈ
ਇਸ਼ਤਿਹਾਰ ਦੇ ਦਿੱਤਾ
ਪਰ ਹੋਣੀ ਦੀ ਖੇਡ
ਕੋਈ ਤਿਆਰ ਨਹੀਂ
ਕੋਈ ਖਰੀਦਦਾਰ ਨਹੀਂ
ਪਿੰਡ ਜਿਸ 'ਚ ਰੱਬ ਵਸਦਾ
ਜਿਸ ਵਿਚ ਕੁਦਰਤ ਦਾ ਵਾਸ
ਜਿਸ ਵਿਚ ਅਨਮੋਲ ਭੰਡਾਰ
ਜਿਸ ਵਿਚ ਦਾਤਾਂ ਦੇ ਬਖ਼ਸ਼
ਕਿੰਨੇ ਹੋ ਗਏ ਬੇਕਾਰ
ਮੰਡੀ 'ਚ ਨਹੀਂ ਮਿਲਦਾ ਕੋਈ ਸ਼ਾਹੂਕਾਰ
ਕੌਡੀ-ਕੌਡੀ ਨੂੰ ਤਰਸਦੇ ਬਾਸ਼ਿੰਦੇ
ਕਰ ਗਏ ਆਤਮਘਾਤ
ਕੀ ਕਰੇ—
ਇੱਕ ਪਿੰਡ ਉਦਾਸ
ਹਨ੍ਹੇਰੇ ਦੇ ਜੰਗਲ 'ਚ ਭਟਕਦਾ
ਕਰਦਾ ਹੈ ਅਰਦਾਸ
ਕਿ ਕੋਈ ਆਏ
ਤੇ ਲੈ ਜਾਏ ਉਸਨੂੰ
ਹਨ੍ਹੇਰੇ ਤੋਂ ਪਾਰ
ਅੰਧਕਾਰ ਤੋਂ ਪਾਰ
ਕਿ ਆਪਣੀ ਬੇ-ਪਛਾਣ ਹੋਈ
ਆਬਰੂ ਸੰਗ
ਉਹ ਮਰਨਾ ਨਹੀਂ ਚਾਹੁੰਦਾ
ਖ਼ੁਦਕੁਸ਼ੀ ਕਰਨਾ ਨਹੀਂ ਚਾਹੁੰਦਾ।

## ਡਾ. ਇੰਦਰ ਕੌਰ

### 1. ਸਿਸਕੀ

ਸੁਣਨੀਆਂ
ਸਵੇਰ ਦੀ ਸੈਰ ਵੇਲੇ
ਸਿਸਕੀਆਂ
ਉਨ੍ਹਾਂ ਬੱਚਿਆਂ ਦੇ ਹਾਸੇ 'ਚ
ਬੋਰੀਆਂ ਚੁੱਕ ਕੇ ਕੰਡ 'ਤੇ
ਫਿਰਦੇ ਨੇ ਜਿਹੜੇ
ਕੂੜੇ ਦੇ ਇੱਕ ਢੇਰ ਤੋਂ
ਦੂਜੇ ਢੇਰ 'ਤੇ
ਕਰਦੇ ਹੋਣ ਜਿਵੇਂ
ਸ਼ਰਮਸਾਰ
ਮੇਰੀ ਸੈਰ ਨੂੰ
ਤੇ ਨਫ਼ਰਤ
ਨਫ਼ਾਸਤ ਤੋਂ
ਅਹਿਸਾਸ ਦਵਾਉਂਦੇ ਹੋਏ
ਗੁਨਾਹਗਾਰ ਹੋਣ ਦਾ ਜਿਵੇਂ
ਸ਼ੇਸ਼ ਪੂਰੇ ਵਿਸ਼ਵ ਨੂੰ
ਖੋਹ ਲਿਐ
ਉਨ੍ਹਾਂ ਤੋਂ ਜਿਸ ਨੇ
ਸੁਭਾਵਕ ਹਾਸਾ
ਬਾਲ ਉਮਰ ਦਾ
ਭਰਪੂਰ ਕਰਦਿਆਂ
ਜ਼ਿੰਦਗੀ ਨੂੰ
ਸਿਸਕੀਆਂ ਨਾਲ।

### 2. ਸਿਲਸਿਲਾ ਜਾਰੀ ਏ

ਸਿਲਸਿਲਾ ਜਾਰੀ ਏ
ਪਤਾ ਨਹੀਂ ਕਦੋਂ ਤੋਂ
ਮੰਦਰ-ਮਸਜਦ ਢਾਹੁਣ ਦਾ
ਮੀਰਾ-ਸੁਕਰਾਤ ਨੂੰ
ਜ਼ਹਿਰ ਪਿਆਉਣ ਦਾ
ਸੁੱਟਣ ਦਾ ਕਬੀਰ ਨੂੰ
ਨਦੀ 'ਚ
ਅਤੇ ਪੱਥਰਾਂ ਨਾਲ
ਬੁੱਧ-ਮਹਾਂਵੀਰ ਦਾ ਵੀ
ਅਭਿਨੰਦਨ ਕਰਨ ਦਾ!

ਜਤਨ ਜਾਰੀ ਨੇ
ਧੱਕਣ ਦੇ ਪਰਬਤ
ਨਾਨਕ 'ਤੇ
ਸਲੀਬ ਨਾਲ ਨਿਵਾਜਣ ਦੇ
ਯੀਸੂ ਪ੍ਰਭੂ ਨੂੰ
ਅਤੇ ਗਿਰਧਰ ਨੂੰ
ਬੰਦੀ ਬਨਾਉਣ ਦੇ ਵੀ!

ਪੁਲਾੜ ਲਈ ਉਡਾਰੀਆਂ ਮਾਰਨ ਦਾ
ਢੂੰਡਣ ਦਾ
ਧਰਾ ਨਵੀਂ
ਸਿਲਸਿਲਾ ਵੀ ਜਾਰੀ ਏ
ਤਾਂ ਜੋ
ਸੁਰਗ ਸਿਰਜਿਆ ਜਾ ਸਕੇ
ਮਿਲੇ ਜਿਸ ਤੋਂ ਮਾਨਵ ਨੂੰ
ਅਮਰਤਾ
ਅਖੰਡ ਜੋਬਨ
ਅਤੇ
ਬਹਾਰਾਂ ਸਦੀਵੀ!

ਪਰ ਬੇਧਿਆਨੇ ਆਂ ਅਸੀਂ
ਅੰਦਰਲੀ ਉਸ ਹਿੰਸਾ ਤੋਂ
ਕਰਦੀ ਪਈ ਘਾਣ ਜੋ
ਪ੍ਰਾਪਤ ਸੁਰਗ ਦਾ ਈ!

(1000/32-2, ਮੋਹਾਲੀ, ਰੋਪੜ)





## ਕਵਿਤਾ ਸਬੰਧੀ—ਇੱਕ ਪ੍ਰਸ਼ਨ ਦਾ ਉੱਤਰ

—ਪਾਬਲੋ ਨੇਰੂਦਾ

ਤੁਸੀਂ ਪੁੱਛ ਸਕਦੇ ਹੋ ਕਿ 2000 ਦੇ ਸਾਲ ਵਿੱਚ ਕਵਿਤਾ ਕਿੱਥੇ ਹੋਵੇਗੀ? ਇਹ ਇੱਕ ਗੰਭੀਰ ਪ੍ਰਸ਼ਨ ਹੈ। ਜੇ ਮੈਂ ਇਸ ਪ੍ਰਸ਼ਨ ਦੀ ਹਨੇਰੀ ਗਲੀ ਵਿੱਚ ਫਸ ਜਾਵਾਂ ਤਾਂ ਮੈਂ ਹੜ ਜਾਵਾਂਗਾ।

ਕਿਉਂਕਿ ਮੈਂ 2000 ਦੇ ਸਾਲ ਬਾਰੇ ਕੀ ਜਾਣਦਾ ਹਾਂ ? ਤੇ ਜੇ ਗੱਲ ਹੋਰ ਅੱਗੇ ਤੋਰੀਏ, ਮੈਂ ਕਵਿਤਾ ਬਾਰੇ ਜਾਣਦਾ ਵੀ ਕੀ ਹਾਂ ?

ਮੈਂ ਕਵਿਤਾ ਬਾਰੇ ਇਹ ਜਾਣਦਾ ਹਾਂ ਕਿ ਅਗਲੀ ਸਦੀ ਵਿੱਚ ਕਵਿਤਾ ਦੀਆਂ ਅੰਤਿਮ ਰਸਮਾਂ ਨਹੀਂ ਹੋਣਗੀਆਂ।

ਹਰ ਯੁੱਗ ਵਿੱਚ ਕਵਿਤਾ ਦੀ ਆਸ ਲਾਹ ਦਿੱਤੀ ਜਾਂਦੀ ਰਹੀ ਹੈ, ਪਰ ਇਸ ਨੇ ਵਿਖਾ ਦਿੱਤਾ ਹੈ ਕਿ ਇਹ ਕੇਂਦਰ ਤੋਂ ਬਾਹਰ ਜਾਣ ਵਾਲੀ (Centrifugal) ਤੇ ਚਿਰ-ਸਥਾਈ ਹੈ। ਇਸ ਨੇ ਆਪਣੀ ਸ਼ਕਤੀ ਸਾਬਤ ਕਰ ਦਿੱਤੀ ਹੈ ਅਤੇ ਇਸ ਨੇ ਤੰਦਰੁਸਤੀ ਦੀ ਪੁਨਰ ਵਾਪਸੀ ਦਾ ਹਰ ਚਿੰਨ੍ਹ ਪ੍ਰਗਟ ਕਰ ਦਿੱਤਾ ਹੈ, ਤੇ ਇੰਝ ਲੱਗਦਾ ਹੈ ਕਿ ਇਸ ਦਾ ਜੀਵਨ ਸਦੀਵੀ ਹੈ। ਇੰਞ ਪ੍ਰਤੀਤ ਹੁੰਦਾ ਸੀ ਕਿ ਦਾਂਤੇ ਨਾਲ ਕਵਿਤਾ ਖਤਮ ਹੋ ਗਈ ਸੀ। ਪਰ ਇਸ ਤੋਂ ਛੇਤੀ ਹੀ ਪਿੱਛੋਂ ਜੋਰਜ ਮਨਰੀਕ ਨੇ ਇੱਕ ਚੰਗਿਆੜਾ ਛੱਡਿਆ, ਇੱਕ ਭਾਂਤ ਦਾ ਸਪੁਤਨਿਕ, ਜੋ ਪ੍ਰਛਾਵਿਆਂ ਵਿੱਚ ਵੀ ਟਿਮਟਿਮਾਉਂਦਾ ਰਿਹਾ ਸੀ। ਪਿੱਛੋਂ ਲੱਗਦਾ ਸੀ ਕਿ ਵਿਕਟਰ ਹੀਊਗੋ ਨੇ ਫੱਟੇ ਸਾਫ਼ ਕਰ ਛੱਡੇ ਨੇ, ਤੇ ਕਿਸੇ ਲਈ ਪੈਰ-ਚਿੰਨ੍ਹਾਂ ਉੱਤੇ ਚੱਲਣ ਲਈ ਕੁਝ ਵੀ ਨਹੀਂ ਛੱਡਿਆ। ਪਰ ਛੇਤੀ ਹੀ ਇੱਕ ਫੁਰਤੀਲਾ ਤੇ ਛੈਲ-ਛਬੀਲਾ ਨੌਜਵਾਨ ਜਿਸ ਦਾ ਨਾਂ ਚਾਰਲਸ ਬਾਦਲੇਆਰ ਸੀ, ਦ੍ਰਿਸ਼ ਉੱਤੇ ਪ੍ਰਗਟ ਹੋਇਆ ਤੇ ਉਸ ਦੇ ਮਗਰੇ ਹੀ ਇੱਕ ਹੋਰ ਆਵਾਰਾਗਰਦ ਨੌਜਵਾਨ ਆਇਆ, ਜਿਸ ਦਾ ਨਾਂ ਸੀ ਆਰਥਰ ਰਿੰਮਬਾਦ ਤੇ ਕਵਿਤਾ ਨੂੰ ਤਾਜ਼ਾ ਹੁਲਾਰਾ ਮਿਲਿਆ। ਵਾਲਟਰ ਵਿੱਟ ਮੈਨ ਦੇ ਪਿੱਛੋਂ ਕਿਹੜਾ ਕਵਿਤਾ ਲਿਖਣ ਦੀ ਉਮੀਦ ਕਰਦਾ ਸੀ? ਉਸ ਨੇ ਘਾਹ ਦੀਆਂ ਸਾਰੀਆਂ ਪੱਤੀਆਂ ਬੀਜ ਸੁੱਟੀਆਂ ਸਨ ਤੇ ਹੁਣ ਕੋਈ ਵੀ ਹਰੇ ਘਾਹ 'ਤੇ ਤੁਰ ਨਹੀਂ ਸੀ ਸਕਦਾ। ਫੇਰ ਵੀ, ਮਾਇਆਕੋਵਸਕੀ ਮਗਰੇ ਹੀ ਆ ਨਿਕਲਿਆ ਅਤੇ ਉਸ ਨੇ ਕਵਿਤਾ ਦਾ ਉਹ ਘਰ ਬਣਾਇਆ, ਜਿਸ ਵਿੱਚ ਰਣਸਿੰਗੇ ਵੱਜਦੇ ਸਨ ਤੇ ਗੋਲੀਆਂ ਚੱਲਦੀਆਂ ਸਨ, ਸਿਸਕੀਆਂ ਤੇ ਹਉਕੇ ਸਨ ਅਤੇ ਗੱਡੀਆਂ ਦੀ ਗੂੰਜ ਤੇ ਬਕਤਰਬੰਦ ਕਾਰਾਂ ਸਨ ਤੇ ਕਹਾਣੀ ਅੱਗੇ ਤੁਰਦੀ ਹੈ।

ਇਹ ਤਾਂ ਸਪੱਸ਼ਟ ਹੈ ਕਿ ਕਵਿਤਾ ਦੇ ਦੁਸ਼ਮਣਾਂ ਨੇ ਸਦਾ ਹੀ ਇਸ ਦੀਆਂ ਅੱਖਾਂ ਬੰਦ ਕਰਨ ਦੀ ਕੋਸ਼ਿਸ਼ ਕੀਤੀ ਤੇ ਇਸ ਦਾ ਗਲਾ ਘੁੱਟ ਕੇ ਮਾਰਨ ਦਾ ਚਾਰਾ ਕੀਤਾ ਹੈ। ਉਹਨਾਂ ਇਹ ਕੰਮ ਕਈ ਢੰਗਾਂ ਨਾਲ ਕੀਤਾ ਹੈ, ਵਿਅਕਤੀਗਤ ਰੂਪ ਵਿੱਚ, ਫ਼ੌਜ ਦੇ ਜਰਨੈਲਾਂ ਨਾਲ ਰੌਸ਼ਨੀ ਦੇ ਦੁਸ਼ਮਣਾਂ ਅਤੇ ਕਵੀਆਂ ਦੇ ਵਿਰੁੱਧ ਕਵਾਇਦ ਕਰਦੀਆਂ ਅਫ਼ਸਰਸ਼ਾਹੀ ਰਜਮੈਂਟਾਂ ਨਾਲ। ਉਹ ਕੁੱਝ ਇੱਕ ਦਾ ਹੌਸਲਾ ਤੋੜ ਸਕੇ, ਕਈਆਂ ਨੂੰ ਧੋਖਾ ਦਿੱਤਾ, ਤੇ ਦੁੱਖ ਦੀ ਗੱਲ ਕਿ ਬੜੇ ਘੱਟ ਨੂੰ ਵਾਪਸ ਭਜਾਉਣ ਦਾ ਕਾਰਨ ਬਣੇ। ਪਰ ਕਵਿਤਾ ਫੁਹਾਰੇ ਵਾਂਗ ਛਿੜਕਾ ਕਰਦੀ ਰਹੀ ਤੇ ਜ਼ਖ਼ਮ ਵਾਂਗ ਵਗਦੀ ਰਹੀ ਅਤੇ ਹਥੌੜੇ ਤੇ ਸੰਨ੍ਹੀ ਨੂੰ ਬਣਾਉਂਦੀ ਗਈ। ਰਾਤ ਸਮੇਂ ਸਿਤਾਰਿਆਂ ਦਾ ਛੱਟਾ ਦਿੰਦੀ ਰਹੀ, ਬਿਰਖ ਵਾਂਗ ਉੱਚੀ ਹੁੰਦੀ, ਦਰਿਆ ਵਾਂਗ ਕੰਢਿਆਂ ਤੋਂ ਬਾਹਰ ਵਗਦੀ, ਬੋਲੀਵੀਆ ਦੀ ਪਠਾਰ ਉੱਤੇ ਰਾਤ ਨੂੰ ਸਿਤਾਰੇ ਖਿਲਾਰਦੀ ਰਹੀ।

ਕਵਿਤਾ ਮਰ ਰਿਹਾਂ ਦੇ ਕੋਲ ਖਲੋਤੀ, ਉਹਨਾਂ ਦੀ ਪੀੜ ਨੂੰ ਘੱਟ ਕਰਦੀ ਰਹੀ, ਅਤੇ ਇਹ ਜਿੱਤਾਂ ਸਮੇਂ ਮੋਹਰਲਾ ਦਸਤਾ ਬਣਦੀ, ਇੱਕਲੇਕਾਰਾਂ ਦਾ ਸਾਥ ਦਿੰਦੀ, ਅੱਗ ਵਾਂਗ ਬਲਦੀ ਰਹੀ, ਬਰਫ਼ ਵਾਂਗ ਠੰਢੀ ਤੇ ਰੌਸ਼ਨੀ ਬਣੀ, ਇਸ ਦੇ ਹੱਥ, ਉਂਗਲਾਂ ਤੇ ਮੁੱਠੀਆਂ ਸਨ ਤੇ ਇਸ ਦੀਆਂ ਬਹਾਰ ਵਾਂਗ ਡੋਡੀਆਂ ਸਨ, ਗਰਾਨਾਡਾ ਸ਼ਹਿਰ ਵਰਗੀਆਂ ਅੱਖਾਂ ਸਨ, ਇਹ ਸੋਧਿਤ ਮੀਜ਼ਾਈਲਾਂ ਨਾਲੋਂ ਤੇਜ਼ ਤੇ ਕਿਲਿਆਂ ਨਾਲੋਂ ਸ਼ਕਤੀਸ਼ਾਲੀ ਸੀ। ਇਹ ਆਦਮੀ ਦੇ ਦਿਲ ਵਿੱਚ ਜੜ੍ਹਾਂ ਗੱਡ ਦਿੰਦੀ ਸੀ।

ਇਹ ਤੇ ਸੰਭਵ ਨਹੀਂ ਕਿ ਨਵੀਂ ਸਦੀ ਦੇ ਸ਼ੁਰੂ ਵਿੱਚ ਨਵੇਂ ਕਵੀ ਕਵਿਤਾ ਦਾ ਐਲਾਨ ਕਰਨ ਲਈ ਕਿਸੇ ਇਨਕਲਾਬ ਦੀ ਅਗਵਾਈ ਕਰਨਗੇ। ਕਵਿਤਾ ਮਨੁੱਖੀ ਤਰੱਕੀ ਦੇ ਸਿੱਟੇ ਵਜੋਂ, ਮਨੁੱਖੀ ਨਸਲ ਦੇ ਵਿਕਾਸ ਅਤੇ ਸਭਿਆਚਾਰ ਤੇ ਪੁਸਤਕਾਂ ਦੀ ਪਹੁੰਚ-ਯੋਗਤਾ ਦੇ ਸਿੱਟੇ ਵਜੋਂ ਹੀ ਫੈਲੇਗੀ। ਇਹ ਵੀ ਸੰਭਵ ਨਹੀਂ ਕਿ ਕਵੀ ਹੁਕਮ ਦੇਣ ਲੱਗ ਪੈਣ ਜਾਂ ਰਾਜ ਕਰਨ ਲੱਗ ਪੈਣਗੇ, ਭਾਵੇਂ ਕਿ ਉਹਨਾਂ ਵਿੱਚੋਂ

ਕੁਝ ਹੁਣ ਵੀ ਇਹ ਕੰਮ ਕਰ ਰਹੇ ਨੇ, ਕੁਝ ਕੁ ਭੈੜੀ ਤਰ੍ਹਾਂ ਤੇ ਕੁਝ ਘੱਟ ਬੁਰੀ ਤਰਾਂ। ਪਰ ਕਵੀ ਹਮੇਸ਼ਾ ਹੀ ਚੰਗੇ ਸਲਾਹਕਾਰ ਹੋਣਗੇ ਤੇ ਲਾਅਨਤ ਹੈ ਉਹਨਾਂ ਦੇ ਜੋ ਕਿਸੇ ਦੀ ਸੁਣਦੇ ਹੀ ਨਹੀਂ। ਕਈ ਵਾਰ ਸਰਕਾਰਾਂ ਦਾ ਆਪਣੇ ਲੋਕਾਂ ਨਾਲ ਪਬਲਿਕ ਤੌਰ 'ਤੇ ਸਬੰਧ ਜੁੜਿਆ ਹੁੰਦਾ ਹੈ। ਪਰ ਕਵਿਤਾ ਦਾ ਮਨੁੱਖ ਦੇ ਦੁੱਖ ਨਾਲ ਗੁਪਤ ਸਬੰਧ ਹੁੰਦਾ ਹੈ। ਇਹ ਇਤਿਹਾਸ ਦਾ ਸਬਕ ਹੈ।

ਇਹ ਬਿਲਕੁਲ ਹੀ ਸੰਭਵ ਹੈ ਕਿ ਸਾਲ 2000 ਵਿੱਚ ਸਭ ਤੋਂ ਅਜੋਕੇ ਦੌਰ ਦਾ ਕਵੀ ਜੋ ਹਰ ਥਾਂ ਪ੍ਰਸਿੱਧ ਹੈ, ਉਹ ਯੂਨਾਨੀ ਕਵੀ ਹੈ, ਜਿਸ ਨੂੰ ਅੱਜ ਕੋਈ ਵੀ ਨਹੀਂ ਪੜ੍ਹਦਾ। ਉਸ ਦਾ ਨਾਂ ਹੋਮਰ ਹੈ।

ਮੈਂ ਇਸ ਗੱਲ ਵਿੱਚ ਯਕੀਨ ਕਰਦਾ ਹਾਂ, ਤੇ ਇਸ ਲਈ ਮੈਂ ਉਸ ਨੂੰ ਦੁਬਾਰਾ ਪੜ੍ਹਨਾ ਸ਼ੁਰੂ ਕਰ ਰਿਹਾ ਹਾਂ। ਮੈਂ ਉਸ ਦੇ ਪ੍ਰਭਾਵ ਦੀ ਤਲਾਸ਼ ਕਰਾਂਗਾ, ਮਿੱਠੇ ਤੇ ਬਹਾਦਰੀ ਭਰੇ ਪ੍ਰਭਾਵ ਦੀ ਉਸਦੇ ਸਰਾਪਾਂ, ਉਸ ਦੀਆਂ ਪੇਸ਼ੀਨਗੋਈਆਂ, ਉਸ ਦੇ ਮਿਥਿਹਾਸ ਦੇ ਸੰਗੇ-ਮਰ-ਮਰ ਤੇ ਉਸ ਨੇਤਰਹੀਨ ਦੀ ਡੰਗੋਰੀ ਦੀਆਂ।

ਜਿਵੇਂ-ਜਿਵੇਂ ਨਵੀਂ ਸਦੀ ਨੇੜੇ ਆਉਂਦੀ ਹੈ ਮੈਂ ਆਪਣੀ ਲੇਖਣੀ ਵਿੱਚ ਹੋਮਰ ਦੀ ਰੀਸ ਕਰਨ ਦੀ ਕੋਸ਼ਿਸ਼ ਕਰਾਂਗਾ। ਇਹ ਮੇਰੇ ਲਈ ਕੋਈ ਬਹੁਤੀ ਬੁਰੀ ਗੱਲ ਨਹੀਂ ਵਿਖਾਲੀ ਦੇਵੇਗੀ, ਜੋ ਸ਼ੈਲੀ ਕਥਾ ਵਿੱਚ ਅਤੇ ਪ੍ਰਸਿੱਧ ਸਮੁੰਦਰ ਵਿੱਚ ਲੀਨ ਹੋਈ ਹੋਵੇਗੀ।

ਮੈਂ ਗਲੀਆਂ ਵਿੱਚ ਦੀ ਈਥਾਕਾ ਦੇ ਬਾਦਸ਼ਾਹ, ਯੂਲੀਸਿਸ ਦੇ ਝੰਡੇ ਉਠਾਵਾਂਗਾ ਤੇ ਉਦੋਂ ਤੀਕ ਯੂਨਾਨੀ ਆਪਣੀਆਂ ਜੇਲ੍ਹਾਂ ਤੋਂ ਬਾਹਰ ਆ ਜਾਣਗੇ। ਉਹ ਇੱਕੀਵੀਂ ਸਦੀ ਦੀ ਨਵੀਂ ਸ਼ੈਲੀ ਦੇ ਨਿਆਂ ਨੂੰ ਲਾਗੂ ਕਰਨ ਲਈ ਮੇਰਾ ਸਾਥ ਦੇਣਗੇ।

(1968 ਤੋਂ 1970 ਵਿੱਚ)

<u>ਉਰਦੂ ਗ਼ਜ਼ਲਾਂ :</u> **ਸ਼ਕੇਬ ਜਲਾਲੀ**

1. ਮੈਂ ਸ਼ਾਖ਼ ਸੇ ਉੜਾ ਥਾ ਸਿਤਾਰੋਂ ਕੀ ਆਸ ਮੇਂ
ਮੁਰਝਾ ਕੇ ਆ ਗਿਰਾ ਮਗਰ ਸਰਦ ਘਾਸ ਮੇਂ

ਸੋਚੋ ਤੋਂ ਸਿਲਵਟੋਂ ਸੇ ਭਰੀ ਹੈ ਤਮਾਮ ਰੂਹ
ਦੇਖੋ ਤੋਂ ਏਕ ਸ਼ਿਕਨ ਭੀ ਨਹੀਂ ਹੈ ਲਿਬਾਸ ਮੇਂ

ਰਹਿਤਾ ਥਾ ਸਾਮਨੇ ਤੇਰਾ ਚਿਹਰਾ ਖੁਲ੍ਹ ਹੂਆ
ਪੜ੍ਹਤਾ ਥਾ ਮੈਂ ਕਿਤਾਬ ਯਹੀ ਹਰ ਕਲਾਸ ਮੇਂ

ਕਾਂਟੋ ਕੀ ਬਾੜ ਫਾਂਦ ਗਿਆ ਥਾ ਮਗਰ 'ਸ਼ਕੇਬ'
ਰਸਤਾ ਨ ਮਿਲ ਸਕਾ ਮੁਝੇ ਫੂਲੋਂ ਕੀ ਬਾਸ ਮੇਂ।

2. ਆ ਕੇ ਪੱਥਰ ਤੋਂ ਮੇਰੇ ਸਹਨ ਮੇਂ ਦੋ-ਚਾਰ ਗਿਰੇ
ਜਿਤਨੇ ਉਸ ਪੇੜ ਕੇ ਫਲ ਥੇ ਪਸੇ-ਦੀਵਾਰ ਗਿਰੇ

ਤੀਰ ਸੀ ਛੋੜ ਗਏ ਦਿਲ ਮੇਂ ਉਜਾਲੇ ਕੇ ਖ਼ਤੂਤ
ਯੇ ਸਿਤਾਰੇ ਮੇਰੇ ਘਰ ਟੂਟ ਕੇ ਬੇਕਾਰ ਗਿਰੇ

ਵਕਤ ਕੀ ਡੋਰ ਖੁਦਾ ਜਾਨੇ ਕਹਾਂ ਸੇ ਟੂਟੇ
ਕਿਸ ਘੜੀ ਸਰ ਪੇ ਯੇ ਲਟਕੀ ਹੁਈ ਤਲਵਾਰ ਗਿਰੇ

ਕਿਆ ਕਹੂੰ ਦਰਦ-ਏ-ਤਰ ਯੇ ਤੋ ਮੇਰਾ ਚੇਹਰਾ ਹੈ
ਸੰਗ ਕਟ ਜਾਤੇ ਹੈਂ, ਬਾਰਿਸ਼ ਕੀ ਜਹਾਂ ਧਾਰ ਗਿਰੇ।

(ਲਿਪੀਆਂਤਰ - ਮਹਿਮਾ ਸਿੰਘ ਤੂਰ)



<u>ਮੁਲਾਂਕਣ:</u>

# ਬਿਆਨ ਹਲਫ਼ੀਆ :
(ਨਾਰੀ ਦੁਖਾਂਤ - ਸੁਹਜਮਈ ਪੇਸ਼ਕਾਰੀ)

**ਗੋਪਾਲ ਸਿੰਘ ਬੁੱਟਰ**

ਡਾ. ਸੁਰਿੰਦਰ ਸਿੰਘ ਸ਼ਾਂਤ ਦੀ ਲੰਮੀ ਕਵਿਤਾ 'ਬਿਆਨ-ਹਲਫ਼ੀਆ' ਵਿੱਚ ਜਾਗੀਰਦਾਰੀ ਸੁਭਾਅ ਵਾਲੇ ਮਰਦ ਪ੍ਰਧਾਨ ਸਮਾਜ ਦੇ ਨਜ਼ਰੀਏ ਤੋਂ ਚਿਤਰੇ ਗਏ ਕਿੱਸਾ-ਕਾਵਿ ਦੀ ਨਾਇਕਾ ਸਾਹਿਬਾਂ ਦੇ ਚਰਿਤਰ ਨੂੰ ਪ੍ਰਗਤੀਸ਼ੀਲ ਦ੍ਰਿਸ਼ਟੀ ਤੋਂ ਪੁਨਰ ਸਿਰਜਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਲੰਮੀ ਕਵਿਤਾ ਵਿੱਚ ਸਾਹਿਬਾਂ ਦੇ ਦੁਖਾਂਤ ਨੂੰ ਮਾਨਵਵਾਦੀ ਪਹੁੰਚ ਅਨੁਸਾਰ ਸਮਝਣ, ਉਸ ਦਾ ਪੱਖ ਪੇਸ਼ ਕਰਨ ਅਤੇ ਉਸਦੇ ਦੂਸ਼ਿਤ ਕੀਤੇ ਗਏ ਕਿਰਦਾਰ ਨੂੰ ਇਨਸਾਫ਼ ਦਿਵਾਉਣ ਦੇ ਬਹਾਨੇ ਸਮੁੱਚੀ ਨਾਰੀ ਜਾਤੀ ਨਾਲ ਹੋ ਰਹੇ ਵਿਤਕਰੇ ਅਤੇ ਜ਼ੁਲਮ ਨੂੰ ਪ੍ਰਤਿਬਿੰਬਤ ਕਰਨਾ ਇਸ ਕਾਵਿ-ਪੁਸਤਕ ਦਾ ਉਦੇਸ਼ ਹੈ। ਇਸ ਪੁਸਤਕ ਬਾਰੇ ਬਹੁਤ ਸਾਰੇ ਪੱਖਾਂ ਤੋਂ ਵਿਚਾਰ ਚਰਚਾ ਕੀਤੀ ਜਾ ਸਕਦੀ ਹੈ, ਮਸਲਨ ਇਸ ਰਚਨਾ ਨਾਲ ਸੰਬੰਧਤ ਵਿਸ਼ੇ ਉੱਪਰ ਲਿਖੀਆਂ ਗਈਆਂ ਰਚਨਾਵਾਂ ਨਾਲ ਤੁਲਨਾਤਮਕ ਅਧਿਐਨ ਕਰਨਾ, ਇਸ ਰਚਨਾ ਦੇ ਵਿਭਿੰਨ ਪਾਸਾਰਾਂ ਦਾ ਅਧਿਐਨ ਕਰਨਾ ਜਾਂ ਇਸ ਰਚਨਾ ਦੇ ਵਿਸ਼ੇ ਵਸਤੂ ਜਾਂ ਕਾਵਿ-ਕਲਾ ਦਾ ਵਿਭਿੰਨ ਸਮੀਖਿਆ ਦ੍ਰਿਸ਼ਟੀਆਂ ਤੋਂ ਵਿਸ਼ਲੇਸ਼ਣ ਕਰਨਾ ਆਦਿ। ਅਸੀਂ ਆਪਣੇ ਪਰਚੇ ਦੇ ਆਕਾਰ ਦੀ ਸੀਮਾ ਨੂੰ ਨਜ਼ਰ 'ਚ ਰੱਖਦਿਆਂ ਆਪਣਾ ਧਿਆਨ ਲੇਖਕ ਦੀਆਂ ਉਨ੍ਹਾਂ ਕਲਾਤਮਕ ਜੁਗਤਾਂ ਵੱਲ ਕੇਂਦਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਨ੍ਹਾਂ ਦੀ ਵਰਤੋਂ ਰਾਹੀਂ ਲੇਖਕ ਨੇ ਨਾਰੀ ਦੁਖਾਂਤ ਨੂੰ ਪ੍ਰਤਿਬਿੰਬਤ ਕਰਦਿਆਂ ਕਾਵਿਕ ਸੁਹਜ ਸਿਰਜਣ ਵਿੱਚ ਦਿਲਚਸਪੀ ਦਿਖਾਈ ਹੈ।

ਕਵਿਤਾ ਸੱਚ, ਸੁਹਜ ਤੇ ਸੇਧ ਦੀ ਪ੍ਰਸਤੁਤੀ ਦੇ ਪ੍ਰਯੋਜਨ ਨੂੰ ਸਮਰਪਿਤ ਸਾਹਿਤ ਕਲਾ ਦੀ ਪ੍ਰਮੁੱਖ ਵਿਧਾ ਹੋਣ ਨਾਤੇ ਹਰ ਕਵੀ ਆਪਣੀ ਸੰਵੇਦਨਾ ਦੇ ਘੇਰੇ ਦੀ ਵਸਤੂ ਬਣਨ ਵਾਲੇ ਸਮਾਜਕ ਯਥਾਰਥ ਦਾ ਆਪਣੀ ਰਚਨਾਤਮਕ ਪ੍ਰਤਿਭਾ ਦੇ ਉਪਯੋਗ ਨਾਲ ਸੁਹਜਾਤਮਕ ਰੁਪਾਂਤਰਣ ਕਰਨ ਅਤੇ ਉਸ ਵਿੱਚ ਆਪਣੀ ਰਚਨਾ-ਦ੍ਰਿਸ਼ਟੀ ਮੁਤਾਬਿਕ ਉਸਾਰੂ ਸੇਧ ਦਾ ਪ੍ਰੇਰਕ ਸੰਦੇਸ਼ ਸੰਮਿਲਿਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਮਾਰਕਸਵਾਦੀ ਚਿੰਤਕ ਕਲਾ ਨੂੰ ਸਮਾਜਕ ਚੇਤਨਤਾ ਦਾ ਇੱਕ ਰੂਪ ਸਵੀਕਾਰਦਿਆਂ ਇਹ ਵਿਚਾਰ ਰੱਖਦੇ ਹਨ ਕਿ ਕਲਾ ਵਸਤੂ ਸਥਿਤੀ ਦੇ ਬੋਧ ਅਤੇ ਇਸ ਬੋਧ ਦੇ ਮਾਨਵੀ ਪ੍ਰਯੋਜਨ ਦੇ ਪ੍ਰਤੀਬਿੰਬ ਨਾਲ ਸੰਬੰਧਤ ਹੈ। ਉਹਨਾਂ ਅਨੁਸਾਰ ਕਲਾਕ੍ਰਿਤ ਕਿਸੇ ਨਾ ਕਿਸੇ ਰੂਪ ਵਿੱਚ ਮਾਨਵ ਕਲਿਆਣ ਦੇ ਸਮਾਜਕ ਵਿਕਾਸ ਦਾ ਜਾਂ ਕਿਸੇ ਹੋਰ ਵਿਹਾਰਕ ਉਦੇਸ਼ ਦੀ ਪੂਰਤੀ ਦਾ ਸਾਧਨ ਹੈ ਅਤੇ ਉਸਦੀ ਸੁਹਜਾਤਮਕਤਾ ਦਾ ਆਧਾਰ ਉਸਦੀ ਆਪਣੇ ਉਦੇਸ਼ ਪ੍ਰਤੀ ਸਾਰਥਕਤਾ ਅਤੇ ਉਪਯੋਗਤਾ ਹੈ। ਸੇਧ ਦੇਣ ਦੇ ਨਾਲ-ਨਾਲ ਸੁਹਜ ਸਿਰਜਣ ਨੂੰ ਵੀ ਲੇਖਕ ਦੀ ਰਚਨਾ ਦ੍ਰਿਸ਼ਟੀ ਨਾਲ ਸੰਮਿਲਿਤ ਕਰਦਿਆਂ ਯੂਰੀ ਬਾਰਾਬਾਸ਼ 'ਅਸਥੈਟਿਕਸ ਐਂਡ ਪੋਇਟਿਕਸ' ਵਿੱਚ ਲਿਖਦਾ ਹੈ ਕਿ ਅਸਲੀ ਕਲਾ ਵਿੱਚ ਆਦਰਸ਼ ਦੇ ਸੰਕਲਪ ਨੂੰ ਸੁੰਦਰ ਦੇ ਸੰਕਲਪ ਤੋਂ ਨਿਖੇੜਿਆ ਨਹੀਂ ਜਾ ਸਕਦਾ, ਕਿਉਂਕਿ ਯਥਾਰਥਕ ਕਲਾ ਲਈ ਸੁੰਦਰ ਉਹੋ ਹੈ ਜੋ ਸਭ ਤੋਂ ਵੱਧ ਪ੍ਰਗਤੀਸ਼ੀਲ ਆਦਰਸ਼ ਨੂੰ ਪ੍ਰਸਤੁਤ ਕਰਦਾ ਹੈ। ਬਿਆਨ-ਹਲਫ਼ੀਆ ਵਿੱਚ ਲੇਖਕ ਸਾਹਿਬਾਂ ਜਾਂ ਸਮੁੱਚੀ ਨਾਰੀ ਜਾਤੀ ਦੇ ਦੁਖਾਂਤ ਨੂੰ ਚਿਤਰਣ ਸਮੇਂ ਕਿੰਨਾ ਕੁ ਪ੍ਰਗਤੀਸ਼ੀਲ ਹੈ। ਉਸਦੇ ਕਾਵਿ ਰੂਪਾਂਤ੍ਰਣ ਦੀ ਸੁਹਜਾਤਮਕਤਾ ਨੂੰ ਸਮਝਣ ਲਈ ਇਹ ਜਾਨਣਾ ਅਨਿਵਾਰੀ ਹੈ। ਲੇਖਕ ਦੀ ਪ੍ਰਗਤੀਸ਼ੀਲਤਾ ਪਰਖਣ ਦਾ ਇਕ ਠੋਸ ਆਧਾਰ ਡਾ. ਸ਼ਾਂਤ ਤੋਂ ਪਹਿਲਾਂ ਦੇ ਕਵੀਆਂ ਵੱਲੋਂ ਚਿਤਰੇ ਗਏ ਸਾਹਿਬਾਂ ਦੇ ਚਰਿਤਰ ਜਾਂ ਨਾਰੀ ਜਾਤੀ ਪ੍ਰਤੀ ਪ੍ਰਗਟਾਏ ਵਿਚਾਰਾਂ ਦੇ ਮੁਕਾਬਲੇ ਇਸ ਲੇਖਕ ਵੱਲੋਂ ਸਾਹਿਬਾਂ ਦੇ ਚਿਤਰੇ ਚਰਿਤਰ ਜਾਂ ਨਾਰੀ ਬਾਰੇ ਪ੍ਰਗਟਾਏ ਵਿਚਾਰਾਂ ਦੀਆਂ ਸਾਕਾਰਾਤਮਕ ਵਿਸ਼ੇਸ਼ਤਾਈਆਂ ਨੂੰ ਪਹਿਚਾਨਣਾ ਹੈ। ਪਰ ਏਥੇ ਇੱਕ ਗੰਭੀਰ ਸੱਮਸਿਆ ਇਹ ਹੈ ਕਿ ਇਸ ਵਿਸ਼ੇ 'ਤੇ ਪਹਿਲਾਂ ਲਿਖਣ ਵਾਲਾ ਸ਼ਾਇਰ ਪੀਲੂ (ਸਤਾਰਵੀਂ ਸਦੀ ਦਾ ਆਰੰਭ) ਜਾਗੀਰਦਾਰੀ ਸੁਭਾਅ ਵਾਲੇ ਮਰਦ ਪ੍ਰਧਾਨ ਸਮਾਜ ਦੀ ਔਰਤ ਪ੍ਰਤੀ ਪਹੁੰਚ ਨੂੰ ਪੇਸ਼ ਕਰਨ ਵਾਲਾ ਲੇਖਕ ਹੈ। ਉਸਦੀ ਪੂਰੀ ਟੈਕਸਟ ਨਾ ਮਿਲਨ ਕਾਰਨ ਇਹ ਵੀ ਗੁੰਜਾਇਸ਼ ਹੈ ਕਿ ਹੋ ਸਕਦਾ ਹੈ ਸਾਹਿਬਾਂ ਦੇ ਦਰਦ ਨੂੰ ਪੇਸ਼ ਕਰਨ ਵਾਲੇ ਬੰਦ ਉਨ੍ਹਾਂ ਪੇਸ਼ਾਵਰ ਗਵਈਆਂ ਨੇ ਯਾਦ ਹੀ ਨਾ ਰੱਖੇ ਹੋਣ, ਜਿਨ੍ਹਾਂ ਵਿੱਚ ਮਰਦ ਸਰੋਤਿਆਂ ਦੀ ਰੁਚੀ

ਨਹੀਂ ਸੀ, ਜਿਨ੍ਹਾਂ ਗਵਈਆਂ ਤੋਂ ਸੁਣ ਕੇ ਅੱਜ ਤੋਂ ਤਕਰੀਬਨ ਇੱਕ ਸਦੀ ਪਹਿਲਾਂ, ਸਰ ਰਿਚਰਡ ਟੈਂਪਲ ਨੇ ਇਹ ਕਿੱਸਾ 'ਦੀ ਲਿਜੈਂਤਜ ਆਫ ਦੀ ਪੰਜਾਬ' ਦੀ ਤੀਜੀ ਜਿਲਦ ਵਿੱਚ ਛਾਪਿਆ ਸੀ। ਇਸ ਤੋਂ ਬਾਅਦ ਦੇ ਦਰਜਨ ਦੇ ਕਰੀਬ ਕਿੱਸਾਕਾਰਾਂ ਨੇ ਜਿਨ੍ਹਾਂ ਵਿੱਚ ਹਾਫਜ਼ ਬਰਖੁਰਦਾਰ (1679 ਈ.) ਮੁਹੰਮਦ ਬਖਸ਼ (1830-1904 ਈ.) ਮੀਰਾਂ ਸ਼ਾਹ ਜਲੰਧਰੀ (1831-1914 ਈ.) ਸ਼ੇਰ ਮੁਹੰਮਦ ਖਾਂ (ਉਨਵੀਂ ਸਦੀ) ਜੀਵਾ ਸਿੰਘ ਦੀ 1889 ਈ: ਵਿੱਚ ਕੀਤੀ ਰਚਨਾ, ਭਗਵਾਨ ਸਿੰਘ (1850-1902 ਈ.) ਮੁਹੰਮਦ ਬੂਟਾ ਗੁਜਰਾਤੀ (1850-1930 ਈ.) ਕਾਜ਼ੀ ਮੁਹੰਮਦ ਦਹਿਲੀਜ਼ਵੀ ਦੀ ਉਨਵੀਂ ਸਦੀ ਦੇ ਅਖੀਰ ਵਿੱਚ ਕੀਤੀ ਰਚਨਾ, ਸਰਜੂ ਰਾਮ ਨਿਰਮਲਾ ਦੀ ਉਨ੍ਹੀਵੀਂ ਸਦੀ ਦੇ ਅਖ਼ੀਰ ਵਿੱਚ ਕੀਤੀ ਰਚਨਾ, ਕਾਨ੍ਹ ਸਿੰਘ ਚੇਡਪੁਰੀਆਂ ਦੀ ਉਨੀਵੀਂ ਸਦੀ ਦੇ ਅਖ਼ੀਰ ਵਿੱਚ ਕੀਤੀ ਰਚਨਾ ਅਤੇ ਦਯਾ ਸਿੰਘ ਦੀ ਉਨਵੀਂ ਸਦੀ ਦੇ ਅਖ਼ੀਰ ਵਿੱਚ ਕੀਤੀ ਰਚਨਾ ਤੋਂ ਇਲਾਵਾ ਪੰਜਾਬੀ ਦੇ ਬਾਜ਼ਾਰੂ ਗੀਤਾਂ ਦੇ ਲੇਖਕ ਜਿਨ੍ਹਾਂ ਦੇ 'ਸਾਹਿਬਾਂ ਬਣੀ ਭਰਾਵਾਂ ਦੀ', 'ਭਾਈਆਂ ਤੋਂ ਯਾਰ ਮਰਾਤਾ' ਵਰਗੇ ਗੀਤ ਅੱਜ ਵੀ ਪੰਜਾਬ ਦੇ ਘਰ-ਘਰ ਵਿੱਚ ਗੂੰਜਦੇ ਸੁਣਾਈ ਦਿੰਦੇ ਹਨ—ਸ਼ਾਮਿਲ ਹਨ। ਸਭ ਨੇ ਪੀਲੂ ਦੀ ਪ੍ਰਾਪਤ ਕਥਾ ਨੂੰ ਹੀ ਆਪਣੇ-ਆਪਣੇ ਅੰਦਾਜ਼ ਵਿੱਚ ਰੂਪਾਂਤ੍ਰਤ ਕੀਤਾ ਹੈ। ਇਹਨਾਂ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ ਜਾਣੇ ਜਾਂਦੇ ਗ੍ਰੰਥ 'ਚਰਿਤਰੋ ਪਖਯਾਨ' (1696 ਈ.) ਵਿੱਚ ਵੀ ਇਸ ਕਥਾ ਨੂੰ ਅੰਕਿਤ ਕੀਤਾ ਗਿਆ ਹੈ ਅਤੇ 1742 ਈ. ਵਿੱਚ ਖੈਰਉਲਾ ਨੇ ਇਸ ਨੂੰ ਫਾਰਸੀ ਭਾਸ਼ਾ ਵਿੱਚ ਪ੍ਰਸਤੁਤ ਕੀਤਾ। ਉਪਰੋਕਤ ਵਰਣਿਤ ਏਨੇ ਸਾਰੇ ਲੇਖਕਾਂ ਦਾ ਕਥਾ 'ਤੇ ਕਲਮ ਆਜ਼ਮਾਈ ਕਰਨਾ ਅਤੇ ਪੀਲੂ ਵਾਲੀ ਕਥਾ ਨੂੰ ਹੀ ਆਪਣੇ-ਆਪਣੇ ਅੰਦਾਜ਼ ਵਿੱਚ ਪ੍ਰਸਤੁਤ ਕਰਨਾ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਲੋਕ ਮਨਾਂ ਵਿੱਚ ਪੀਲੂ ਦਾ ਸੱਦਾਂ ਵਿਧਾ ਵਿੱਚ ਲਿਖਿਆ ਕਿੱਸਾ ਪੂਰੀ ਤਰ੍ਹਾਂ ਪ੍ਰਵਾਨਿਤ ਹੋ ਚੁੱਕਾ ਸੀ। ਹੁਣ ਉਸ ਦੌਰ ਦੀ ਯੁੱਗ ਚੇਤਨਾ ਬਾਰੇ ਵੀ ਸੰਖਿਪਤ ਰੂਪ ਵਿੱਚ ਚਰਚਾ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ ਜਿਸ ਮੁਤਾਬਿਕ ਮਿਰਜ਼ੇ ਦੀ ਬਹਾਦਰੀ ਨੂੰ ਉਭਾਰਨ ਲਈ ਸਾਹਿਬਾਂ ਜਿਸਨੇ ਪਰਿਵਾਰਕ ਮੋਹ-ਮਾਣ ਮਰਿਯਾਦਾ ਨੂੰ ਤਿਆਗ ਕੇ ਮਿਰਜ਼ੇ ਨੂੰ ਆਪਾ ਸਮਰਪਿਤ ਕਰ ਦਿੱਤਾ ਸੀ-ਨੂੰ ਬੇ-ਵਫ਼ਾ ਅਤੇ ਉਸਦੇ ਬਹਾਨੇ ਸਮੁੱਚੀ ਔਰਤ ਜਾਤੀ ਨੂੰ ਅਪਮਾਨਜਨਕ ਲਹਿਜੇ ਵਿੱਚ ਪ੍ਰਸਤੁਤ ਕਰਨਾ ਅਨਿਵਾਰੀ ਮਹਿਸੂਸ ਕੀਤਾ ਗਿਆ। ਉਸ ਜਾਗੀਰਦਾਰੀ ਸੁਭਾਅ ਵਾਲੇ ਮਰਦ ਪ੍ਰਧਾਨ ਸਮਾਜ ਵਿੱਚ ਆਰਥਿਕ, ਰਾਜਨੀਤਿਕ, ਧਾਰਮਿਕ, ਸੁਰੱਖਿਆ, ਨਿਆਂ ਪ੍ਰਬੰਧ ਜਾਂ ਹੋਰ ਤਮਾਮ ਮਹੱਤਵਪੂਰਨ ਖੇਤਰਾਂ ਵਿੱਚ ਮਰਦ ਦੀ ਆਜਾਰੇਦਾਰੀ ਸੀ। ਔਰਤ ਦੀ ਭੂਮਿਕਾ ਘਰ ਦੀ ਚਾਰ-ਦੀਵਾਰੀ ਤੱਕ ਮਹਿਦੂਦ ਸੀ। ਮਰਦ ਦੀ ਇਸ ਅਜਾਰੇਦਾਰੀ ਦਾ ਕਾਰਨ ਉਹਨਾਂ ਪਦਾਰਥਕ ਪਰਿਸਥਿਤੀਆਂ ਵਿੱਚ ਨਿਹਿਤ ਹੈ ਜਿਨ੍ਹਾਂ ਵਿੱਚ ਬੌਧਿਕ ਤੇ ਪ੍ਰਬੰਧਕੀ ਯੋਗਤਾਵਾਂ ਦੀ ਥਾਂ 'ਬਾਹੂ-ਬਲ' ਹੀ ਵਿਅਕਤੀ ਦੇ ਅਸਤਿਤਵ ਦੀ ਪਹਿਚਾਣ ਸੀ। ਭਾਵ ਉਸ ਸਮੇਂ ਉਹ ਖੇਤਰ ਅਜੇ ਹੋਂਦ ਵਿੱਚ ਹੀ ਨਹੀਂ ਸਨ ਆਏ ਜਾਂ ਅਜੇ ਪੂਰੀ ਤਰ੍ਹਾਂ ਵਿਕਸਿਤ ਹੀ ਨਹੀਂ ਸਨ ਹੋਏ ਜਿਨ੍ਹਾਂ ਵਿੱਚ ਔਰਤ ਮਰਦ ਦੇ ਮੁਕਾਬਲੇ 'ਤੇ ਜਾਂ ਉਸਨੂੰ ਪਛਾੜਨ ਦੀ ਸਥਿਤੀ ਵਿੱਚ ਹੋ ਕੇ ਆਪਣੀ ਪ੍ਰਤਿਭਾ ਜਾਂ ਯੋਗਤਾ ਸਿੱਧ ਕਰ ਸਕਦੀ ਅਤੇ ਉਸ ਦੌਰ ਦੇ ਯੋਗਤਾ ਦੇ ਮਾਪ ਦੰਡ 'ਬਾਹੂ-ਬਲ' ਦੇ ਲਿਹਾਜ ਨਾਲ ਔਰਤ ਆਪਣੀ ਕੁਦਰਤੀ ਜਿਸਮਾਨੀ ਬਣਤਰ ਕਾਰਨ ਮਰਦ ਦੇ ਮੁਕਾਬਲੇ ਕਮਜ਼ੋਰ ਹੀ ਹੈ। ਇਸੇ ਯੁੱਗ ਚੇਤਨਾ ਦਾ ਹੀ ਦਖਲ ਹੈ ਕਿ ਉਸ ਦੌਰ ਦੇ ਨਾਕਾਰਾਤਮਕ ਪੱਖਾਂ ਦੀ ਬੇਬਾਕੀ ਨਾਲ ਆਲੋਚਨਾ ਕਰਨ ਵਾਲੇ ਅਤੇ ਔਰਤ ਦੀ ਤ੍ਰਿਸਕਾਰਮਈ ਦਸ਼ਾ ਨੂੰ ਸੁਧਾਰਨ ਅਤੇ ਉਸਨੂੰ ਬਣਦਾ ਸਨਮਾਨ ਦਿਵਾਉਣ ਦੇ ਇੱਛੁਕ ਅਤੇ ਉਸ ਦੌਰ ਦੇ ਸਭ ਤੋਂ ਵਧੇਰੇ ਪ੍ਰਗਤੀਸ਼ੀਲ ਤੇ ਮਾਨਵਹਿਤੈਸ਼ੀ ਧਾਰਮਿਕ ਰਹਿਬਰ, ਜਿਨ੍ਹਾਂ ਵਿੱਚੋਂ ਗੁਰੂ ਸਾਹਿਬਾਨ ਪ੍ਰਮੁੱਖ ਸਨ, ਨੇ ਵੀ ਈਸ਼ਵਰ ਦੇ ਸਰਵਸ਼ਕਤੀਮਾਨ ਸਰੂਪ ਨੂੰ ਪੇਸ਼ ਕਰਦਿਆਂ ਉਸਨੂੰ ਕੰਤ, ਸੁਆਮੀ ਭਾਵ ਮਰਦ ਦੇ ਰੂਪ ਵਿੱਚ ਹੀ ਚਿਤਰਿਆ ਅਤੇ ਜੀਵਾਤਮਾ ਨੂੰ ਉਸ ਪਰਮ ਸੱਤਾ ਦੇ ਰਹਿਮੋ ਕਰਮ 'ਤੇ ਨਿਰਭਰ ਕਰਨ ਵਾਲੀ ਦਾਸੀ ਜਾਂ ਪਤਨੀ ਭਾਵ ਇਸਤਰੀ ਦੇ ਰੂਪ ਵਿੱਚ ਹੀ ਪ੍ਰਸਤੁਤ ਕੀਤਾ। ਉਨ੍ਹਾਂ ਕੋਲ ਔਰਤ ਨੂੰ ਮਰਦ ਦੀ ਬਰਾਬਰੀ ਦੇ ਦਾਅਵੇਦਾਰ ਵਜੋਂ ਪੇਸ਼ ਕਰਨ ਦਾ ਠੋਸ ਤਰਕ ਮੌਜੂਦ ਨਾ ਹੋਣ ਕਾਰਨ ਹੀ ਉਨ੍ਹਾਂ ਨੇ ਔਰਤ ਦੀ ਦੁਰਦਸ਼ਾ ਦੇ ਖਿਲਾਫ਼ ਆਵਾਜ਼ ਬੁਲੰਦ ਕਰਨ ਲਈ ਉਸਦੇ ਜਗਤ ਜਨਨੀ ਦੇ ਕਰਤਾਰੀ ਸਰੂਪ ਨੂੰ ਉਭਾਰ ਕੇ ਹੀ ਢੁੱਕਵਾਂ ਤਰਕ ਸਿਰਜਣ ਦੀ ਲੋੜ ਮਹਿਸੂਸ ਕੀਤੀ ਅਤੇ ਔਰਤ ਨੂੰ ਉਸਦਾ



ਬਣਦਾ ਸਨਮਾਨ ਦਿਵਾਉਣ ਲਈ ਉਨ੍ਹਾਂ ਦੀ ਪ੍ਰਗਤੀਸ਼ੀਲ ਦ੍ਰਿਸ਼ਟੀ ਉਹਨਾਂ ਦੀ ਇਸ ਕੋਸ਼ਿਸ਼ ਵਿੱਚ ਹੀ ਨਿਹਿਤ ਹੈ।

ਦੂਜੇ ਪਾਸੇ ਡਾ. ਸੁਰਿੰਦਰ ਸਿੰਘ ਸ਼ਾਂਤ ਦੀ ਰਚਨਾ 'ਬਿਆਨ-ਹਲਫ਼ੀਆ' ਵੀਹਵੀਂ ਸਦੀ ਦੇ ਅਖੀਰਲੇ ਸਾਲਾਂ ਦੀ ਸਿਰਜਣਾ ਹੈ, ਜਿਸ ਵੇਲੇ ਜਾਗੀਰਦਾਰੀ ਕੀਮਤਾਂ ਵੇਲਾ ਵਿਹਾ ਚੁਕੀਆਂ ਹਨ ਅਤੇ ਪੂੰਜੀਵਾਦੀ ਵਿਵਸਥਾ ਕਾਇਮ ਹੋ ਚੁੱਕੀ ਹੈ। ਗਿਆਨ-ਵਿਗਿਆਨ ਅਤੇ ਟੈਕਨਾਲੋਜੀ ਦੀ ਤੱਰਕੀ ਨਾਲ ਨਵੇਂ ਆਯਾਮ ਸਿਰਜੇ ਜਾ ਚੁੱਕੇ ਹਨ। ਸਮਾਜ ਵਿੱਚ ਲੋਕਤਾਂਤਰਿਕ ਕੀਮਤਾਂ ਵਿਕਸਿਤ ਹੋ ਚੁੱਕੀਆਂ ਹਨ। ਇਸ ਪ੍ਰਕਿਰਿਆ ਨਾਲ ਔਰਤ ਨੂੰ ਸ਼ਖਸੀ ਵਿਕਾਸ ਦੇ ਅਵਸਰ ਪ੍ਰਾਪਤ ਹੋਏ। ਅੱਜ ਔਰਤ ਐਜੂਕੇਸ਼ਨ, ਆਰਥਿਕ, ਰਾਜਸੀ, ਪ੍ਰਬੰਧਕੀ ਤੇ ਹੋਰ ਮਹੱਤਵਪੂਰਨ ਖੇਤਰਾਂ ਵਿੱਚ ਮਰਦ ਨਾਲ ਮੁਕਾਬਲੇ ਦੀ ਸਥਿਤੀ ਵਿੱਚ ਹੈ। ਪੰਜਾਬੀ ਸਾਹਿਤ ਅਤੇ ਚਿੰਤਨ ਦੇ ਖੇਤਰ ਵਿੱਚ ਸਮਾਜਵਾਦੀ ਪ੍ਰਗਤੀਸ਼ੀਲ ਵਿਚਾਰਧਾਰਾ ਦਾ ਡੂੰਘਾ ਅਸਰ ਹੈ। ਇਸ ਮਸ਼ੀਨੀ ਯੁਗ ਵਿੱਚ 'ਬਾਹੂ-ਬਲ' ਦੀ ਯੋਗਤਾ ਦਾ ਮਹੱਤਵ ਕੇਂਦਰੀ ਸਥਾਨ ਤੋਂ ਹਾਸ਼ੀਏ ਵੱਲ ਚਲਾ ਗਿਆ ਹੈ ਅਤੇ ਬੌਧਿਕ ਤੇ ਪ੍ਰਬੰਧਕੀ ਯੋਗਤਾ ਨਿਰਧਾਰਨੀ ਮਹੱਤਵ ਗ੍ਰਹਿਣ ਕਰ ਗਈ ਹੈ। ਨਾਰੀ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਗਈ ਹੈ ਅਤੇ ਉਸ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਕਾਨੂੰਨੀ ਸਹਾਇਤਾ ਵੀ ਉਪਲੱਬਧ ਹੈ। ਭਾਵੇਂ ਸੰਸਕਾਰਾਂ ਵਿਚਲੇ ਪੁਰਾਣੇ ਵਿਚਾਰਾਂ ਨੂੰ ਇਹ ਸਭ ਕੁਝ ਕਬੂਲਣ ਅਤੇ ਇਸ ਨੂੰ ਵਿਹਾਰਕ ਰੂਪ ਵਿੱਚ ਲਾਗੂ ਕਰਨ ਵਿੱਚ ਸਮੇਂ ਤੇ ਸੰਘਰਸ਼ ਦੀ ਲੋੜ ਹੈ, ਪਰ ਇਹ ਚੇਤਨਾ ਵਿਕਸਤ ਹੋ ਚੁੱਕੀ ਹੈ। ਹੁਣ ਤਾਂ ਔਰਤ ਨੂੰ ਮਿਲੀ ਆਜ਼ਾਦੀ ਦੇ ਸਦਉਪਯੋਗ ਨਾਲ ਭਰੂਣ ਹੱਤਿਆ ਵਰਗੇ ਸਮਾਜ ਲਈ ਘਾਤਕ-ਅਪਰਾਧਾਂ ਖਿਲਾਫ਼ ਆਵਾਜ਼ ਉਠਾਉਣ ਤੇ ਸਮਾਜ ਵਿੱਚ ਮਹੀਨ ਰੂਪ ਵਿੱਚ ਹੋ ਰਹੇ ਨਾਰੀ ਦਮਨ ਵਿਰੁੱਧ ਚੇਤਨਾ ਲਹਿਰ ਪੈਦਾ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ ਨਾ ਕਿ ਨਵੇਂ ਗਲੋਬਲਾਈਜ਼ੇਸ਼ਨ ਦੇ ਸੌਦਾਗਰਾਂ ਦੇ ਵਸਤੂ ਵਿਉਪਾਰ ਦੇ ਪਰਚਾਰ ਲਈ ਬਿਜਲਈ ਮੀਡੀਏ ਦੀ ਸਕਰੀਨ 'ਤੇ ਆਪਣੇ ਸਰੀਰਕ ਨੰਗੇਜ ਅਤੇ ਕਾਮ ਉਤੇਜਕ ਅਦਾਵਾਂ ਨਾਲ ਨਾਰੀਤਵ ਦੇ ਗੌਰਵ ਨੂੰ ਦੂਸ਼ਿਤ ਕਰਨਾ। ਇਸ ਨਾਕਾਰਾਤਮਕ ਰੁਝਾਨ ਵਿੱਚ ਨਾਰੀ ਦਾ ਕਿੰਨਾ ਵਧੇਰੇ ਜਾਂ ਘੱਟ ਦੋਸ਼ ਹੈ? ਇਹ ਵੱਖਰੀ ਬਹਿਸ ਦਾ ਮੁੱਦਾ ਹੈ। ਸਾਡਾ ਮਕਸਦ ਡਾ. ਸ਼ਾਂਤ ਦੀ ਕਾਵਿ ਰਚਨਾ ਦੇ ਪ੍ਰਗਤੀਸ਼ੀਲ ਪਾਸਾਰਾਂ ਨੂੰ ਸਮਝਣਾ ਅਤੇ ਉਸਦੇ ਸੁਹਜਾਤਮਕ ਰੂਪਾਂਤਣ ਦਾ ਵਿਸ਼ਲੇਸ਼ਣ ਕਰਨਾ ਹੈ। ਇਸ ਦੇ ਰਚਨਾ-ਕਾਲ ਦੇ ਸਮਾਜ ਵਿੱਚ ਔਰਤ ਬਾਰੇ ਪਹੁੰਚ ਅਤੇ ਔਰਤ ਦੀ ਸਥਿਤੀ ਨੂੰ ਸਮਝਣਾ ਹਿਤ ਉਪਰੋਕਤ ਚਰਚਾ ਕਰਨੀ ਜ਼ਰੂਰੀ ਸੀ।

'ਬਿਆਨ-ਹਲਫ਼ੀਆ' ਵਿੱਚ ਕਾਵਿ ਬਿਰਤਾਂਤ ਨੂੰ ਉੱਤਮ ਪੁਰਖ ਵਿੱਚ ਪ੍ਰਸਤੁਤ ਕਰਕੇ ਭਾਵ ਸਾਹਿਬਾਂ ਦੀ ਹੱਡ ਬੀਤੀ ਉਸ ਦੇ ਮੂਹੋਂ ਬਿਆਨ ਕਰਵਾ ਕੇ ਡਾ. ਸ਼ਾਂਤ ਕਿੱਸਾ ਕਵੀ ਦਮੋਦਰ ਦੁਆਰਾ ਆਪਣੇ ਕਥਨ ਦੀ ਪ੍ਰਮਾਣਿਕਤਾ ਵਧਾਉਣ ਲਈ 'ਆਖ ਦਮੋਦਰ ਅੱਖੀ ਡਿੱਠਾ' ਵਾਲੀ ਵਰਤੀ ਜੁਗਤ ਤੋਂ ਵੀ ਇੱਕ ਕਦਮ ਅੱਗੇ ਨਿਕਲ ਜਾਂਦਾ ਹੈ। ਡਾ. ਸ਼ਾਂਤ ਸਾਹਿਬਾਂ ਦੇ ਹਲਫ਼ੀਆ ਬਿਆਨ ਨੂੰ ਪ੍ਰਸਤੁਤ ਕਰਦਿਆਂ ਸ਼ੁਰੂ ਵਿੱਚ ਸਾਹਿਬਾਂ ਤੋਂ ਉਸਦੀ ਸ਼ਨਾਖ਼ਤ ਇਹਨਾਂ ਬੋਲਾਂ ਨਾਲ ਪ੍ਰਸਤੁਤ ਕਰਦਾ ਹੈ:

ਮੈਂ ਸਾਹਿਬਾਂ/ਬੇਟੀ ਖਾਨ ਖੀਵਾ/ਬੇਵਾ ਮਿਰਜ਼ਾ ਖਰਲ
ਮੰਗੇਤਰ ਤਾਹਿਰ ਖਾਂ ਚੰਧੜ (ਪੰਨਾ 27)

ਇਹਨਾਂ ਬੋਲਾਂ ਤੋਂ ਹੀ ਕਵਿਤਾ ਵਿੱਚ ਇੱਕ ਤਣਾਓ ਪ੍ਰਵੇਸ਼ ਕਰਦਾ ਹੈ। ਇਹ ਕਥਨ ਭਾਵੇਂ ਕਵਿਤਾ ਦੇ ਆਰੰਭ ਵਿੱਚ ਸਾਹਿਬਾਂ ਵਲੋਂ ਕਹੇ ਗਏ ਹਨ ਪਰ ਅਦਾਲਤ ਵਿੱਚ ਚਲਦੇ ਮੁਕਦਮੇਂ ਦੇ ਤਰਕ ਮੁਤਾਬਿਕ, ਹਾਦਸਾ ਪਹਿਲਾਂ ਵਾਪਰ ਚੁੱਕਾ ਹੈ। ਭਾਵ ਸਾਹਿਬਾਂ ਜਿਸ ਮੁੱਕਦਮੇ ਲਈ ਆਪਣਾ ਹਲਫ਼ੀਆ ਬਿਆਨ ਦੇ ਰਹੀ ਹੈ, ਉਸ ਹਾਦਸੇ ਦਾ ਸੰਤਾਪ ਉਹ ਹੰਡਾ ਚੁੱਕੀ ਹੈ ਅਤੇ ਮਾਨਸਿਕ ਕਲੇਸ਼ ਤੇ ਜ਼ਿੱਲਤ ਸਹਿ ਵੀ ਰਹੀ ਹੈ। ਇੱਥੇ ਉਹ ਆਪਣਾ ਦਰਦ ਤੇ ਆਪਣਾ ਪੱਖ ਲੋਕਾਂ ਦੀ ਅਦਾਲਤ ਵਿੱਚ ਹਰ ਹਾਲਤ ਸੁਣਾਉਣ ਲਈ ਦ੍ਰਿੜ ਵੀ ਮਹਿਸੂਸ ਹੁੰਦੀ ਹੈ ਅਤੇ ਇਸ ਦ੍ਰਿੜਤਾ ਦੇ ਪਿੱਛੇ ਉਸਦੇ ਦਰਦ ਦੀ ਸ਼ਿੱਦਤ ਵੀ ਛੁਪੀ ਹੋਈ ਹੈ। ਜੋ ਲੋਕਾਂ ਨੂੰ ਇਹ ਕਹਿ ਕੇ ਇਨਸਾਫ ਮੰਗਦੀ ਹੈ ਕਿ ਮੇਰੀ ਪਹਿਚਾਣ ਦਾ ਜਿਹੜਾ ਪਾਸਾਰ ਵੀ ਤੁਹਾਨੂੰ ਪ੍ਰਵਾਨ ਹੈ ਉਸ ਦੇ ਨਾਤੇ ਹੀ ਭਾਵੇਂ ਸੁਣੋ ਪਰ ਮੇਰੀ ਵੇਦਨਾ ਜ਼ਰੂਰ

ਸੁਣੋਂ। ਦੂਜੇ ਪਾਸੇ ਇਸ ਕਥਨ ਤੋਂ ਪੈਦਾ ਹੋਣ ਵਾਲਾ ਤਣਾਓ ਸਾਹਿਬਾਂ ਦੇ ਕਿਰਦਾਰ ਦੀ ਦਵੰਦਾਤਮਕਤਾ ਦੀ ਪਹਿਚਾਣ ਹੈ। ਉਹ ਪਰਿਵਾਰ ਦੇ ਮੋਹ, ਮਾਣ, ਮਰਿਯਾਦਾ ਨੂੰ ਤਿਆਗ ਕੇ ਮਿਰਜ਼ੇ ਨਾਲ ਉੱਧਲ ਜਾਂਦੀ ਹੈ। ਮਿਰਜ਼ੇ ਦੇ ਕਤਲ ਤੋਂ ਬਾਅਦ ਆਪਣੀ ਜਾਨ ਵੀ ਵਾਰ ਜਾਂਦੀ ਹੈ। ਕਵਿਤਾਂ ਦੇ ਅਗਲੇ ਪਾਸਾਰਾਂ ਅਨੁਸਾਰ ਉਹ ਆਪਣੇ ਭਰਾਵਾਂ ਅਤੇ ਆਸ਼ਕ ਦੇ ਵਿਹਾਰ ਤੋਂ ਸਤੁੰਸ਼ਟ ਵੀ ਨਹੀਂ ਹੈ:

ਮਿਰਜ਼ਾ ਹੋਏ/ਜਾਂ ਹੋਏ ਸ਼ਮੀਰਾ/ਔਰਤ ਤੋਂ ਵੱਧ/ਸਭਨੂੰ ਆਪਣੀ-ਆਪਣੀ
ਏਥੇ ਅਣਖ ਪਿਆਰੀ। (ਪੰਨਾ 92)

'ਹਲਫ਼ੀਆ-ਬਿਆਨ' ਵਿੱਚ ਜਿਸ ਜ਼ਿੱਲਤ ਤੋਂ ਛੁਟਕਾਰਾ ਪਾਉਣ ਲਈ ਉਹ ਇਨਸਾਫ ਮੰਗਦੀ ਹੈ, ਉਹ ਹੈ, ਉਸ ਉੱਪਰ ਲੱਗੇ ਇਸ ਇਲਜ਼ਾਮ ਨੂੰ ਕਿ ਉਸਨੇ ਮਿਰਜ਼ੇ ਦੇ ਹੱਥੋਂ ਆਪਣੇ ਭਰਾਵਾਂ ਨੂੰ ਮਰਨ ਤੋਂ ਬਚਾਉਣ ਲਈ ਮਿਰਜ਼ੇ ਦੇ ਤੀਰ ਜੰਡ ਉੱਪਰ ਟੰਗ ਕੇ ਮਿਰਜ਼ੇ ਨਾਲ ਬੇ-ਵਫਾਈ ਕੀਤੀ ਸੀ-ਨੂੰ ਗ਼ਲਤ ਸਾਬਿਤ ਕਰਨਾ। ਇਸ ਕਵਿਤਾ ਵਿੱਚ ਕਵੀ ਸਾਹਿਬਾਂ ਦੇ ਬਿਆਨ ਰਾਹੀਂ ਪ੍ਰਸ਼ਨ ਸਿਰਜਦਾ ਹੈ ਕਿ ਉਹ ਕਿਹੜਾ ਜੰਡ ਸੀ ਜਿਸ ਉੱਪਰ ਸਾਹਿਬਾਂ ਜਿਹੀ ਸੋਹਲ ਸੁਬਕ ਕੁੜੀ ਵੱਲੋਂ ਟੰਗੇ ਤੀਰ ਮਿਰਜ਼ੇ ਵਰਗਾ ਬਲੀ ਯੋਧਾ ਉਤਾਰ ਨਾ ਸਕਿਆ :

ਉਹ ਕੈਸਾ ਜੰਡ ਸੀ ?/ ਦੱਸ ਵੇ ਲੋਕਾ/ਜਿਸ ਤੇ ਤਰਕਸ਼
ਮੈਂ ਟੰਗਿਆ ਸੀ। ਪਰ ਮਿਰਜ਼ੇ ਤੋਂ ਲੱਥਾ ਨਹੀਂ ਸੀ। (ਪੰਨੇ 94)

ਕਵੀ ਨੇ ਇਸ ਤਰਕ ਨੂੰ ਉਸਾਰਨ ਲਈ ਆਪਣੀ ਪ੍ਰਗਤੀ-ਸ਼ੀਲ ਰਚਨਾ ਦ੍ਰਿਸ਼ਟੀ ਦੀ ਭਰਪੂਰ ਵਰਤੋਂ ਕੀਤੀ ਹੈ। ਸਾਰੇ ਕਾਵਿ ਬਿਰਤਾਂਤ ਵਿੱਚ ਸਾਹਿਬਾਂ ਦੀ ਵੇਦਨਾ ਅਤੇ ਉਸਦੇ ਰੋਹ ਨੂੰ ਆਪਣੀ ਮਾਨਵਵਾਦੀ ਪਹੁੰਚ ਤੋਂ ਰੂਪਾਂਤ੍ਰਣ ਕੀਤਾ ਹੈ, ਪਰ ਕਵਿਤਾ ਵਿੱਚ ਸਾਹਿਬਾਂ ਨੂੰ ਸਾਰੇ ਰਿਸ਼ਤਿਆਂ ਨਾਲ ਕਿਸੇ ਨਾ ਕਿਸੇ ਲਿਹਾਜ਼ ਨਾਲ ਸੰਬੰਧਤ ਦਰਸਾ ਕੇ ਮਾਨਵੀ ਮਾਨਸਿਕ ਸੰਰਚਨਾ ਵਿੱਚ ਦਵੰਦਾਤਮਕਤਾ ਅਤੇ ਜਟਿਲਤਾ ਨੂੰ ਸਮਝਣ ਵਿੱਚ ਨਾ ਤਾਂ ਧੋਖਾ ਖਾਧਾ ਹੈ ਅਤੇ ਨਾ ਹੀ ਉਪਭਾਵੁਕਤਾ ਦਿਖਾਈ ਹੈ। ਉਂਜ ਤਾਂ ਮਿਰਜ਼ੇ ਦੀ ਸਮਰੱਥਾ ਤੋਂ ਭੈਅਭੀਤ ਹੋ ਕੇ ਸਾਹਿਬਾਂ ਦਾ ਆਪਣੇ ਭਰਾਵਾਂ ਦੇ ਬਚਾਓ ਪੱਖ ਬਾਰੇ ਸੋਚਣਾ ਵੀ ਮਿਰਜ਼ੇ ਪ੍ਰਤੀ ਚਿਤਵੇ ਰਿਸ਼ਤੇ ਤੋਂ ਪਲਾਇਨ ਨਹੀਂ ਕਿਹਾ ਜਾ ਸਕਦਾ। ਇਸ ਪਿੱਛੇ ਵੀ ਉਹੀ ਮਾਨਸਿਕ ਸੰਰਚਨਾ ਵਿਚਲੇ ਦਵੰਦਾਤਮਕ ਪਾਸਾਰਾਂ ਦਾ ਦਖਲ ਹੀ ਕਿਹਾ ਜਾ ਸਕਦਾ ਜਿਨ੍ਹਾਂ ਦੀ ਸਿਰਜਣਾ ਪਰਿਵਾਰਕ ਮੋਹ ਅਤੇ ਭੈਣ-ਭਰਾ ਵਾਲੇ ਸਨੇਹਮਈ ਰਿਸ਼ਤੇ ਦੇ ਮੱਹਤਵ ਨੂੰ ਉਜਾਗਰ ਕਰਨ ਵਾਲੇ ਘਰੇਲੂ ਮਾਹੌਲ ਵਿੱਚ ਹੋਈ ਹੁੰਦੀ ਹੈ। ਮਾਨਸਿਕ ਸੰਰਚਨਾ ਦੀ ਇਸ ਜਟਿਲਤਾ ਨੂੰ ਸਮਝਦਿਆਂ ਹੀ ਡਾ. ਸ਼ਾਂਤ ਇਸ ਤਰਕ ਨੂੰ ਬੜੇ ਜ਼ੋਰਦਾਰ ਤੇ ਭਾਵਪੂਰਤ ਢੰਗ ਨਾਲ ਉਸਾਰਦਾ ਹੈ ਕਿ ਸਾਹਿਬਾਂ ਨੇ ਹੱਠ ਦੀ ਹੱਦ ਤੀਕ ਜਲਦੀ ਦਾਨਾਬਾਦ ਪਹੁੰਚਾਉਣ ਦੀ ਜ਼ਿਦ ਕੀਤੀ ਅਤੇ ਆਪਣੇ ਜੋਬਨ ਦੇ ਪ੍ਰਲੋਭਨ ਨਾਲ ਵੀ ਮਿਰਜ਼ੇ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਪਰ ਆਪਣੇ 'ਬਾਹੂ-ਬਲ' ਦੇ ਹੰਕਾਰ ਵਿੱਚ ਗ੍ਰਸਿਆ ਮਿਰਜ਼ਾ, ਸਾਹਿਬਾਂ ਨੂੰ ਲਾਪਰਵਾਹੀ ਨਾਲ ਟਾਲਦਾ ਰਿਹਾ :

ਮੈਂ ਤਾਂ ਬੜਾ ਕਿਹਾ ਸੀ/ ਆਪਣੇ ਪਹੁੰਚ ਗਰਾਂ
ਆਪ ਸੁਲਾਵਾਂਗੀ ਮੈਂ/ ਰੱਖ ਸਰ੍ਹਾਣੇ ਬਾਂਹ
ਕਰ ਦਿਊਂ ਕਾਲੀ ਰਾਤ/ ਜ਼ੁਲਫਾਂ ਦੀ ਕਰਕੇ ਛਾਂ
ਸਾਹਾਂ ਦੇ ਵਿੱਚ/ ਮਿਰਗ ਕਥੂਰੀ ਘੋਲਾਂਗੀ।
ਮਨ ਵਿੱਚ ਸਾਂਭੇ/ ਸਾਰੇ ਜਜ਼ਬੇ ਫੋਲਾਂਗੀ।
(ਪਰ) ਉਸਨੂੰ ਆਪਣੀਆਂ/ ਬਾਹਵਾਂ ਤੇ ਸੀ/ ਮਾਣ ਬੜਾ
ਤੀਰਾਂ ਤੇ ਤਲਵਾਰਾਂ ਰੱਖੀਆਂ/ ਸਾਣ ਚੜ੍ਹਾ
ਕਹਿੰਦਾ, ਸਹਿਬਾਂ ਮੇਰੇ ਤੋਂ ਤਾਂ/ ਡਰੇ ਖੁਦਾ। (ਪੰਨਾ 45)

ਇਸ ਤਰ੍ਹਾਂ ਕਵੀ ਸਾਹਿਬਾਂ ਪ੍ਰਤੀ ਹਮਦਰਦੀ ਭਾਵ ਪੈਦਾ ਕਰਨ ਲਈ ਉਸ ਦੀ ਵੇਦਨਾ ਦੀ ਉਸ ਸ਼ਿੱਦਤ ਨੂੰ ਭਾਵਪੂਰਤ ਢੰਗ ਨਾਲ ਚਿਤਰਦਾ ਹੈ ਜਿੱਥੇ ਸਾਹਿਬਾਂ ਕਿਸੇ ਰਿਸ਼ਤੇ ਦੇ ਵੀ ਜਾਨੀ ਨੁਕਸਾਨ ਦਾ ਕਾਰਨ ਬਣਨ ਵਾਲੀ ਟੱਕਰ ਨੂੰ ਰੋਕਣ ਜਾਂ ਟਾਲਣ ਦੀ ਪੁਰਜ਼ੋਰ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਕਿਸੇ ਧਿਰ ਵੱਲੋਂ ਵੀ ਸਵੀਕਾਰੀ ਨਹੀਂ ਜਾਂਦੀ ਤੇ ਜ਼ਿਲੱਤ ਤੇ ਝੋਰੇ ਦਾ ਸੰਤਾਪ ਹੰਡਾਉਂਦੀ ਹੈ। ਇੱਥੇ



ਕਵੀ ਸਾਹਿਬਾਂ ਦੇ ਮੁਕਾਬਲੇ ਮਿਰਜ਼ੇ ਦੇ ਦੋਸ਼-ਪੂਰਨ ਚਰਿਤਰ 'ਤੇ ਰੌਸ਼ਨੀ ਪਾਉਂਦਾ ਹੈ, ਜੋ ਜਗੀਰੂ ਕੀਮਤਾਂ ਵਾਲੇ ਸਮਾਜ ਦੇ ਵੈਲੀ ਤੇ ਕਿਸੇ ਹੱਦ ਤੀਕ ਔਰਤ ਨੂੰ ਮੌਜ-ਮਸਤੀ ਦਾ ਸਾਧਨ ਸਮਝਣ ਵਾਲੇ ਵਿਗੜੇ ਮਰਦ ਦੇ ਰੂਪ ਵਿੱਚ ਉਭਰਦਾ ਹੈ। ਜਿਸਦਾ ਪ੍ਰੇਮ ਸਾਹਿਬਾਂ ਨਾਲ ਹੈ ਪਰ ਆਰਫਾਂ ਨਾਮੀ ਰਖੇਲ ਨਾਲ ਵੀ ਨਾਜਾਇਜ਼ ਸੰਬੰਧ ਹਨ। ਡਾ. ਸ਼ਾਂਤ ਆਰਫਾਂ ਵਾਲੇ ਪ੍ਰਸੰਗ ਨੂੰ ਪ੍ਰਚਲਤ ਕਥਾ ਇੱਕ ਨਵੇਂ ਪਾਸਾਰ ਵਜੋਂ ਸੰਮਿਲਤ ਕਰਦਾ ਹੈ। ਇਸ ਤੋਂ ਪਹਿਲਾਂ ਇਹ ਪਾਸਾਰ ਇਸ ਕਥਾ ਦਾ ਹਿੱਸਾ ਨਹੀਂ ਸੀ।

'ਬਿਆਨ-ਹਲਫ਼ੀਆ' ਦੇ ਕਾਵਿ ਬਿਰਤਾਂਤ ਵਿੱਚ ਕਵੀ ਨੇ ਪਹਿਲਾਂ ਸਾਹਿਬਾਂ ਦੇ ਕਥਨ ਰਾਹੀਂ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਦੀ ਨਿਗੂਣੀ ਸਥਿਤੀ ਦਰਸਾ ਕੇ ਫਿਰ ਮਿਰਜ਼ਾ ਸਾਹਿਬਾਂ ਕਿੱਸੇ ਵਿਚਲੀ ਸਾਹਿਬਾਂ ਦੀ ਮਨੋ ਸਥਿਤੀ ਅਤੇ ਜ਼ਿਲੱਤ ਦੇ ਦਰਦ ਦਾ ਰੋਹ ਮਈ ਪ੍ਰਗਟਾਵਾ ਕੀਤਾ ਹੈ ਅਤੇ ਫਿਰ ਔਰਤ ਮਰਦ ਦੀ ਇੱਕ ਦੂਜੇ ਉੱਪਰ ਨਿਰਭਰਤਾ ਨੂੰ ਆਪਣੀ ਪ੍ਰਗਤੀਸ਼ੀਲ ਪਹੁੰਚ ਤੋਂ ਚਿੱਤਰ ਕੇ ਇਸ ਹਕੀਕਤ ਨੂੰ ਪ੍ਰਤਿਬਿੰਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਔਰਤ ਅਤੇ ਮਰਦ ਇਕ ਦੂਜੇ ਦੀਆਂ ਵਿਰੋਧੀ ਸ਼ਕਤੀਆਂ ਨਹੀਂ ਬਲਕਿ ਪੂਰਕ ਸ਼ਕਤੀਆਂ ਹਨ। ਇਸ ਤਰਕ ਨੂੰ ਪੇਸ਼ ਕਰਨ ਲਈ ਡਾ. ਸ਼ਾਂਤ ਨੇ ਵਿਧਵਾ ਇਸਤਰੀ ਦੀ ਮਰਦ ਤੋਂ ਬਿਨ੍ਹਾਂ ਬਣੀ ਤ੍ਰਾਸਦਿਕ ਸਥਿਤੀ ਨੂੰ ਰੂਪਾਂਤ੍ਰਤ ਕੀਤਾ ਹੈ :

ਹਥਿਆਰਾਂ ਦੀ ਅਸਲ ਮਾਰ/ਦੁਸ਼ਮਣ ਨਾ ਜਾਣੇ
ਅਸਲ ਮਾਰ ਤਾਂ ਵਿਧਵਾ ਜਾਣੇ/ਆਪਣੇ ਪੈਰਾਂ ਦੇ ਹੇਠਾਂ/ਸਾਂਭੇ ਬਾਲ ਨਿਆਣੇ
ਸੁੰਨ ਮਸੁੰਨ ਜੱਗ ਹੋ ਜਾਵੇ/ਜੋ ਚੁੱਲ੍ਹੇ ਆਪਣੇ ਹੱਡ ਬਾਲੇ/ਆਪਣੇ ਹੁਸਨ ਦੀ ਤੌਣ ਪਕਾਵੇ
ਚਿੰਤਾ ਝੋਰੇ, ਸੰਸੇ, ਪੀੜਾਂ/ਇੱਕ ਮੁੱਕੇ ਤਾਂ ਦੂਜੀ ਖਾਵੇ/ਮਰਦੀ ਜੰਮਦੀ ਜੀਂਦੀ ਜਾਵੇ।

ਇਸ ਤੋਂ ਅੱਗੇ ਡਾ. ਸ਼ਾਂਤ ਨੇ ਉੱਧਲ ਗਈ ਧੀ ਦੇ ਮਾਪਿਆਂ ਦੀ ਨਮੋਸ਼ੀ ਤੇ ਜ਼ਿੱਲਤ ਦੇ ਭਾਵਾਂ ਨੂੰ ਬੜੀ ਸ਼ਿੱਦਤ ਨਾਲ ਸਿਰਜਣ ਦੀ ਕੋਸ਼ਿਸ਼ ਕੀਤੀ ਹੈ। ਦਰਅਸਲ ਉਧਾਲਾ ਪੰਜਾਬੀ ਸਮਾਜ ਵਿੱਚ ਕਦੇ ਵੀ ਸਰਾਹਿਆ ਨਹੀਂ ਗਿਆ। ਮਿਰਜ਼ਾ ਸਾਹਿਬਾਂ ਕਿੱਸੇ ਵਿੱਚ ਵੀ ਮਿਰਜ਼ੇ ਦਾ ਬਾਪ ਜਾਂ ਭਰਾ ਇਸ ਕੰਮ ਲਈ ਉਸ ਦੀ ਧਿਰ ਨਹੀਂ ਬਣਦੇ, ਬਲਕਿ ਉਸ ਨੂੰ ਵਰਜਦੇ ਹਨ। ਕਵੀ ਉੱਧਲੀ ਧੀ ਦੇ ਮਾਪਿਆਂ ਦੇ ਦੁਖਾਂਤ ਨੂੰ ਚਿਤਰ ਕੇ, ਉੱਧਲਣ ਸਮੇਂ ਸਾਹਿਬਾਂ ਦੇ ਮਨ ਦੀ ਦੁਬਿਧਾ—ਜੋ ਮਾਪਿਆਂ ਦੀ ਮਾਣ-ਮਰਿਯਾਦਾ ਨੂੰ ਬਚਾਉਣ ਜਾਂ ਆਪਣੇ ਇਸ਼ਕ ਨੂੰ ਬਚਾਉਣ ਨਾਲ ਸੰਬੰਧਿਤ ਸੀ, ਸਾਹਿਬਾਂ ਨੇ ਦੋਨਾਂ ਵਿੱਚੋਂ ਇਕ ਚੁਣਨਾ ਸੀ। ਇਹ ਚੋਣ ਹੀ ਦੁਬਿਧਾ ਦਾ ਆਧਾਰ ਸੀ—ਨੂੰ ਬੜੇ ਦਾਰਸ਼ਨਿਕ ਅਤੇ ਕਲਾਤਮਕ ਅੰਦਾਜ਼ ਵਿੱਚ ਪ੍ਰਸਤੁਤ ਕਰਦਾ ਹੈ :

ਇਹ ਦੁਬਿਧਾ/ਜੋ ਹੁੰਦੀ ਹੈ ਇਕ ਪਾਰੇ ਵਰਗੀ
ਜਾਂ ਹਿਲਦੇ/ਪਾਣੀ 'ਚੋਂ ਦਿਸਦੇ ਤਾਰੇ ਵਰਗੀ
ਕਿਸੇ ਪਿਆਸੇ/ਕੋਲ ਵਗੇ ਜਲ ਖਾਰੇ ਵਰਗੀ
ਲਾਜ ਭਰੀ/ਕਿਸੇ ਕਾਮਮਤੀ ਦੇ ਲਾਰੇ ਵਰਗੀ
ਦੁਬਿਧਾ ਹੈ/ਇਕ ਅੰਨ੍ਹੀ ਘੋੜੀ
ਪਤਾ ਨਹੀਂ ਕਿੱਧਰ ਲੈ ਜਾਵੇ
ਖੂਹ ਸੁੱਟੇ/ਜਾਂ ਖਾਤੇ ਪਾਵੇ
ਦੁਬਿਧਾ ਹੈ/ਇਕ ਸੱਪ ਦੋ ਮੂੰਹਾਂ
ਦੋਂਹ ਪਾਸੇ ਤੋਂ ਡੰਗ ਚਲਾਵੇ
ਦੁਬਿਧਾ ਦੀ ਜੂਨੀ ਜੋ ਆਵੇ
ਉਸਨੂੰ ਇਹ ਘੁਣ ਵਾਂਗੂੰ ਖਾਵੇ। (ਪੰਨਾ—39)

ਡਾ. ਸ਼ਾਂਤ 'ਬਿਆਨ ਹਲਫ਼ੀਆ' ਵਿੱਚ ਕਈ ਥਾਵਾਂ 'ਤੇ ਉਪਰੋਕਤ ਕਾਵਿ ਬੰਦ ਵਾਂਗ ਹੀ ਦਰਸ਼ਨ ਤੇ ਚਿੰਤਨ ਨੂੰ ਆਪਣੀ ਸੰਵੇਦਨਾ ਦੇ ਘੇਰੇ ਦੀ ਵਸਤੂ ਬਣਾ ਕੇ ਉਸਦੇ ਕਾਵਿਕ ਰੂਪਾਂਤਰਣ ਨੂੰ ਸਮੂਰਤਨ ਦੇ ਸੁਹਜ ਨਾਲ ਸ਼ਿੰਗਾਰ ਕੇ ਆਪਣੇ ਰਚਨਾਤਮਕ ਹੁਨਰ ਦਾ ਸਬੂਤ ਪੇਸ਼ ਕਰਦਾ ਹੈ। ਉਸ ਦੀ ਇਹ ਪਹੁੰਚ ਉਸਦੀ ਅਭਿਵਿਅੰਜਨ ਵਿਧੀ ਦੀ ਸੰਚਾਲਕ ਸ਼ਕਤੀ ਬਣਦੀ ਹੈ। ਉਸ ਦੀਆਂ ਮੌਲਿਕ

ਅੰਦਾਜ਼ ਵਾਲੀਆਂ ਤਸ਼ਬੀਹਾਂ ਉਸਦੀ ਸੁਹਜ ਦ੍ਰਿਸ਼ਟੀ ਦਾ ਹਾਸਿਲ ਬਣਦੀਆਂ ਹਨ। ਇਸ ਬੰਦ ਵਿੱਚ ਕਵੀ ਦੁਬਿਧਾ ਦੇ ਸਰੂਪ ਨੂੰ ਸਾਕਾਰ ਕਰਨ ਤੋਂ ਬਾਅਦ ਸਾਹਿਬਾਂ ਦੇ ਦੁਬਿਧਾ ਵਿੱਚੋਂ ਨਿਕਲ ਕੇ ਪਿਆਰ ਨੂੰ ਤਰਜੀਹ ਦੇ ਪਾਸਾਰ ਨੂੰ ਖੋਲ੍ਹਦਾ ਹੋਇਆ ਸੱਜਣ ਦੀ ਪ੍ਰੀਤ ਨੂੰ ਅੱਲਾ ਵਰਗੀ ਸੁੱਚੀ, ਮਜ਼ਬਾਂ ਤੋਂ ਨਿਆਰੀ ਤੇ ਭਗਤੀ ਤੋਂ ਉੱਚੀ ਦਰਸਾ ਕੇ ਉਧਾਲੇ ਦਾ ਤਰਕ ਸਿਰਜਦਾ ਹੈ। ਇਸ ਤੋਂ ਪਹਿਲਾਂ ਕਵੀ ਨੇ ਸਾਹਿਬਾਂ ਦੇ ਮਿਰਜ਼ੇ ਨਾਲ ਪਿਆਰ ਨੂੰ ਮਿਰਜ਼ੇ ਦੇ ਸਾਹਿਬਾਂ ਦੇ ਮਨ ਦਾ ਹਾਣੀ ਹੋਣ ਦੇ ਤਰਕ 'ਤੇ ਆਧਾਰਿਤ ਕਰਕੇ ਸਾਹਿਬਾਂ ਵੱਲੋਂ ਮਾਪਿਆਂ ਦੁਆਰਾ ਲੱਭੇ ਵਰ ਨੂੰ ਇਹ ਕਹਿ ਕੇ ਰੱਦ ਕਰਵਾਇਆ ਕਿ ਮਾਪਿਆਂ ਨੇ ਵਰ ਲੱਭਣ ਸਮੇਂ ਸਾਹਿਬਾਂ ਦਾ ਹਾਣ ਨਹੀਂ ਲੱਭਿਆ। ਪਰ ਕਵੀ ਨੂੰ ਇਸ ਤਰ੍ਹਾਂ ਦੇ ਬੇਲੋੜੇ ਤੇ ਕਮਜ਼ੋਰ ਤਰਕ ਨੂੰ ਸਿਰਜਣ ਦੀ ਜ਼ਰੂਰਤ ਨਹੀਂ ਸੀ, ਕਿਉਂਕਿ ਪਿਆਰ ਦਾ ਤਰਕ ਹੀ ਕਾਫ਼ੀ ਸੀ ਉਂਜ ਵੀ ਕਮਜ਼ੋਰ ਤੇ ਬੇਲੋੜੇ ਤਰਕ ਰਚਨਾ ਦੇ ਪ੍ਰਭਾਵ ਨੂੰ ਪੇਤਲਾ ਕਰਦੇ ਹਨ। ਏਥੇ ਸ਼ਾਇਦ ਕਵੀ ਦੇ ਅਵਚੇਤਨ ਵਿੱਚ ਸ਼ਿਵ ਦੀ ਲੂਣਾ ਦਾ ਅਸਰ ਹੋਵੇ ਪਰ ਹਾਣ ਦੀ ਤਲਾਸ਼ ਲੂਣਾ ਦੀ ਸਮੱਸਿਆ ਸੀ। ਸਾਹਿਬਾਂ ਦੀ ਨਹੀਂ।

ਕਾਵਿ ਬਿਰਤਾਂਤ ਦਾ ਅਗਲਾ ਪਾਸਾਰ ਸਾਹਿਬਾਂ ਦਾ ਰਸਤੇ ਵਿੱਚ ਰੁਕੇ ਮਿਰਜ਼ੇ ਨੂੰ ਜਲਦੀ ਦਾਨਾਬਾਦ ਜਾਣ ਲਈ ਮਨਾਉਣ ਦੀ ਕੋਸ਼ਿਸ਼ ਨਾਲ ਸੰਬੰਧਤ ਹੈ। ਇੱਥੇ ਲੇਖਕ ਆਪਣੇ ਅਵਚੇਤਨ ਵਿੱਚ ਪਏ ਲੋਕਾਂ ਦੇ ਸੰਗਠਨਾਤਮਕ ਸੰਘਰਸ਼ ਦੀ ਸ਼ਕਤੀ ਦਾ ਪ੍ਰਭਾਵ ਸਾਹਿਬਾਂ ਦੇ ਮਿਰਜ਼ੇ ਨੂੰ ਕਹੇ ਬੋਲਾਂ ਵਿੱਚ ਸਹਿਜੇ ਹੀ ਪ੍ਰਸਤੁਤ ਕਰ ਜਾਂਦਾ ਹੈ।

ਬੜਾ ਕਿਹਾ ਮੈਂ ਮਿਰਜ਼ਿਆ/ਤੂੰ ਤਾਂ ਕੱਲਾ ਏਂ
ਤੀਰਾਂ ਤੇ ਜੇ ਮਾਣ ਕਰੇਂ/ਤਾਂ ਝੱਲਾ ਏਂ
ਲੋਕਾਂ ਦਾ ਰੋਹ ਹੁੰਦੇ/ਸਾਗਰ ਛੱਲਾਂ ਨੇ
ਇਹਨਾਂ ਸਾਹਵੇਂ ਟਿਕਣਾ/ਝੂਠੀਆਂ ਗੱਲਾਂ ਨੇ
ਬਾਝ ਭਰਾਵਾਂ ਮਰਜੇਂਗਾ/ਤੂੰ ਕੱਲਾ ਏਂ। (ਪੰਨੇ—47-48)

ਇਸ ਤੋਂ ਅਗਲੇਰੇ ਪੜਾਅ 'ਤੇ ਕਵੀ ਨੇ ਔਰਤ ਮਰਦ ਦੇ ਸਾਥ ਵਿੱਚ ਮਰਦ ਹੱਥੋਂ ਸਦਾ ਸ਼ੋਸ਼ਤ ਤੇ ਜ਼ਲੀਲ ਹੋਈ ਔਰਤ ਦੇ ਦੁਖਾਂਤ ਨੂੰ ਚਿਤਰਦਿਆਂ ਇਸ ਕੌੜੇ ਸੱਚ ਨੂੰ ਬੜੇ ਕਲਾਤਮਕ ਢੰਗ ਨਾਲ ਰੂਪਾਂਤਰਤ ਕੀਤਾ ਹੈ ਕਿ ਔਰਤ ਵਾਸਤੇ ਸਮਾਜਿਕ ਮਰਿਯਾਦਾ ਸਿਰਜਣ ਅਤੇ ਉਸਦੇ ਕੰਮ ਦਾ ਮੁਲਾਂਕਣ ਕਰਨ ਦਾ ਅਧਿਕਾਰ ਮਰਦ ਨੇ ਆਪਣੇ ਹੱਥਾਂ ਵਿੱਚ ਰੱਖਿਆ ਹੈ ਜੋ ਨਾਰੀ ਦੁਖਾਂਤ ਦਾ ਕਾਰਨ ਬਣਦਾ ਹੈ। ਇਸ ਰੋਹਮਈ ਪ੍ਰਗਟਾਅ ਤੋਂ ਫੌਰਨ ਬਾਅਦ ਕਵੀ ਆਪਣੀ ਪ੍ਰਗਤੀਸ਼ੀਲ ਪਹੁੰਚ ਮੁਤਾਬਿਕ ਔਰਤ ਮਰਦ ਨੂੰ ਇੱਕ ਦੂਜੇ ਦੇ ਵਿਰੋਧੀ ਦੀ ਥਾਂ ਪੂਰਕ ਹੋਣ ਦੇ ਪੱਖ ਤੋਂ ਔਰਤ ਮਰਦ ਦੇ ਰਿਸ਼ਤੇ ਦੀ ਵਿਆਖਿਆ ਕਰਦਾ ਹੈ।

ਇਸ ਤੋਂ ਅਗਲੇ ਬੰਦਾਂ ਵਿੱਚ ਡਾ. ਸ਼ਾਂਤ ਰਾਮਾਇਣ ਦੇ ਪਾਤਰ ਲਛਮਣ ਦੀ ਪਤਨੀ ਦੇ ਸਿਦਕ ਨੂੰ ਮਹੱਤਵ ਨਾ ਦੇਣ ਅਤੇ ਸੀਤਾ ਦੀ ਅਗਨੀ ਪ੍ਰੀਖਿਆ ਅਤੇ ਦੇਸ਼ ਨਿਕਾਲੇ ਦੇ ਦੁਖਾਂਤ ਨੂੰ ਚਿਤਰਦਿਆਂ ਭਵਿੱਖ ਵਿੱਚ ਨਾਰੀ ਸ਼ਕਤੀ ਦੇ ਉਭਰਨ ਨਾਲ ਮਰਦ ਸਮਾਜ ਨੂੰ ਮਿਲਣ ਵਾਲੀਆਂ ਚੁਣੌਤੀਆਂ ਵੱਲ ਵੀ ਸੰਕੇਤ ਕਰਦਾ ਹੈ :

ਹਉਮੈ ਦੀ ਅੱਗ ਹੋਰ ਵੀ ਮੱਚੀ/ਜਿਉਂ ਜਿਉਂ ਨਾਰੀ ਨਿਕਲੀ ਸੱਚੀ
ਆਖ਼ਿਰ ਦੇਸ਼ ਨਿਕਾਲਾ ਹੋਇਆ ਜਿਉਂਦੇ ਜੀ ਸਭ ਕੁੱਝ ਸੀ ਮੋਇਆ
ਰਾਮ ਜਿਹੇ ਉਹਨਾਂ ਮਰਦਾਂ ਦਾ/ਈਕਣ ਸੀਨਾ ਠੰਡਾ ਹੋਇਆ
ਪਰ ਇਹ ਸੀਨਾ ਅੱਜ ਵੀ ਮੱਚੇ/ਇਹ ਅਗਨੀ ਅਜੇ ਹੋਰ ਮੱਚੇਗੀ
ਜਦ-ਜਦ ਨਾਰੀ/ਹੱਕ ਦੀ ਖ਼ਾਤਿਰ ਘੁੰਘਟ ਚੁੱਕ ਕੇ ਉੱਠ ਨੱਚੇਗੀ
ਇਹ ਅਗਨੀ ਲਟ ਲਟ ਮੱਚੇਗੀ/ਇਸ ਅਗਨੀ ਦਾ
ਹਰ ਰਿਸ਼ਤੇ ਨੂੰ ਸੇਕ ਲੱਗੇਗਾ/ਹਰ ਰਿਸ਼ਤਾ ਹੀ ਪੀੜ ਜਰੇਗਾ। (ਪੰਨੇ—57-58)

ਏਥੇ ਨਾਰੀ ਸੰਘਰਸ਼ ਦੇ ਜਿਨ੍ਹਾਂ ਇਨਕਲਾਬੀ ਰੁਝਾਨਾਂ ਵੱਲ ਕਵੀ ਸੰਕੇਤ ਕਰਦਾ ਹੈ ਉਸ ਕਿਸਮ ਦੀ ਵਿਚਾਰਧਾਰਕ ਚੇਤਨਾ ਏਨੇ ਪ੍ਰਚੰਡ ਰੂਪ ਵਿੱਚ ਅਜੇ ਨਹੀਂ ਉੱਭਰੀ। ਏਥੇ ਕਵੀ ਦੀ ਸਿਧਾਂਤਕ ਸੂਝ



ਅਨੁਭਵ ਦੇ ਧਰਾਤਲ 'ਤੇ ਟਿਕੀ ਨਾ ਹੋਣ ਕਾਰਨ ਕੇਵਲ ਰੁਮਾਂਟਿਕ ਜਿਹਾ ਬਿੰਬ ਹੀ ਉਸਰਦਾ ਹੈ। ਐਨਾਟਲੀ ਤਰਿਮੋਵ ਦੀ 'ਦੀ ਆਈਡੀਅਲ ਐਂਡ ਦੀ ਹੀਰੋ ਇਨ ਆਰਟ' ਵਿੱਚ ਕੀਤੀ ਟਿੱਪਣੀ ਇਸ ਵਿਸ਼ੇ 'ਤੇ ਰੌਸ਼ਨੀ ਪਾਉਂਦੀ ਹੈ ਕਿ, "ਆਦਰਸ਼ ਕੇਵਲ ਇੱਛਿਤ ਦਾ ਅਮੂਰਤ ਸੰਕਲਪ ਨਹੀਂ—ਇਸ ਦੀਆਂ ਜੜ੍ਹਾਂ ਜਗਤ ਦੀ ਵਾਸਤਵਿਕ ਸਥਿਤੀ ਵਿੱਚ ਹੁੰਦੀਆਂ ਹਨ। ਇਹ ਯਥਾਰਥ ਵਿਰੋਧੀ ਨਹੀਂ ਹੁੰਦਾ ਸਗੋਂ ਇਸ ਦੇ ਭਵਿੱਖਮੁਖੀ ਵਿਕਾਸ ਦੀ ਰੌਸ਼ਨੀ ਵਿੱਚ ਇਸਦੇ ਮੁੱਖ ਗੁਣਾਂ ਦਾ ਸੰਸ਼ਲੇਸ਼ਣ ਕਰਦਾ ਹੈ।" ਇਹ ਵੀ ਸੱਚ ਕਿ ਇਸ ਤਰ੍ਹਾਂ ਦੀ ਉਲਾਰਤਾ ਉਸਦੀ ਸਮੁੱਚੀ ਰਚਨਾ ਵਿੱਚ ਘੱਟ ਦ੍ਰਿਸ਼ਟੀਗੋਚਰ ਹੋਈ ਹੈ। ਉਹ ਨਾਅਰੇ ਨਾਲੋਂ ਤਰਕ ਦੇ ਜ਼ਿਆਦਾ ਨੇੜੇ ਹੈ। ਉਸਨੇ ਤਾਂ 'ਪੈਰ ਦੀ ਜੁੱਤੀ' ਬਣਾ ਕੇ ਰੱਖੀ ਨਾਰੀ ਦੇ ਸੰਘਰਸ਼ ਅਤੇ ਜਿੱਤ ਦੀ ਇੱਕ ਸ਼ੁੱਭ-ਚਿੰਤਕ ਵਜੋਂ ਕਾਮਨਾ ਕੀਤੀ ਹੈ ਜੋ ਔਰਤ ਦੇ ਵਿਦਰੋਹੀ ਜਜ਼ਬੇ ਤੇ ਸੰਘਰਸ਼ਸ਼ੀਲ ਸਿਦਕ ਦੀਆਂ ਉਸਾਰੂ ਸੰਭਾਵਨਾਵਾਂ ਵੱਲ ਸੰਕੇਤ ਕਰਦੀ ਹੋਈ ਕਵੀ ਦੀ ਸੁਹਜ ਦ੍ਰਿਸ਼ਟੀ ਦੀ ਸਮਰਿਧੀ (ਖ਼ੁਸ਼ਹਾਲੀ) ਦੀ ਪਛਾਣ ਬਣਦੀ ਹੈ।

ਕਵਿਤਾ ਦੇ ਅਗਲੇ ਬੰਦ ਵਿੱਚ ਸਮਾਜਿਕ ਮਨੁੱਖੀ ਰਿਸ਼ਤਿਆਂ ਦੇ ਸਰੂਪ, ਲੋੜ ਅਤੇ ਮਰਿਯਾਦਾ ਬਾਰੇ ਬੜੇ ਦਾਰਸ਼ਨਿਕ ਵਿਚਾਰ ਪ੍ਰਸਤੁਤ ਹਨ ਕਿ ਕਿਵੇਂ ਰਿਸ਼ਤੇ ਨਿਭਾਉਂਦਾ-ਨਿਭਾਉਂਦਾ ਵਿਅਕਤੀ ਖ਼ੁਦ ਨਿਭ ਜਾਂਦਾ ਹੈ। ਏਥੇ ਨਾਲ ਹੀ ਉਨ੍ਹਾਂ ਸਮਾਜਿਕ ਪ੍ਰਤਿਮਾਨਾਂ 'ਤੇ ਵਿਅੰਗ ਕੱਸਿਆ ਹੈ ਜੋ ਔਰਤ ਨੂੰ ਚੇਤਨਾਹੀਨ ਪ੍ਰਾਣੀ ਵਰਗੀ ਜ਼ਿੰਦਗੀ ਜਿਊਣ ਦਾ ਨਿਰਦੇਸ਼ ਦਿੰਦੇ ਹਨ। ਕਵਿਤਾ ਦੇ ਇਸ ਤੋਂ ਅਗਲੇ ਪੜਾਅ ਵਿੱਚ ਉਸ ਹਕੀਕਤ ਨੂੰ ਬਾਖੂਬੀ ਅਤੇ ਬੇਬਾਕੀ ਨਾਲ ਰੂਪਾਂਤਰਤ ਕੀਤਾ ਗਿਆ ਹੈ ਜਿਸ ਅਨੁਸਾਰ ਲੜਕੀ ਦੇ ਜਨਮ ਸਮੇਂ ਤੋਂ ਘਰ ਵਿੱਚ ਸੋਗ ਪਸਰ ਜਾਂਦਾ ਹੈ ਅਤੇ ਔਰਤ ਇਸ ਤ੍ਰਿਸਕਾਰ ਨੂੰ ਸਾਰੀ ਉਮਰ ਸਹਿੰਦੀ ਰਹਿੰਦੀ ਹੈ। ਕਦੀ ਉਸ ਨੂੰ ਬਾਪ ਦੀ ਇੱਜ਼ਤ ਦਾ ਖ਼ਿਆਲ ਰੱਖ ਕੇ ਚੱਲਣਾ ਪੈਂਦਾ ਹੈ, ਕਦੇ ਦਹੇਜ ਦੀ ਸਮੱਸਿਆ, ਕਦੇ ਖ਼ੂਬਸੂਰਤੀ ਦੀ ਘਾਟ ਅਤੇ ਕਦੇ ਪਤੀ ਦੀ ਹਉਮੈ ਦੀ ਬਿਜਲੀ ਉਸ ਉੱਪਰ, ਉਸ ਦੀਆਂ ਸੱਧਰਾਂ ਉੱਪਰ ਡਿੱਗਣ ਲਈ ਉਤਾਵਲੀ ਰਹਿੰਦੀ ਹੈ। ਏਥੇ ਲੇਖਕ ਨੇ ਔਰਤ ਦੇ ਦੁਖਾਂਤ ਨੂੰ ਚਿਤਰਦਿਆਂ ਇਸ ਹਕੀਕਤ ਨੂੰ ਪ੍ਰਤਿਬਿੰਬਤ ਕਰਕੇ ਆਪਣੀ ਪ੍ਰਗਤੀਸ਼ੀਲ ਦ੍ਰਿਸ਼ਟੀ ਦਾ ਮੁਜ਼ਾਹਰਾ ਕੀਤਾ ਹੈ ਕਿ ਔਰਤ ਦੇ ਦੁਖਾਂਤ ਨੂੰ ਗ਼ਰੀਬੀ ਦੀ ਮਾਰ ਹੋਰ ਵੀ ਅਸਹਿ ਬਣਾ ਦਿੰਦੀ ਹੈ :

ਜਿਸ ਵਿਹੜੇ ਵਿੱਚ/ਗੁਰਬਤ ਦਾ ਇਹ ਦੈਂਤ ਚਿੰਗਾੜੇ।
ਜਜ਼ਬਾਤਾਂ ਬੁੱਲ੍ਹ ਸਿਕਰੀ ਜੰਮੇ/ਆਸ ਉਮੰਗਾਂ ਤੇ ਸਧਰਾਂ ਦੇ/ਘੱਗਰ ਪਾੜੇ
ਤਕੜੇ ਬਣ ਜਾਂਦੇ ਨੇ ਮਾੜੇ।
ਬਾਲ ਅੰਞਾਣਿਆਂ ਦੇ ਹੱਥੋਂ/ਟੁੱਕਰ ਡਿੱਗ ਪੈਂਦੇ ਨੇ
ਪਰ ਗੁਰਬਤ ਦੀ/ਸਭ ਤੋਂ ਡਾਢੀ ਮਾਰ/ਸਦਾ ਨਾਰੀ ਸਹਿੰਦੀ
ਪਲ ਪਲ ਗਿਣ ਕੇ ਕੱਟੇ/ਕਣ-ਕਣ ਧੁਖਦੀ ਰਹਿੰਦੀ। (ਪੰਨਾ—66)

ਇਸ ਬੰਦ ਵਿੱਚ ਫਿਰ ਕਵੀ ਸਮੂਰਤੀਕਰਨ ਦੀ ਪ੍ਰਮੁੱਖ ਜੁਗਤ ਵਜੋਂ ਰੂਪਕ ਦੀ ਵਰਤੋਂ ਕਰਕੇ ਆਪਣੀ ਸੁਹਜ ਦ੍ਰਿਸ਼ਟੀ ਅਤੇ ਰਚਨਾਤਮਕ ਕੌਸ਼ਲਤਾ ਵੱਲ ਧਿਆਨ ਖਿੱਚਦਾ ਹੈ। ਗੁਰਬਤ ਨੂੰ 'ਦੇਹ ਦਾ ਕੱਜਣ ਖਾਣ ਵਾਲੀ ਲੇਹ', 'ਸੇਹ ਦਾ ਤਕਲਾ', 'ਵਿਗੜਿਆ ਖੰਘ-ਤਾਪ' ਵਰਗੇ ਰੂਪਕਾਂ ਨਾਲ ਚਿੰਨ੍ਹਤ ਕਰਨ ਨਾਲ ਗ਼ਰੀਬੀ ਦੇ ਮਾਰੂ ਪ੍ਰਭਾਵ ਨੂੰ ਉਸਾਰਨ ਵਿੱਚ ਕਵੀ ਆਪਣੇ ਰਚਨਾਤਮਕ ਹੁਨਰ ਦੀ ਭਰਪੂਰ ਵਰਤੋਂ ਕਰਦਾ ਹੈ। ਅਗਲੇ ਬੰਦ ਵਿੱਚ ਡਾ. ਸ਼ਾਂਤ ਕਵਿਤਾ ਨੂੰ ਨਵਾਂ ਮੋੜ ਦੇ ਕੇ ਪਹਿਲਾਂ ਮਰਦ ਦੀ ਦ੍ਰਿਸ਼ਟੀ ਤੋਂ ਔਰਤ ਦੇ ਨਿਖੇਧਾਤਮਕ ਸਰੂਪ ਬਾਰੇ ਟਿੱਪਣੀਆਂ ਅੰਕਿਤ ਕਰਕੇ, ਫਿਰ ਔਰਤ ਦੀ ਦ੍ਰਿਸ਼ਟੀ ਤੋਂ ਮਰਦ ਦੀਆਂ ਟਿੱਪਣੀਆਂ ਦੇ ਜੁਆਬ ਪ੍ਰਸਤੁਤ ਕਰਕੇ ਆਪਣੀ ਰਚਨਾ ਨੂੰ ਸੁਹਜ ਸ਼ਾਸਤਰ ਦੇ ਟਾਕਰੇ (Contrast) ਅਤੇ ਮਿਸ਼ਰਣ (Combination) ਦੇ ਨਿਯਮਾਂ ਮੁਤਾਬਿਕ ਸਿਰਜਣ ਦੀ ਕੋਸ਼ਿਸ਼ ਕਰਦਾ ਹੈ। ਇਸ ਪਰਚੇ ਵਿੱਚ ਸਮੁੱਚੀ ਕਵਿਤਾ ਦਾ ਪੜਾਅ ਵਾਰ ਅਧਿਐਨ ਕਰਦੇ ਸਮੇਂ ਅਸੀਂ ਦੇਖਦੇ ਹਾਂ ਕਿ ਇਸ ਵਿੱਚ ਸੁਹਜ ਸ਼ਾਸਤਰ ਦੇ ਬਹੁਤ ਸਾਰੇ ਮਹੱਤਵਪੂਰਣ ਨਿਯਮਾਂ ਦਾ ਅਨੁਸਰਨ ਹੋਇਆ ਹੈ। ਮਸਲਨ ਸਮੁੱਚੀ ਕਵਿਤਾ ਜੀਵੰਤ ਇਕਾਈ ਵਜੋਂ ਪ੍ਰਸਤੁਤ ਹੁੰਦੀ ਹੈ। ਇਸ ਵਿੱਚ ਰੂਪਾਂਤਰਤ ਹਰ ਪਾਸਾਰ ਇੱਕ ਦੂਜੇ 'ਤੇ ਨਿਰਭਰ ਵੀ ਕਰਦਾ ਹੈ ਅਤੇ ਪੂਰਕ ਵੀ ਬਣਦਾ ਹੈ। ਇਹ ਸਾਰੇ ਪਾਸਾਰ

ਤਰਤੀਬਵਾਰ ਵਿਉਂਤੇ ਗਏ ਹਨ। ਪ੍ਰਤਿਬਿੰਬਿਤ ਵਸਤੂ ਦੇ ਸੰਰਚਨਾਤਮਕ ਸੁਹਜ ਨੂੰ ਵੀ ਪੈਦਾ ਕਰਦੇ ਹਨ ਅਤੇ ਕਾਵਿ ਬਿਰਤਾਂਤ ਨੂੰ ਅੱਗੇ ਵੀ ਤੋਰਦੇ ਹਨ। ਇੱਕ ਇਕਾਈ ਵਿੱਚ ਬੱਝੇ ਹੋਣ ਦੇ ਨਾਲ-ਨਾਲ ਹਰ ਪਾਸਾਰ ਦੀ ਵੱਖਰੀ ਹੋਂਦ ਵੀ ਹੈ, ਏਥੇ ਏਕਤਾ ਵਿੱਚ ਵਿਵਧਤਾ ਅਤੇ ਵਿਵਧਤਾ ਵਿੱਚ ਏਕਤਾ ਵਾਲੇ ਸਿਧਾਂਤ ਦਾ ਪ੍ਰਭਾਵ ਸਪੱਸ਼ਟ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਸਮੁੱਚੀ ਕਵਿਤਾ ਦੀ ਸੰਰਚਨਾ ਵਿੱਚ ਇਕਸਾਰਤਾ ਦੇ ਅਕੇਵੇਂ ਦੇ ਦੋਸ਼ ਤੋਂ ਰਚਨਾ ਨੂੰ ਬਚਾਉਣ ਹਿੱਤ ਅਤੇ ਇਸ ਵਿੱਚ ਰੌਚਕਤਾ ਅਤੇ ਸੁਹਜ ਪੈਦਾ ਕਰਨ ਹਿੱਤ ਥੀਮਕ ਵਿਭਿੰਨਤਾ (Thematic variation) ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਕਵਿਤਾ ਦਾ ਥੀਮ ਨਾਰੀ ਦੀ ਤ੍ਰਿਸਕਾਰਮਈ ਦਸ਼ਾ ਅਤੇ ਇਸਦੇ ਕਾਰਨਾਂ ਨੂੰ ਰੂਪਾਂਤਰਤ ਕਰਨਾ ਹੈ। ਇਹ ਥੀਮ ਕਵਿਤਾ ਵਿੱਚ ਵਾਰ-ਵਾਰ ਦੁਹਰਾਇਆ ਗਿਆ ਹੈ। ਇਸ ਦੁਹਰਾਓ ਕਾਰਨ ਕਵਿਤਾ ਨੀਰਸ ਤੇ ਸੁਹਜ ਰਹਿਤ ਨਾ ਰਹਿ ਜਾਵੇ ਇਸ ਲਈ ਲੇਖਕ ਹਰ ਬੰਦ ਤੋਂ ਅਗਲੇ ਬੰਦ ਵਿੱਚ ਕਿਤੇ ਥੀਮ ਦੇ ਸਮਰਥਣ ਦੀ ਸੂਹ ਅਖ਼ਤਿਆਰ ਕਰਦਾ ਹੈ ਅਤੇ ਕਿਤੇ ਟੱਕਰ ਸਿਰਜ ਕੇ ਮੁੱਖ ਵਿਸ਼ੇ ਦੇ ਅਗਲੇ ਪਾਸਾਰਾਂ ਵੱਲ ਗੱਲ ਨੂੰ ਵਧਾਉਂਦਾ ਹੈ। ਇੱਥੇ ਲੇਖਕ ਦੁਆਰਾ ਇਸ ਜੁਗਤ ਦੀ ਸਫ਼ਲ ਵਰਤੋਂ ਇਸ ਗੱਲ ਨੂੰ ਪ੍ਰਮਾਣਿਤ ਕਰਦੀ ਹੈ ਕਿ ਲੇਖਕ ਦਰਸ਼ਨ ਸ਼ਾਸਤਰ ਦੇ ਨਾਲ-ਨਾਲ ਸੁਹਜ ਸ਼ਾਸਤਰ ਵਿੱਚ ਵੀ ਦਿਲਚਸਪੀ ਰੱਖਦਾ ਹੈ। ਉਹ ਜਿੱਥੇ ਕਾਵਿਕ ਤਰਕ ਉਸਾਰਨ ਲਈ ਦਰਸ਼ਨ ਸ਼ਾਸਤਰ ਤੋਂ ਪ੍ਰਾਪਤ ਅੰਤਰ ਦ੍ਰਿਸ਼ਟੀਆਂ ਦੀ ਸਹਾਇਤਾ ਲੈਂਦਾ ਹੈ, ਉੱਥੇ ਰੂਪਾਂਤਰਣ ਨੂੰ ਸੁਹਜਮਈ ਬਨਾਉਣ ਲਈ ਸੁਹਜ ਸ਼ਾਸਤਰ ਦਾ ਪ੍ਰਭਾਵ ਵੀ ਕਬੂਲਦਾ ਹੈ। ਜਿਸ ਲਿਹਾਜ਼ ਨਾਲ ਇਸ ਕਵਿਤਾ ਵਿੱਚ ਅਨੁਭਵ ਦੇ ਸੁਭਾਅ ਮੁਤਾਬਿਕ ਕਰੁਣਾਰਸੀ ਰੌਦਰ ਰਸੀ, ਸ਼ਿੰਗਾਰ ਰਸੀ ਜਾਂ ਵੀਰ ਰਸੀ ਭਾਵਾਂ ਦੀ ਅਭਿਵਿਅਕਤੀ ਹੋਈ ਹੈ ਉਸ ਤੋਂ ਲੇਖਕ ਦੇ ਕਾਵਿ ਸ਼ਾਸਤਰ ਪ੍ਰਤੀ ਲਗਾਓ ਦੀ ਵੀ ਟੋਹ ਲੱਗਦੀ ਹੈ। ਇਸ ਕਵਿਤਾ ਦੇ ਅਖ਼ੀਰ ਵਿੱਚ ਕਵੀ ਨੇ ਥੀਮਕ ਵਿਭਿੰਨਤਾ ਵਾਲੀ ਸੁਹਜ ਵਿਧੀ ਮੁਤਾਬਿਕ ਔਰਤ ਦੇ ਸੰਤਾਪ ਦੇ ਨਾਲ-ਨਾਲ ਇਸ਼ਕ ਦੇ ਸਰੂਪ ਬਾਰੇ, ਮਿਰਜ਼ੇ ਦੀ ਮੌਤ ਦੀ ਘਟਨਾ ਬਾਰੇ, ਜੰਡ ਅਤੇ ਤਰਕਸ਼ ਦੇ ਮੋਟਿਫ ਬਾਰੇ ਬੜੀਆਂ ਦਾਰਸ਼ਨਿਕ ਕਾਵਿ-ਟਿੱਪਣੀਆਂ ਕੀਤੀਆਂ ਹਨ :

ਆਪਣੀ ਹਉਂ ਵਿੱਚ ਮਰ ਗਿਆ/ਨਦੀ-ਇਸ਼ਕੇ ਤਰਦਾ।
ਕੱਲਾ ਜੋ ਵੀ ਸਮਝਦਾ/ਧਾੜਾਂ ਤੋਂ ਤਕੜਾ
ਸ਼ਕਤੀ ਨੂੰ ਨਾ ਹਾੜਦਾ/ਖੁਸ਼ ਫ਼ਹਿਮੀ ਕਰਦਾ।
ਬਾਝ ਭਰਾਵਾਂ ਜੋ ਵੀ/ਤੁਰਦਾ ਹੈ ਏਥੇ
ਮੌਤ ਸਦਾ ਅਣਆਈ ਹੀ/ਮਿਰਜ਼ੇ ਜਿਉਂ ਮਰਦਾ।
ਮਿਰੀਆਂ ਅੱਖਾਂ ਸਾਹਮਣੇ/ਇਹ ਸਭ ਕੁਝ ਹੋਇਆ
ਤੀਰਾਂ ਦੇ ਹੰਕਾਰ ਦਾ/ਇਕ ਫਲਸਫਾ ਮੋਇਆ। (ਪੰਨਾ—87)

ਉਪਰੋਕਤ ਵਿਚਾਰ ਚਰਚਾ ਤੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਡਾ. ਸੁਰਿੰਦਰ ਸਿੰਘ ਸ਼ਾਂਤ ਜਟਿਲ ਯਥਾਰਥ ਦੇ ਵਿਭਿੰਨ ਪਾਸਾਰਾਂ ਤੇ ਵਿਭਿੰਨ ਪਰਤਾਂ ਨੂੰ ਆਪਣੀ ਸੰਵੇਦਨਾ ਦੇ ਘੇਰੇ ਦੀ ਵਸਤੂ ਬਣਾ ਕੇ ਦੂਸਰੇ ਗਿਆਨ ਖੇਤਰਾਂ ਤੋਂ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਦੀ ਸਹਾਇਤਾ ਨਾਲ ਉਸ ਵਸਤੂ ਨੂੰ ਵਿਸ਼ਲੇਸ਼ਿਤ ਅਤੇ ਰੂਪਾਂਤ੍ਰਤ ਕਰਕੇ ਸੁਹਜ ਸਿਰਜਣ ਦੀ ਰਚਨਾਤਮਕ ਯੋਗਤਾ ਰੱਖਦਾ ਹੈ। ਭਾਵੇਂ 'ਬਿਆਨ ਹਲਫ਼ੀਆ' ਦੀ ਪੇਸ਼ਕਾਰੀ ਸਮੇਂ ਸਾਹਿਬਾਂ ਜਾਂ ਨਾਰੀ ਜਾਤੀ ਦੇ ਮਾਨਸਿਕ ਸੰਤਾਪ ਜਾਂ ਰੋਹ ਨੂੰ ਪ੍ਰਗਟਾਉਂਦਿਆਂ ਕਵੀ ਇਕ ਦੋ ਥਾਵਾਂ 'ਤੇ ਕਾਵਿਕ ਤਰਕ ਨੂੰ ਛੱਡ ਕੇ ਨਿਰੋਲ ਬਿਆਨ, ਮਿਹਣੇ ਜਾਂ ਉਪ-ਭਾਵੁਕ ਉਲਾਰਤਾ ਵੱਸ ਗਾਲ੍ਹਾਂ ਵਰਗੇ ਨਿਮਨ ਭਾਵੀ ਸ਼ਬਦ ਵੀ ਵਿਅਕਤ ਕਰ ਜਾਂਦਾ ਹੈ ਇਸ ਦੇ ਬਾਵਜੂਦ ਉਹ ਨਾਰੀ ਦੁਖਾਂਤ ਨੂੰ ਆਪਣੀ ਪ੍ਰਗਤੀਸ਼ੀਲ ਰਚਨਾ-ਦ੍ਰਿਸ਼ਟੀ ਤੋਂ ਵਿਸ਼ਲੇਸ਼ਿਤ ਤੇ ਰੂਪਾਂਤਰਿਤ ਕਰਦਿਆਂ ਕਾਵਿ ਸੁਹਜ ਸਿਰਜਣ ਵਿੱਚ ਕਾਫ਼ੀ ਹੱਦ ਤੱਕ ਸਫ਼ਲ ਰਿਹਾ ਹੈ। (ਲਾਇਲਪੁਰ ਖ਼ਾਲਸਾ ਕਾਲਜ ਜਲੰਧਰ)



<u>ਯਾਤਰਾ - ਨਿਬੰਧ:</u>

# ਪਿਆਰ ਅਤੇ ਸਿਆਸਤ

**ਬਲਦੇਵ ਸਿੰਘ ਧਾਲੀਵਾਲ**

ਕੀ ਇਹ ਦੇਸ਼ ਪਿਆਰ ਸੀ? ਜਾਂ ਸਰਕਾਰ ਦੇ ਬਹਿਕਾਵੇ ਵਿੱਚ ਆਏ ਲੋਕਾਂ ਦਾ ਜਨੂੰਨ? ਮੈਂ ਨੌਟਿੰਘਮ (ਮਿਡਲੈਂਡ) ਵਿਚ ਸੰਤੋਖ ਧਾਲੀਵਾਲ ਹੋਮ ਦੇ ਡਰਾਇੰਗ ਰੂਮ ਵਿਚ ਟੀ.ਵੀ. ਉੱਤੇ ਇੰਗਲੈਂਡ ਦੀ ਮਹਾਰਾਣੀ ਐਲਿਜ਼ਬੈੱਥ ਦੀ ਗੋਲਡਨ ਜੁਬਲੀ ਦਾ ਸਿੱਧਾ ਪ੍ਰਸਾਰਨ ਵੇਖਦਿਆਂ ਸੋਚ ਰਿਹਾ ਸਾਂ। ਕੋਈ ਦੋ-ਟੂਕ ਜਵਾਬ ਮੈਨੂੰ ਸੁੱਝ ਨਹੀਂ ਸੀ ਰਿਹਾ।

ਅੱਜ ਤੋਂ ਪੰਜਾਹ ਸਾਲ ਪਹਿਲਾਂ 1952 ਵਿਚ ਆਪਣੇ ਲਟ-ਲਟ ਬਲਦੇ ਹੁਸਨ ਨਾਲ ਮਹਾਰਾਣੀ ਇੰਗਲੈਂਡ ਦੇ ਤਖ਼ਤੇ ਉੱਤੇ ਬੈਠੀ ਸੀ ਤੇ ਹੁਣ ਰਾਜ ਕਰਦਿਆਂ ਬਜ਼ੁਰਗ ਹੋ ਗਈ ਸੀ। ਉਸ ਲਈ ਤਾਂ ਇਸ ਤੋਂ ਵੱਧ ਖੁਸ਼ੀ ਦੀ ਗੱਲ ਹੋਰ ਕੀ ਹੋ ਸਕਦੀ ਸੀ? ਤਖ਼ਤ ਵੀ ਉਸ ਦੇਸ਼ ਦਾ ਜਿਸਦੇ ਚੱਕਰਵਰਤੀ ਰਾਜ ਦੀਆਂ ਸੰਸਾਰ ਵਿੱਚ ਧੁਮਾਂ ਰਹੀਆਂ ਹਨ। ਜਿੰਨਾਂ ਦੇ ਰਾਜ ਵਿਚ ਕਹਿੰਦੇ ਕਦੇ ਸੂਰਜ ਨਹੀਂ ਸੀ ਛਿਪਦਾ। ਪਰ ਆਮ ਲੋਕ ਕਿਸ ਗੱਲੋਂ ਏਨੇ ਖ਼ੁਸ਼ ਸਨ?

ਮਹਾਰਾਣੀ ਆਪਣੇ ਪਰਿਵਾਰ ਦੇ ਮੈਂਬਰਾਂ ਨਾਲ ਸ਼ਾਹੀ ਘੋੜਾ-ਬੱਘੀ ਵਿਚ ਸਵਾਰ ਸੀ। ਕੈਮਰਾ ਕਦੇ ਮਹਾਰਾਣੀ ਦੇ ਗੋਰੇ ਮੁੱਖ ਉੱਤੇ ਖਿੜ-ਖਿੜ ਪੈਂਦੀ ਗੁਲਾਬੀ ਲਿਪਸਟਿਕ ਵਾਲੇ ਹੋਠਾਂ ਦਾ ਕਲੋਜ਼-ਅੱਪ ਪੇਸ਼ ਕਰਦਾ ਅਤੇ ਕਦੇ ਲੋਕਾਂ ਨੂੰ ਅਸ਼ੀਰਵਾਦ ਦਿੰਦੇ ਪੈਗੰਬਰੀ ਲਹਿਜੇ ਵਾਲੇ ਹੱਥ ਉੱਪਰ ਕੇਂਦਰਿਤ ਹੁੰਦਾ। ਫਿਰ ਅਗਲੇ ਪਲ ਟੀ.ਵੀ. ਦੀ ਸਕਰੀਨ ਉੱਤੇ ਜਨੂੰਨ ਭਰੇ ਲੋਕਾਂ ਦੇ ਹੜ੍ਹ ਨੂੰ ਵਿਖਾਇਆ ਜਾਂਦਾ, ਜਿਹੜੇ ਮਹਾਰਾਣੀ ਨੂੰ ਆਪਣਾ ਪਿਆਰ-ਸਤਿਕਾਰ ਦੇਣ ਲਈ ਸੜਕ ਦੁਆਲੇ ਆ ਜੁੜੇ ਸਨ। ਲੋਕਾਂ ਦੀਆਂ ਅੱਖਾਂ ਜੋਸ਼ ਨਾਲ ਮਘਦੀਆਂ ਅਤੇ ਮੂੰਹ 'ਚੋਂ ਨਿਕਲਦੀਆਂ ਧੁਨਾਂ ਵਿਚੋਂ ਤਰਾਨਾ ਜਨਮ ਲੈ ਲੈਂਦਾ, "ਲਾਂਗ ਲਿਵ ਆਵਰ................"

ਸਾਰਾ ਦੇਸ਼ ਹੀ ਆਪਣੇ-ਆਪਣੇ ਢੰਗ ਨਾਲ ਜੁਬਲੀ ਦੇ ਜਸ਼ਨ ਵਿੱਚ ਸ਼ਾਮਿਲ ਸੀ। ਦੇਸ਼ ਦੇ ਨਾਮੀ ਕਲਾਕਾਰ ਸੜਕ ਦੇ ਪਾਸੀਂ ਆਪਣੀ ਕਲਾ ਰਾਹੀਂ ਆਪਣੇ ਦੇਸ਼-ਪਿਆਰ ਦਾ ਪ੍ਰਗਟਾਵਾ ਕਰ ਰਹੇ ਸਨ। ਇਨ੍ਹਾਂ ਵਿਚ ਹਰੇਕ ਧਰਮ ਅਤੇ ਨਸਲ ਦੇ ਕਲਾਕਾਰ ਸ਼ਾਮਿਲ ਕੀਤੇ ਗਏ ਸਨ। ਕਿਤੇ-ਕਿਤੇ ਭੰਗੜਾ ਪਾਉਂਦੇ ਪੰਜਾਬੀ ਗੱਭਰੂਆਂ ਅਤੇ ਗਿੱਧਾ ਪਾਉਂਦੀਆਂ ਮੁਟਿਆਰਾਂ ਦੀ ਝਲਕ ਵੀ ਦਿਸ ਜਾਂਦੀ। ਮਹਾਰਾਣੀ ਦੇ ਪਿਆਰ ਵਿਚ ਗੜੁੱਚ ਸਮੂਹ ਲੋਕਾਂ ਦੇ ਚਿਹਰੇ ਦਾ ਇਕ-ਇਕ ਭਾਵ ਫੜਨ ਲਈ ਇਲੈਕਟ੍ਰਾਨਿਕ ਮੀਡੀਆ ਪੱਬਾ-ਭਾਰ ਹੋਇਆ ਪਿਆ ਸੀ।

ਜਦੋਂ ਕੈਮਰਾ ਗ਼ੈਰ ਅੰਗਰੇਜ਼ੀ ਕੌਮਾਂ ਦੇ ਲੋਕਾਂ ਦੇ ਹਾਵ-ਭਾਵ ਵਿਖਾਉਂਦਾ ਤਾਂ ਮੈਂ ਪੂਰੇ ਗਹੁ ਨਾਲ ਉਨ੍ਹਾਂ ਦੇ ਮੱਥੇ ਦੀ ਸ਼ਿਕਨ ਲੱਭਣ ਦਾ ਯਤਨ ਕਰਦਾ ਪਰ ਅਸਫਲ ਹੁੰਦਾ। ਇਨ੍ਹਾਂ ਲੋਕਾਂ ਦੀਆਂ ਅੱਖਾਂ ਵਿੱਚੋਂ ਵੀ ਮਹਾਰਾਣੀ ਪ੍ਰਤੀ ਮਮਤਾ ਦੀ ਤਰਲਮਈ ਭਾਵਨਾ ਡੁੱਲ੍ਹਦੀ ਨਜ਼ਰ ਆਉਂਦੀ। ਇਹ ਲੋਕ ਸੱਚਮੁਚ ਹੀ ਮਹਾਰਾਣੀ ਨੂੰ ਪਿਆਰ ਕਰਦੇ ਸਨ, ਮੈਂ ਹੀ ਐਵੇਂ ਖਰੋਚ-ਖਰੋਚ ਕੇ ਇਸ ਪਿਆਰ ਦੇ ਥੱਲੇ ਪਈ ਸਿਆਸਤ ਲੱਭਣ ਦਾ ਵਿਅਰਥ ਯਤਨ ਕਰ ਰਿਹਾ ਸਾਂ।

ਮੈਂ ਆਪਣੀ ਥਾਂ ਸੱਚਾ ਸਾਂ। ਮੇਰੇ ਮਨ ਵਿਚ ਕਦੇ ਵੀ ਪੰਜਾਬ ਦੇ ਮੁੱਖ ਮੰਤਰੀ, ਭਾਰਤ ਦੇ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਲਈ ਅਜਿਹੀ ਤਰਲ ਭਾਵਨਾ ਪੈਦਾ ਨਹੀਂ ਹੋ ਸਕੀ। ਪੰਦਰਾਂ ਅਗਸਤ ਨੂੰ ਲਾਲ ਕਿਲੇ ਤੋਂ ਤਿਰੰਗਾ ਲਹਿਰਾਏ ਜਾਣ ਜਾਂ ਛੱਬੀ ਜਨਵਰੀ ਦੀ ਗਣਤੰਤਰ ਦਿਵਸ ਵਾਲੀ ਪਰੇਡ ਨੇ ਵੀ ਕਦੇ ਮੈਨੂੰ ਧੁਰ ਅੰਦਰ ਤੱਕ ਨਹੀਂ ਟੁੰਬਿਆ। ਮੈਨੂੰ ਇਹ ਨਿਰੀ ਸਿਆਸਤ ਦੀ ਅਦਾਕਾਰੀ ਹੀ ਜਾਪਦੀ ਹੈ। ਕੀ ਮੇਰੀ ਅਕ੍ਰਿਤਘਣ ਵਾਲੀ ਚੋਣ ਨਿਸ਼ਾਨ ਵਾਲਾ ਕੰਡਾ ਮੈਂ ਬਨੇਰੇ ਉੱਤੇ ਗੱਡ ਦਿੰਦਾ। ਕਾਂਗਰਸ ਦੀ ਕਾਨਫਰੰਸ 'ਚ ਭੀੜ ਵਧਾਉਣ ਵਾਸਤੇ ਸਾਡੇ ਇਲਾਕੇ ਦੇ ਇਕ ਨੇਤਾ ਦੀ ਡਿਊਟੀ ਵੀ ਲੱਗ ਗਈ। ਉਸ ਨੇ ਭਾੜੇ ਉੱਤੇ ਟਰੱਕ ਕੀਤਾ ਅਤੇ ਸਾਨੂੰ ਲਾਲਚ ਦਿੱਤਾ ਕਿ ਸਮਾਗਮ ਪਿੱਛੋਂ ਸਾਨੂੰ ਪਿੰਜੌਰ ਗਾਰਡਨ ਅਤੇ ਸੁਖਨਾ ਲੇਕ ਵੀ ਵਿਖਾ ਕੇ ਲਿਆਂਦੇ ਜਾਣਗੇ। ਮੇਰੇ ਵਰਗਿਆਂ ਨੂੰ ਪੰਥ ਵਿਸਰ ਗਿਆ ਅਤੇ ਟਰੱਕ ਨੱਕੋ-ਨੱਕ ਭਰ ਗਿਆ।

ਮੈਂ ਮਹਾਰਾਣੀ ਦੀ ਜੁਬਲੀ 'ਚ ਆਏ ਲੋਕਾਂ ਉੱਤੇ ਸ਼ੱਕ ਕਰ ਰਿਹਾ ਸਾਂ। ਫਿਰ ਆਪ ਹੀ ਤਰਕ ਨਾਲ ਆਪਣੇ ਸ਼ੱਕ ਨੂੰ ਪਰ੍ਹੇ ਵਗਾਹ ਮਾਰਨ ਦਾ ਯਤਨ ਕੀਤਾ। ਮਹਾਰਾਣੀ ਇੰਗਲੈਂਡ ਦੀ ਸੱਤਾ ਦਾ ਚਿੰਨ੍ਹ ਹੀ ਤਾਂ ਹੈ। ਇੰਗਲੈਂਡ ਨੇ ਆਪਣੇ ਲੋਕਾਂ ਨੂੰ ਕੀ ਕੀ ਨਹੀਂ ਦਿੱਤਾ? ਅੱਧੀ ਦੁਨੀਆਂ ਲੁੱਟ ਕੇ ਆਪਣੇ ਲੋਕਾਂ ਦੀਆਂ ਖੁਸ਼ੀਆ ਲਈ ਧਨ ਲੁਟਾਇਆ ਹੈ। ਨੌਕਰੀ ਵੇਲੇ ਨੌਕਰੀ, ਬਿਮਾਰੀ-ਸ਼ਮਾਰੀ

ਵੇਲੇ ਮੁਫ਼ਤ ਇਲਾਜ, ਬਢਾਪੇ 'ਚ ਪੈਂਨਸ਼ਨ ਨੇ ਸਾਂਭ-ਸੰਭਾਲ। ਹੋਰ ਕੀ ਚਾਹੀਦਾ ਹੈ ਨਾਗਰਿਕ ਨੂੰ?
ਵੈਲ-ਫੇਅਰ ਸਟੇਟ ਨੇ ਕਸਰ ਹੀ ਕੀ ਛੱਡੀ ਹੈ? ਫਿਰ ਲੋਕ ਜੇ ਇਸ ਸਭ ਕੁਝ ਦਾ ਰਿਣ ਮੁਹੱਬਤ ਦੇ ਕੇ
ਚੁਕਾ ਰਹੇ ਹਨ ਤਾਂ ਇਸ ਵਿਚ ਗ਼ਲਤ ਕੀ ਹੈ?

ਤਰਕ ਨਾਲ ਵੀ ਮੇਰੇ ਪ੍ਰਸ਼ਨ ਸੁਲਘਣੋਂ ਨਾ ਹਟੇ। ਅੰਗਰੇਜ਼ ਵਪਾਰੀ ਅਤੇ ਸਿਆਸਤਦਾਨ
ਏਨਾ ਸਿੱਧ-ਪੱਧਰਾ ਕਿੱਥੇ ਹੋ ਸਕਦਾ ਹੈ। ਪੁਨਰ-ਜਾਗਰਨ ਕਰਨ ਦਾ ਬੀੜਾ ਚਕਿਆ ਸੀ। ਅਜਿਹਾ
ਕੀਤਾ ਵੀ ਪਰ ਬੁਰਜੁਆਜ਼ੀ ਨੇ ਆਪਣੀ ਸੱਤਾ ਨੂੰ ਮਜ਼ਬੂਤ ਕਰਨ ਵਾਸਤੇ ਰਾਜਾਸ਼ਾਹੀ ਦੇ ਮੁਰਦਾ
ਚਿੰਨ੍ਹਾਂ ਨੂੰ ਵੀ ਜੁਗਤ ਬਣਾ ਕੇ ਵਰਤ ਲਿਆ। ਭਾਵੇਂ ਇਸ ਨੂੰ ਵਿਰਸੇ ਦੀ ਪੁਨਰ-ਪਛਾਣ ਵਰਗੇ
ਵਿਸ਼ੇਸ਼ਣਾਂ ਨਾਲ ਗਲੇਫ਼ਿਆ ਹੋਇਆ ਹੈ ਪਰ ਫੇਰ ਵੀ ਇਸ ਪ੍ਰਪੰਚ ਵਿਚੋਂ ਸਿਆਸਤ ਦੀ ਬੋ ਆ ਹੀ
ਜਾਂਦੀ ਹੈ। ਮਹਾਰਾਣੀ ਕੋਲ ਹੁਣ ਸੰਵਿਧਾਨਕ ਤਾਕਤ ਤਾਂ ਬੇਮਾਲੂਮੀ ਹੀ ਹੈ ਪਰ ਉਸਦਾ ਪ੍ਰਭਾਵ ਬਹੁਤ
ਵਿਆਪਕ ਹੈ। ਮਹਾਰਾਣੀ ਦੀ ਔਰਨਾ ਮੈਂਟਲ ਵੈਲਯੂ (ਦਿਖਾਵੇ ਦੀ ਮਹੱਤਤਾ) ਹੈ। ਇੰਗਲੈਂਡ ਵਿਚ
ਭਾਵੇਂ ਕਿਸੇ ਵੀ ਪਾਰਟੀ ਦੀ ਸਰਕਾਰ ਹੋਵੇ ਉਹ ਇਸ ਗਹਿਣੇ ਨੂੰ ਲਿਸ਼ਕਾ ਕੇ ਹੀ ਰੱਖੇਗੀ ਤਾਂ ਕਿ ਆਮ
ਲੋਕਾਂ ਦੀਆਂ ਅੱਖਾਂ ਚੁੰਧਿਆਈਆਂ ਰਹਿਣ। ਅੰਤ ਨੂੰ ਤਾਂ ਮਹਾਰਾਣੀ-ਪਿਆਰ, ਰਾਸ਼ਟਰ-ਪਿਆਰ
ਅਤੇ ਸਰਕਾਰ-ਪਿਆਰ ਦੀਆਂ ਨਦੀਆਂ ਦਾ ਸੰਗਮ ਹੋਣਾ ਹੀ ਹੁੰਦਾ ਹੈ।

ਖੈਰ ਇਕ ਗੱਲ ਤਾਂ ਹੈ ਕਿ ਇੰਗਲੈਂਡ ਦੇ ਸੱਤਾਵਾਨ ਵਰਗ ਦੀ ਜੁਗਤ ਏਨੀ ਖ਼ੂਬਸੂਰਤ ਹੈ
ਕਿ ਇਸ ਤੋਂ ਵਾਰੇ ਜਾਣ ਨੂੰ ਮਨ ਕਰਦਾ ਹੈ। ਲੋਕ ਵਾਰੇ ਜਾ ਹੀ ਰਹੇ ਸਨ। ਸਾਡੇ ਮੁਲਕ ਵਿੱਚ ਸੱਤਾ
ਹਥਿਆਉਣ ਦੀ ਜੁਗਤ ਏਨੀ ਨੰਗੀ-ਚਿੱਟੀ ਅਤੇ ਕਰੂਰ ਹੈ ਕਿ ਬੰਦੇ ਨੂੰ ਆਪਣਾ ਦੇਸ਼-ਪਿਆਰ
ਪ੍ਰਗਟਾਉਣ ਵੇਲੇ ਸੰਕਟ ਦਾ ਸਾਹਮਣਾ ਕਰਨਾ ਪੈਂਦਾ ਹੈ। ਸੱਤਾਵਾਨਾਂ ਨੇ ਦੇਸ਼-ਪਿਆਰ ਨੂੰ ਆਪਣੀ-
ਆਪਣੀ ਪਾਰਟੀ ਦੇ ਪਿਆਰ ਤੱਕ ਸੀਮਿਤ ਕਰ ਦਿੱਤਾ ਹੈ। ਹੁਣ ਕਾਂਗਰਸ-ਪਿਆਰ, ਭਾਜਪਾ-
ਪਿਆਰ, ਅਕਾਲੀ-ਪਿਆਰ, ਕਾਮਰੇਡੀ-ਪਿਆਰ ਆਦਿ ਤਾਂ ਹੋ ਸਕਦਾ ਹੈ ਪਰ ਦੇਸ਼-ਪਿਆਰ ਤੱਕ
ਕਿਵੇਂ ਪਹੁੰਚੀਏ, ਇਹ ਸੱਚਮੁਚ ਸੋਚਣ ਵਾਲੀ ਗੱਲ ਹੈ।

ਮਹਾਰਾਣੀ ਦੀ ਜੁਬਲੀ ਦੇ ਜਸ਼ਨਾਂ ਦਾ ਸੁਆਦ ਮੈਂ ਕੀ ਮਾਨਣਾ ਸੀ, ਮੇਰੇ ਮਨ-ਮਸਤਕ
ਵਿਚ ਤਾਂ ਸਾਡੀ ਸਿਆਸਤ ਨੇ ਪਤਾ ਨਹੀਂ ਕੀ-ਕੀ ਸਹਮਿ, ਸ਼ੰਕੇ ਅਤੇ ਨਫ਼ਰਤਾਂ ਭਰ ਛੱਡੀਆਂ ਸਨ।
ਪਿਆਰ ਏਥੇ ਕਿਵੇਂ ਵੜ ਸਕਦਾ ਸੀ? ✪

(ਛਪ-ਰਹੇ ਇੰਗਲੈਂਡ ਦੇ ਸਫ਼ਰਨਾਮੇ ਵਿਚੋਂ)

**1. ਸੱਚ-ਝੂਠ** —ਸਿਮਰਜੀਤ ਸਿੰਮੀ

ਸੱਚ ਦੇ ਕੋਲ ਬੜਾ ਕੁਝ ਹੈ
ਵਗਦੇ ਝਰਨੇ ਜਿਹਾ
ਸੂਰਜ ਚੜ੍ਹਨੇ ਜਿਹਾ
ਤਾਰਿਆਂ ਦੀ ਲੋਅ ਵਰਗਾ
ਕਲੀਆਂ ਦੀ ਖੁਸ਼ਬੋ ਵਰਗਾ
ਸੱਚ ਚੁੱਪ ਹੈ।

ਉਹਦੀ ਚੁੱਪ ਦਾ ਅਰਥ
ਝੂਠ ਲਈ ਸਭ ਵਿਅਰਥ।

ਝੂਠ ਢੋਲ ਵਜਾਉਂਦਾ
ਚਿਹਰੇ ਮੁਖੌਟੇ ਪਾਉਂਦਾ
ਸੱਚ ਦਾ ਮਜ਼ਾਕ ਉਡਾਉਂਦਾ
ਕਦੇ ਵੀ ਚੁੱਪ ਨਹੀਂ।

**2. ਜਾਚ**

ਕਮਰਿਆਂ 'ਚ ਉਹਨਾਂ ਲਈ ਥਾਂ ਨਹੀਂ
ਰੁੱਖਾਂ ਦਾ ਆਸਰਾ ਕੀ ਲੱਭਣ
ਨ੍ਹੇਰੀਆਂ ਦਾ ਕੋਈ ਵਿਸਾਹ ਨਹੀਂ।

ਜਾਚ ਉਹਨਾਂ ਸਿੱਖ ਲਈ ਤਾਂ ਹੀ
ਧੁੱਪ ਨਾਲ ਧੁੱਪ ਤੇ
ਮੀਂਹ ਨਾਲ ਮੀਂਹ ਹੋਣ ਦੀ!



*ਨਜ਼ਮਾਂ :*

## ਹਮਲਾਵਰ

ਅਜਾਇਬ ਕਮਲ

1.
ਹਮਲਾਵਰ
ਅੰਨ੍ਹੇ ਹੁੰਦੇ, ਗੁੰਗੇ ਹੁੰਦੇ, ਬੋਲੇ ਹੁੰਦੇ
ਅੰਨ੍ਹੀ ਹਿੰਸਾ ਦੇ ਵਾਵਰੋਲੇ ਹੁੰਦੇ
ਮਾਰੂ ਅੱਗ ਦੇ ਵਿਸਫੋਟਕ ਗੋਲੇ ਹੁੰਦੇ

ਉਨ੍ਹਾਂ ਨੂੰ ਖੇਤਾਂ 'ਚ ਹਲ ਵਾਹੁੰਦੇ
ਕਿਸਾਨ ਨਹੀਂ ਦਿਸਦੇ
ਘਰਾਂ 'ਚ ਧਾਰਾਂ ਚੋਂਦੀਆਂ
ਅੰਨ ਪਕਾਉਂਦੀਆਂ
ਸੁਆਣੀਆਂ ਨਹੀਂ ਦਿਸਦੀਆਂ
ਸਕੂਲਾਂ 'ਚ ਪੜ੍ਹਦੇ ਬੱਚੇ ਨਹੀਂ ਦਿਸਦੇ
ਉਨ੍ਹਾਂ ਨੂੰ ਸਿਰਫ ਗੋਲੀ ਦਿਸਦੀ
ਬਰੂਦ ਦਿਸਦਾ
ਲਹੂ ਦੇ ਛੱਪੜ, ਅੱਗ ਦੇ ਭਾਂਬੜ ਦਿਸਦੇ
ਝੁਲਸੀਆਂ ਫਸਲਾਂ
ਜਲੇ ਹੋਏ ਰੁੱਖ ਦਿਸਦੇ
ਬੰਬਾਂ ਦੀ ਅੱਗ ਨਾਲ
ਸੜੇ ਹੋਏ ਮਨੁੱਖ ਦਿਸਦੇ
ਉਹ ਇਨਸਾਨੀਅਤ ਨਾਂ ਦੇ
ਸੱਚ ਨੂੰ ਨਹੀਂ ਜਾਣਦੇ
ਉਹ ਸਿਰਫ
ਹੈਵਾਨੀਅਤ ਦੀ ਭਾਸ਼ਾ ਹੀ ਬੋਲਣੀ ਜਾਣਦੇ
ਮਨੁੱਖੀ ਸਿਰਾਂ ਤੇ
ਕਲੱਸਟਰ ਬੰਬਾਂ ਦਾ
ਮੀਂਹ ਵਰ੍ਹਾਣਾ ਹੀ ਜਾਣਦੇ
ਘੁੱਗ ਵਸਦੇ ਲੋਕਾਂ ਦੇ
ਘਰ ਉਜਾੜਨਾ ਹੀ ਜਾਣਦੇ
ਉਨ੍ਹਾਂ ਨੂੰ ਹਰੇ ਭਰੇ ਬਗੀਚੇ
ਬੰਜਰ ਬੀਆਬਾਨ ਬਣੇ ਚੰਗੇ ਲਗਦੇ
ਵਸਦੇ ਰਸਦੇ ਸ਼ਹਿਰ
ਕਬਰਸਤਾਨ ਬਣੇ ਚੰਗੇ ਲਗਦੇ
ਉਨ੍ਹਾਂ ਕੋਲ ਫੌਜੀ ਸੱਤਾ ਦਾ
ਵਿਸ਼ੈਲਾ ਚੱਕਰ ਹੁੰਦਾ
ਉਨ੍ਹਾਂ, ਲਈ ਮਾਨਵੀ ਸੁਤੰਤਰਤਾ
ਅਰਥਹੀਣ ਅੱਖਰ ਹੁੰਦਾ

**2. -ਪੱਥਰ ਯੁੱਗ ਵੱਲ ਵਾਪਸੀ**

ਯੂ. ਐਨ. ਓ
ਵਿਸ਼ਵੀ ਦੇਸ਼ਾਂ ਦੀ ਜੀਵਤ ਸੰਸਥਾ ਨਹੀਂ

ਅਮਰੀਕਾ ਦੇ ਡਸਟ ਬਿੰਨ 'ਚ ਪਈ
ਮਰੀ ਹੋਈ ਬੋਅ ਮਾਰਦੀ ਬਿੱਲੀ ਹੈ

ਹੁਣ ਨਿੱਕੇ ਨੰਨ੍ਹੇ ਦੇਸ਼ ਸੁਤੰਤਰ ਨਹੀਂ ਰਹੇ
ਕੀੜੇ ਕਾਢੇ ਮੱਖੀਆਂ ਮੱਛਰ ਬਣ ਕੇ ਰਹਿ ਗਏ ਨੇ
ਜੋ ਵਰ੍ਹਦੇ ਅਗਨ ਗੋਲਿਆਂ
ਬੰਬਾਂ ਦੇ ਧਮਾਕਿਆਂ ਨਾਲ ਮਾਰੇ ਜਾ ਸਕਦੇ
ਹੁਣ ਅਜੇਹੇ ਦੇਸ਼ਾਂ ਦੀ
ਕੋਈ ਪ੍ਰਭਤਾ ਨਹੀਂ ਰਹੀ
ਮਾਤ੍-ਭੂਮੀ ਤੇ ਉਨ੍ਹਾਂ ਦਾ
ਜਨਮ ਜਾਤ ਅਧਿਕਾਰ ਨਹੀਂ ਰਿਹਾ
ਕੋਈ ਸ਼ਕਤੀਵਰ ਦੇਸ਼ ਮਨ ਮਰਜ਼ੀ ਨਾਲ
ਉਨ੍ਹਾਂ ਨੂੰ ਅੱਖਾਂ ਦਿਖਾ ਸਕਦਾ
ਉਨ੍ਹਾਂ ਦੀ ਸੁਤੰਤਰਤਾ ਜਬਰੀ ਹਥਿਆ ਸਕਦਾ
ਉਨ੍ਹਾਂ ਦੀ ਧਨ ਦੌਲਤ ਪੇਟੇ ਪਾ
ਆਪਣੀ ਗ਼ੁਲਾਮੀ ਦੇ ਚੁੰਗਲ 'ਚ ਫਸਾ ਸਕਦਾ
ਅਮਰੀਕਾ ਦੇ ਢਿੱਡ 'ਚ
ਜਬਾੜਾ ਅੱਡੀ ਬੈਠਾ ਹਾਬੜਿਆ ਬਘਿਆੜ
ਸਭ ਦੇਸ਼ਾਂ ਨੂੰ ਖਾ ਜਾਣਾ ਚਾਹੁੰਦਾ
ਭੁੱਖੇ ਪੇਟੇ ਪਾ ਜਾਣਾ ਚਾਹੁੰਦਾ

ਅਮਰੀਕਾ ਹੁਣ ਚੰਦਰਯੁਗ ਦਾ ਸਿਰਜਣਹਾਰਾ ਨਹੀਂ
ਆਪਹੁਦਰੇ ਹਿੰਸਕ ਯੁੱਗ ਦਾ ਸਿਰਜਣਹਾਰਾ ਬਣ ਗਿਆ ਹੈ
ਬੀਟ ਕਵੀ ਗਿਨਜ਼ਬਰਗ ਨੇ
ਅਮਰੀਕਾ ਨੂੰ ਅਪਣੀ ਕਵਿਤਾ ਸੁਪਰ ਮਾਰਕੀਟ ਵਿੱਚ
ਐਵੇਂ ਤਾਂ ਲਾਅਨ ਤਾਅਨ ਨਹੀਂ ਸੀ ਪਾਈ
ਉਸਨੇ ਦੇਖ ਲਿਆ ਸੀ
ਪੂੰਜੀਪਤੀ ਅਮਰੀਕਾ
ਮਾਨਵੀ ਉਸਾਰ ਦੀ ਥਾਂ
ਅਮਾਨਵੀ ਨਿਘਾਰ ਦੇ
ਝੂਠੇ ਲਿਸ਼ਕਾਰੇ ਪਾ ਰਿਹਾ
ਅੱਖਾਂ ਚੁੰਧਿਆ, ਦੁਨੀਆ ਨੂੰ ਉੱਲੂ ਬਣਾ ਰਿਹਾ
ਉਹ ਚੰਦਰ ਯੁੱਗ ਤੋਂ ਪਾਰ ਨਹੀਂ ਜਾ ਰਿਹਾ
ਸਗੋਂ ਚੰਦਰ ਯੁੱਗ ਤੋਂ
ਪੱਥਰ ਯੁੱਗ ਵੱਲ ਵਾਪਸ ਮੋੜ ਖਾ ਰਿਹਾ।

3. - ਨੰਗਾ ਨਾਚ

ਜਦੋਂ ਫੈਨਨ ਨੇ 'ਦੁਨੀਆਂ ਦੇ ਦੁਖਿਆਰੇ'
ਤੇ ਐਨਕਰੂਮੇ ਨੇ
'ਨਵ ਸਾਮਰਾਜਵਾਦ ਪੁਸਤਕਾਂ ਦੀ
ਰਚਨਾ ਕੀਤੀ
ਘੂਕ ਸੁੱਤੀ ਪਈ ਅਫ਼ਰੀਕਾ 'ਚ
ਤਹਿਲਕਾ ਮੱਚ ਗਿਆ
ਏਸ਼ੀਆ ਦੀ ਢਿਲੀ ਮੰਜੀ ਦੀਆਂ



ਚੂਲਾਂ ਵੀ ਜ਼ੋਰ ਨਾਲ ਹਿੱਲਣ ਲੱਗੀਆਂ
ਫੇਰ ਨਿਆਰੇਰੇ, ਕਾਊਂਡਾ, ਮੰਡੇਲਾ ਨੇ ਵੀ
ਉਹੀ ਭਾਸ਼ਾ ਬੋਲੀ
ਕੋਰੀਆ, ਵੀਤਨਾਮ
ਤੇ ਹੋਰ ਕਈ ਦੇਸ਼ਾਂ 'ਚ ਵੀ
ਉਹੀ ਇਤਿਹਾਸ ਦੁਹਰਾਇਆ ਗਿਆ
ਠੰਢੀ ਲੜਾਈ
ਜਿਸ ਵਿਚ ਅੰਤ ਨੂੰ
ਰੂਸ ਸਿਰ ਪਰਨੇ ਡਿੱਗਿਆ
ਸਾਮਰਾਜਵਾਦੀ ਵਿਜੈ ਦੀ ਹੀ
ਸਿਖਰਲੀ ਕੜੀ ਸੀ
ਅਤੇ ਹੁਣ
ਇਰਾਕ 'ਤੇ ਅਮਰੀਕਾ ਦਾ ਕਬਜ਼ਾ
ਉਸੇ ਮਾਸ ਖੋਰੇ ਗਿੱਧ ਦੀ ਹੀ
ਨਵੀਂ ਪਰਵਾਜ਼ ਹੈ
ਸੁਤੰਤਰਤਾ ਦੀ ਹਿੱਕ 'ਤੇ
ਉਸੇ ਭੂਤਨੇ ਦਾ ਹੀ ਨੰਗਾ ਨਾਚ ਹੈ।

## *ਨਜ਼ਮ* ਸਰਮਾਇਆ/ ਮਲਵਿੰਦਰ

ਪੰਜ ਤਾਰਾ ਮਾਹੌਲ 'ਚ ਮਹਿਫ਼ਿਲ ਸੀ
ਸੀ ਜਿੱਥੇ ਸਭ ਕੁੱਝ ਮਸਨੂਈ

ਰੌਸ਼ਨੀਆਂ ਦੇ ਰਹਿਣ ਤੀਕ
ਰਹਿਣ ਜਿੰਨੀ
ਰੰਗੀਨ ਰੌਸ਼ਨੀਆਂ ਦੀ ਮੁਥਾਜ ਸੀ
ਖ਼ੂਬਸੂਰਤੀ

ਸਰਮਾਏ ਦੀ ਹੈਂਕੜ 'ਚ
ਰੁਤਬਿਆਂ ਦੇ ਮਗਰੂਰ 'ਚ
ਤਣੇਂ ਕੁੱਝ ਸਿਰ ਸਨ

ਖ਼ੁਸ਼ਾਮਦੀਆਂ ਦੀ ਚਿਪਚਿਪਾਹਟ 'ਚ
ਰਾਜਨੀਤੀ ਦਾ ਮਕਾਰ ਵੀ
ਸੀ ਆਪਣਾ ਰੰਗ ਦਿਖਾ ਰਿਹਾ

ਕੀਮਤੀ ਲਿਬਾਸ
ਕਾਮੀ ਜਿਸਮ
ਤੀਖਣ ਸੁਖਨ
ਗਹਿਣਿਆਂ ਸੰਗ ਸਨ ਪ੍ਰਦਰਸਿਤ ਹੋ ਰਹੇ

ਸੁਆਰਥੀ ਸਾਂਝਾਂ ਦਾ ਸੀ ਬੋਲਬਾਲਾ
ਸੌਦੇ ਬਾਜ਼ੀਆਂ 'ਚ ਪਿਸਰੇ ਚੜ ਰਹੇ
ਨਵੇਂ ਰਿਸ਼ਤੇ ਸਨ ਕੁੱਝ ਗੰਢੇ ਜਾ ਰਹੇ
ਵਿਸਕੀਆਂ ਦੀ ਸੜਾਂਦ 'ਚ
ਗਲੇ ਸੜੇ ਚੁਟਕਲਿਆਂ 'ਤੇ

ਕਹਿ ਕਹੇ ਸਨ ਲੱਗ ਰਹੇ

ਪਕਵਾਨ ਸੱਜ ਰਹੇ ਸਨ
ਮੋਬਾਇਲ ਵੱਜ ਰਹੇ ਸਨ
ਕਾਰੋਬਾਰੀ ਫਿਕਰਾਂ ਦਾ ਸਿਲਸਿਲਾ

ਪੰਜ ਤਾਰਾ ਮਾਹੌਲ 'ਚ ਮਹਿਫ਼ਿਲ ਸੀ
ਮੋਹ, ਮੁਹੱਬਤ, ਅਪਣੱਤ
ਸਭ ਕੁੱਝ ਸੀ ਜਿੱਥੇ ਮਸਨੂਈ
ਮਹਿਫਿਲ ਵਿੱਚ
ਇੱਕ ਸਿਰ ਸੀ ਝੁੱਕਿਆ ਸੋਚ ਦੇ ਪੈਂਡੇ
ਸਰਮਾਇਆ
ਨਾ ਰੁਤਬਾ ਹੈ ਕੋਲ!
ਨਾ ਹੋਇਆ ਜਿਹਾ
ਮੈਂ ਕੀ ਹਾਂ! ਕਿਉਂ ਹਾਂ!!

ਇਲਾਹੀ ਸਵਰ ਇੱਕ ਕੰਨੀਂ ਪਈ
'ਕਵਿਤਾ ਹੈ ਤੇਰੇ ਕੋਲ'

ਛਿਣ ਵਿੱਚ
ਕਵਿਤਾ
ਸਿਰ ਤਾਜ ਬਣ ਸੱਜ ਗਈ
ਝੁੱਕਿਆ ਸਿਰ ਮਾਣ'ਚ ਤਣ ਗਿਆ।

*ਉਰਦੂ .ਗਜ਼ਲ :* **ਸ਼ਕੇਬ ਜਲਾਲੀ**

ਵਹਾਂ ਕੀ ਰੋਸ਼ਨਿਓਂ ਨੇ ਭੀ ਜ਼ੁਲਮ ਢਾਏ ਬਹੁਤ
ਮੈਂ ਉਸ ਗਲੀ ਮੇਂ ਅਕੇਲਾ ਥਾ ਔਰ ਸਾਏ ਬਹੁਤ

ਯਹ ਕਾਇਨਾਤ ਹੈ ਮੇਰੀ ਖ਼ਾਕ ਕਾ ਜ਼ੱਰਾ
ਮੈਂ ਅਪਨੇ ਦਸ਼ਤ ਸੇ ਗੁਜ਼ਰਾ ਤੋ ਭੇਦ ਪਾਏ ਬਹੁਤ

ਜੋ ਮੋਤੀਏਂ ਕੀ ਤਲਬ ਨੇ ਕਭੀ ਉਦਾਸ ਕੀਆ
ਤੋ ਹਮ ਭੀ ਰਾਹ ਸੇ ਕੰਕਰ ਸਮੇਟ ਲਾਏ ਬਹੁਤ

'ਸ਼ਕੇਬ' ਕੈਸੀ ਉੜਾਨ, ਅਬ ਵਹ ਪਰ ਹੀ ਟੂਟ ਗਏ
ਕਿ ਜ਼ੇਰੇ-ਦਾਮ ਜਬ ਆਏ ਥੇ, ਫੜਫੜਾਏ ਬਹੁਤ

(ਲਿਪੀਆਂਤਰ - ਮਹਿਮਾ ਸਿੰਘ ਤੂਰ)



*ਪੰਜਾਬੀ ਕਹਾਣੀ :*

## ਚਾਦਰ

**ਸੁਰਿੰਦਰ ਕੈਲੇ**

ਘਰ ਦਾ ਮੁੱਖ ਦੁਆਰ ਬੀਹੀ ਵਿਚ ਖੁੱਲ੍ਹਦਾ ਹੈ। ਦੁਆਰ ਦੇ ਅੰਦਰ ਦੇ ਨਾਲ ਇਕ ਪਰਾਹੁਣਿਆਂ ਲਈ ਬੈਠਕ ਹੈ, ਜਿਸ ਵਿਚ ਸਧਾਰਨ ਪਾਠ ਖੁੱ ਲ੍ਹਿਆ ਹੋਇਆ ਹੈ। ਪਾਠ ਦਾ ਭੋਗ ਹੁਣ ਤੋਂ ਕੁਝ ਦੇਰ ਬਾਅਦ ਪੈਣਾ ਹੈ। ਭੋਗ ਤੇ ਆਏ ਰਿਸ਼ਤੇਦਾਰ ਮਰਦਾਂ ਵਿਚੋਂ ਕੁਛ ਬੈਠਕ ਵਿਚ ਬੈਠੇ ਪਾਠ ਸੁਣ ਰਹੇ ਹਨ ਬਾਕੀ ਦਲਾਣ ਵਿਚ ਗੱਲੀਂ ਲੱਗੇ ਹੋਏ ਹਨ। ਘਰ ਦੇ ਵਿਹੜੇ ਵਿਚਕਾਰ, ਤੂਤ ਥੱਲੇ, ਦੂਹਰੇ ਕਰਕੇ ਵਿਛਾਏ ਖੇਸਾਂ ਉੱਪਰ ਕੁਛ ਰਿਸ਼ਤੇਦਾਰ ਰੋਟੀ ਖਾ ਰਹੇ ਹਨ। ਵਿਹੜਾ ਪਾਰ ਕਰਕੇ, ਘਰ ਦੇ ਪਿਛਵਾੜੇ ਤਿੰਨ ਰਿਹਾਇਸ਼ੀ ਕਮਰਿਆਂ ਦੇ ਅੱਗੇ ਇਕ ਵਰਾਂਡਾ ਬਣਿਆ ਹੋਇਆ ਹੈ। ਭੋਗ ਤੇ ਆਈਆਂ ਰਿਸ਼ਤੇਦਾਰ ਔਰਤਾਂ, ਰੋਣ ਧੋਣ ਮਗਰੋਂ, ਰੋਟੀ ਖਾ ਗੱਲੀਂ ਜੁੱਟ ਗਈਆਂ ਹਨ।

ਔਰਤਾਂ ਤੋਂ ਥੋੜ੍ਹਾ ਹਟ ਕੇ ਬੈਠੀ ਮਨਪ੍ਰੀਤ, ਟਿਕ-ਟਿਕੀ ਲਾਈ ਮੁੱਖ ਦੁਆਰ ਵੱਲ ਦੇਖੀ ਜਾ ਰਹੀ ਹੈ। ਉਸਦੇ ਪੇਕਿਆਂ ਤੋਂ ਹਾਲੇ ਤੀਕ ਕੋਈ ਨਹੀਂ ਆਇਆ ਜਿਸ ਕਰਕੇ ਮਨ ਘੋਲ ਚਿੰਤਾ ਵਿਚ ਡੁੱਬਿਆ ਹੋਇਆ ਹੈ। ਕੁੱਝ ਦਿਨ ਪਹਿਲਾਂ ਉਹ ਆਪਣੇ ਆਪ ਨੂੰ ਸਭ ਤੋਂ ਵੱਧ-ਖ਼ੁਸ਼ਕਿਸਮਤ ਸਮਝਦੀ ਸੀ ਜਿਸਨੂੰ ਭਰਪੂਰ ਪਤੀ ਪਿਆਰ ਅਤੇ ਜੀਵਨ ਸੁੱਖ ਪ੍ਰਾਪਤ ਸੀ। ਵਿਆਹ ਦਾ ਇਕ ਸਾਲ ਪਲਾਂ ਵਾਂਗ ਬੀਤ ਗਿਆ ਸੀ। ਉਸਨੂੰ ਲਗਦਾ ਸੀ ਜਿਵੇਂ ਇਹ ਕੱਲ੍ਹ ਦੀ ਗੱਲ ਹੋਵੇ। ਪਰ ਉਸਨੂੰ ਕੀ ਪਤਾ ਸੀ ਕਿ ਉਸਦੀ ਖ਼ੁਸ਼ੀ ਰੇਤ ਦੀ ਦੀਵਾਰ ਵਾਂਗੂੰ ਢਹਿ ਢੇਰੀ ਹੋ ਜਾਣੀ ਹੈ।

ਮਨਪ੍ਰੀਤ ਦਾ ਪਤੀ ਭਈਆਂ ਕੋਲੋਂ ਕਣਕ ਵਢਾ ਰਿਹਾ ਸੀ। ਖੇਤਾਂ ਵਿਚ ਆਏ ਰੇੜ੍ਹੀ ਵਾਲੇ ਕੋਲੋਂ ਉਸਨੇ ਵੀ ਭਈਆਂ ਨਾਲ ਕੁਲਫ਼ੀਆਂ ਖਾ ਲਈਆਂ ਸਨ। ਉਹ ਕੁਲਫ਼ੀਆਂ ਪਤਾ ਨਹੀਂ ਕੀ ਢਿੱਡ ਵਿਚ ਲੈ ਕੇ ਵੜ ਗਈਆਂ। ਉਸਦੇ ਢਿੱਡ ਸੂਲ ਉੱਠਿਆ। ਦਰਦ ਦੇ ਨਾਲ ਉਲਟੀਆਂ ਵੀ ਸ਼ੁਰੂ ਹੋ ਗਈਆਂ। ਦਰਦ ਦੇ ਵਧਣ ਨਾਲ ਉਹ ਘਰ ਆ ਗਿਆ ਤੇ ਡਾਕਟਰ ਨੂੰ ਬੁਲਵਾ ਭੇਜਿਆ। ਪਿੰਡ ਦੇ ਡਾਕਟਰ ਨੇ ਟੀਕਾ ਲਗਾ ਦਵਾਈ ਦੇ ਦਿੱਤੀ, ਜਿਸ ਨਾਲ ਕੁਝ ਅਰਾਮ ਆਉਣ ਲੱਗ ਪਿਆ। ਉਲਟੀਆਂ ਵੀ ਰੁੱਕ ਗਈਆਂ ਤੇ ਉਸਦੀ ਅੱਖ ਵੀ ਲੱਗ ਗਈ। ਪੈਣ ਲੱਗਿਆਂ ਮਨਪ੍ਰੀਤ ਨੇ ਉਸ ਨੂੰ ਜਗਾ ਕੇ ਲੌਂਗਾਂ ਵਾਲੀ ਚਾਹ ਬਣਾ ਕੇ ਦਿੱਤੀ ਤਾਂ ਜੁ ਰਾਤ ਅਰਾਮ ਨਾਲ ਕੱਟ ਜਾਵੇ। ਚਾਹ ਪੀਣ ਦੇ ਪੰਜਾਂ ਸੱਤਾਂ ਮਿੰਟਾਂ ਬਾਅਦ ਫਿਰ ਉਲਟੀ ਆ ਗਈ ਤੇ ਦਰਦ ਸ਼ੁਰੂ ਹੋ ਗਿਆ। ਡਾਕਟਰ ਦੀ ਦਵਾਈ ਫੇਰ ਦਿੱਤੀ ਪਰ ਉਹ ਵੀ ਨਾ ਪਚੀ। ਹਾਲਤ 'ਚ ਸੁਧਾਰ ਨਾ ਹੁੰਦਾ ਦੇਖ, ਉਨ੍ਹਾਂ ਨੇ ਫਿਰ ਡਾਕਟਰ ਨੂੰ ਬੁਲਾ ਲਿਆਂਦਾ। ਡਾਕਟਰ ਨੇ ਫਿਰ ਟੀਕੇ ਲਗਾਏ ਤੇ ਬਦਲ-ਬਦਲ ਕੇ ਦਵਾਈ ਖਿਲਾਈ ਪਰ ਕੋਈ ਵੀ ਪੇਟ 'ਚ ਨਾ ਰਹੀ। ਅਖ਼ੀਰ ਬੇਵਾਹ ਹੁੰਦੀ ਜਾਣ ਕੇ ਉਸਨੇ ਮਰੀਜ਼ ਨੂੰ ਸ਼ਹਿਰ ਲੈ ਜਾਣ ਦੀ ਸਲਾਹ ਦਿੱਤੀ। ਘਰ ਦਿਆਂ ਝੱਟ ਟਰਾਲੀ ਲੈ ਆਂਦੀ। ਕਰਨੀ ਰੱਬ ਦੀ, ਟਰਾਲੀ ਦੇ ਸ਼ਹਿਰ ਪਹੁੰਚਣ ਤੋਂ ਪਹਿਲਾਂ ਹੀ ਉਹ ਰੱਬ ਨੂੰ ਪਿਆਰਾ ਹੋ ਗਿਆ। ਮਨਪ੍ਰੀਤ ਦਾ ਘੁੱਗ ਵਸਦਾ ਵਿਹੜਾ ਦੇਖਦਿਆਂ ਦੇਖਦਿਆਂ ਸੁੰਨਾ ਹੋ ਗਿਆ ਜਿਵੇਂ ਨਾਦਰਸ਼ਾਹੀ ਫਿਰ ਗਈ ਹੋਵੇ। ਆਪਣੇ ਆਪ ਨੂੰ ਸਭ ਤੋਂ ਵੱਧ ਖ਼ੁਸ਼ਕਿਸਮਤ ਸਮਝਣ ਵਾਲੀ ਔਰਤ ਹੁਣ ਅਭਾਗੀ ਬਣਕੇ ਰਹਿ ਗਈ।

"ਲੈ ਬੀਬੀ, ਚਾਹ ਦੀਆਂ ਦੋ ਘੁੱਟਾਂ ਭਰ ਲੈ, ਸਵੇਰ ਦੀ ਭੁੱਖਣ-ਭਾਣੀ ਬੈਠੀ ਐਂ"। ਬੁੱਢੀ ਨੈਣ ਨੇ ਮਨਪ੍ਰੀਤ ਨੂੰ ਮੋਢੇ ਤੋਂ ਹਲੂਣਦਿਆਂ ਕਿਹਾ।

"ਅੰਮਾ ਜੀ, ਮੈਂ ਕੁੱਛ ਨਹੀਂ ਲੈਣਾ। ਮੇਰਾ ਜੀਅ ਨਹੀਂ ਕਰਦਾ ਕਿਸੇ ਚੀਜ਼ ਲਈ।" ਉਹ ਦੁੱਖ ਨਾਲ ਫਿਸੀ ਪਈ ਸੀ।

"ਮਨ ਕਿਵੇਂ ਕਰੇ। ਐਡੇ ਕਹਿਰ ਦੀ ਮੌਤ ਝੱਲਣੀ ਕਿਹੜੀ ਸੌਖੀ ਆ। ਮੇਰੇ ਵਲ ਦੇਖ, ਪੁੱਤ ਦਾ ਗਮ ਢਿੱਡ ਵਿੱਚ ਲਈ ਫਿਰਦੀ ਆਂ। ਮੈਂ ਕੀ ਕਰ ਲਿਆ? ਬੱਸ ਇਉਂ ਈ ਹੱਥਾਂ 'ਚੋਂ ਨਿਕਲ ਗਿਆ ਸੀ।" ਨੈਣ ਨੇ ਪੁੱਤ ਦੀ ਮੌਤ ਨੂੰ ਯਾਦ ਕਰਦਿਆਂ, ਕੋਸੇ-ਕੋਸੇ ਹੰਝੂਆਂ ਦੀ ਲੜੀ, ਉਸਦੀਆਂ ਝੁਰੜੀਆਂ ਵਾਲੀਆਂ ਗੱਲ੍ਹਾਂ ਤੇ ਵਹਿ ਤੁਰੀ ਸੀ, "ਮਰਿਆਂ ਨਾਲ ਮਰ ਨੀ ਹੁੰਦਾ। ਜਿਹੜੇ ਸਵਾਸ ਰੱਬ ਨੇ ਦਿੱਤੇ ਨੇ, ਉਹ ਤਾਂ ਪੂਰੇ ਕਰਨੇ ਈ ਪੈਣੇ ਨੇ। ਧੀਏ! ਭਾਣਾ ਮੰਨ, ਹੌਸਲਾ ਕਰ। ਆਹ ਤਿੱਖੜ ਦੁਪਿਹਰ ਵਰਗੀ ਜ਼ਿੰਦਗੀ ਜੇਰੇ ਨਾਲ ਈ ਕੱਟ ਹੋਣੀ ਐ। ਲੈ ਮੇਰੀ ਡੱਡ, ਭਰ ਲੈ ਦੋ ਘੁੱਟਾਂ।" ਨੈਣ ਨੇ ਚੁੰਨੀ ਦੇ ਪੱਲੇ ਨਾਲ ਹੰਝੂ ਪੂੰਝਦਿਆਂ, ਚਾਹ ਵਾਲਾ ਗਲਾਸ ਉਸਦੇ ਹੱਥ ਫੜਾ ਦਿੱਤਾ।

ਜਦ ਦੀ ਮਨਪ੍ਰੀਤ ਦੇ ਪਤੀ ਦੀ ਮੌਤ ਹੋਈ ਹੈ, ਉਸਨੇ ਰੋ-ਰੋ ਕੇ ਆਪ ਦਾ ਬੁਰਾ ਹਾਲ ਕਰ ਲਿਆ ਹੈ। ਹੁਣ ਤਾਂ ਜਿਵੇਂ ਹੰਝੂ ਵੀ ਮੁੱਕ ਗਏ ਹੋਣ। ਰੋਣ ਨਿਕਲਦਾ ਹੀ ਨਹੀਂ। ਦਿਨ ਭਰ ਗੁੰਮ-

ਸੁੰਮ ਬੈਠੀ ਸੋਚਦੀ ਰਹਿੰਦੀ ਹੈ। ਕੁੱਛ ਦਿਨ ਪਹਿਲਾਂ, ਮਕਾਨ ਤੇ ਬੈਠੀਆਂ ਬੁੜ੍ਹੀਆਂ ਆਪਸ ਵਿੱਚ ਗੱਲਾਂ ਕਰ ਰਹੀਆਂ ਸਨ। ਉਨ੍ਹਾਂ ਦੀਆਂ ਗੱਲਾਂ ਉਸਦੇ ਕੰਨੀਂ ਪਈਆਂ ਸਨ,

"ਭੈਣੇ! ਹੋਇਆ ਤਾਂ ਬਾਹਲਾ ਈਂ ਮਾੜਾ। ਏਹੋ ਜਿਹੀ ਕਹਿਰ ਦੀ ਮੌਤ ਨਾ ਦੇਵੇ, ਰੱਬ ਕਿਸੇ ਨੂੰ।"

"ਜਾਣ ਵਾਲਾ ਤਾਂ ਤੁਰ ਗਿਆ। ਇਹਦਾ ਵਿਚਾਰੀ ਦਾ ਕੀ ਬਣੂੰ? ਸਾਰੀ ਉਮਰ ਪਈ ਆ ਕੱਟਣ ਆਲੀ।"

"ਰੱਬ, ਇੱਕ ਅੱਧ ਨਿਆਣਾ ਨਿੱਕਾ ਈ ਦੇ ਛੱਡਦਾ, ਜਿਸਦੇ ਆਸਰੇ ਦਿਨ ਕੱਟ ਲੈਂਦੀ।"

"ਮੈਨੂੰ ਤਾਂ ਲਗਦੈ, ਹੁਣ ਇਹ ਪੇਕੀਂ ਈਂ ਜਾਊ।"

"ਪੇਕਿਆਂ ਦੇ ਬੈਠਣਾ ਕਿਹੜਾ ਸੌਖਾ। ਸਾਰੀ ਉਮਰ ਭਰਾਵਾਂ ਭਾਬੀਆਂ ਨਾਲ ਨੀ ਕੱਟ ਹੁੰਦੀ, ਭਾਵੇਂ ਲੱਖ ਚੰਗੇ ਹੋਣ।"

"ਸੁੱਖੀਂ-ਸਾਂਦੀਂ ਪੇਕੇ ਕਾਹਨੂੰ ਜਾਊ। ਜਿਉਂਦਾ ਰਹੇ ਉਹਦਾ ਦਿਓਰ-ਛੋਟਾ।"

ਛੋਟੇ ਦਾ ਨਾਉਂ ਸੁਣਦਿਆਂ, ਉਸਨੂੰ ਝੁਲਝੁਣੀ ਜਿਹੀ ਆਈ। ਉਸਦਾ ਸਰੀਰ ਕੰਬ ਗਿਆ। ਉਸਦਾ ਦਿਓਰ ਲੱਖਾ, ਜਿਸਨੂੰ ਸਾਰੇ ਛੋਟਾ ਕਹਿਕੇ ਬੁਲਾਉਂਦੇ ਨੇ, ਉਸ ਨੂੰ ਭੋਰਾ ਪਸੰਦ ਨਹੀਂ। ਅਨਪੜ੍ਹ ਤੇ ਗਵਾਰ, ਸਾਰਾ ਦਿਨ ਅਵਾਰਾ ਘੁੰਮਦਾ ਰਹਿੰਦਾ ਹੈ। ਕੰਮ ਦਾ ਡੱਕਾ ਤੋੜਕੇ ਦੂਹਰਾ ਨਹੀਂ ਕਰਦਾ। ਸ਼ਰਾਬ ਦੀ ਭੈੜੀ ਆਦਤ ਕਾਰਨ ਸਰੀਰ ਵੀ ਸਿਉਂਕ ਖਾਧੀ ਕਿੱਕਰ ਵਰਗਾ। ਉਹ ਸ਼ੁਰੂ ਤੋਂ ਹੀ ਉਸਨੂੰ ਚੰਗਾ ਨਹੀਂ ਲੱਗਦਾ। ਆਪਣੇ ਦਿਓਰ, ਛੋਟੇ ਬਾਰੇ ਸੋਚਦੀ-ਸੋਚਦੀ ਅਗਾਂਹ ਪਲਾਂਘ ਪੁੱਟਦੀ ਹੈ। ਬੁੜ੍ਹੀਆਂ ਦੀ ਚਾਦਰ ਪਾਉਣ ਵਾਲੀ ਗੱਲ ਉਸਦੇ ਦਿਮਾਗ ਵਿੱਚ ਵਾਰ-ਵਾਰ ਹਥੌੜੇ ਵਾਂਗ ਵੱਜਦੀ ਹੈ।

ਚਾਦਰ......। ਇਹ ਚਾਦਰ ਕੈਸੀ ਬਲਾ ਹੈ। ਔਰਤ ਜਿਸ ਆਦਮੀ ਨੂੰ ਚਾਹੁੰਦੀ ਨਹੀਂ, ਪਸੰਦ ਨਹੀਂ ਕਰਦੀ, ਉਸ ਨਾਲ ਸਬੰਧ ਜੋੜਨਾ ਨਹੀਂ ਚਾਹੁੰਦੀ। ਅਜਿਹੇ ਸਬੰਧ ਜਿਹੜੇ ਸਮਾਜ ਵਲੋਂ ਵਿਵਰਜਤ ਹਨ, ਜਿਸਦੀ ਧਰਮ ਆਗਿਆ ਨਹੀਂ ਦਿੰਦਾ, ਜੋ ਸੰਸਕਾਰਾਂ ਦੇ ਉਲਟ ਹਨ ਅਤੇ ਜਿਹੜੇ ਪਾਪ ਸਮਝੇ ਜਾਂਦੇ ਹਨ; ਚਾਦਰ ਪਾਉਣ ਨਾਲ ਕਿਵੇਂ ਪਾਕ ਹੋ ਜਾਂਦੇ ਹਨ? ਸਮਾਜ ਕਿਵੇਂ ਪਰਵਾਨ ਕਰ ਲੈਂਦਾ ਹੈ? ਜਿਹੜੇ ਸਬੰਧ ਦੋ ਮਨਾਂ ਨੂੰ ਪਰਵਾਨ ਨਹੀਂ, ਉਨ੍ਹਾਂ ਨੂੰ ਨਿਭਾਉਣ ਲਈ ਸਮਾਜ ਕਿਉਂ ਮਜਬੂਰ ਕਰਦਾ ਹੈ? ਜਿਸ ਵਿਅਕਤੀ ਪ੍ਰਤੀ ਉਸਦੇ ਮਨ ਵਿੱਚ ਜ਼ਰਾ ਵੀ ਲਗਾਓ ਨਹੀਂ ਉਸ ਵਾਰੇ ਉਸਨੂੰ ਸੋਚਣ ਲਈ ਕਿਉਂ ਮਜਬੂਰ ਹੋਣਾ ਪੈ ਰਿਹਾ ਹੈ।

ਮਨਪ੍ਰੀਤ ਦਿਓਰ ਦੇ ਵਸਣ ਲਈ ਬਿਲਕੁਲ ਰਾਜ਼ੀ ਨਹੀਂ। ਫੇਰ ਉਸਦਾ ਧਿਆਨ ਆਪਣੇ ਪੇਕਿਆਂ ਵਲ ਜਾਂਦਾ ਹੈ। ਪਤੀ ਦਾ ਘਰ ਛੱਡਕੇ ਪੇਕੀਂ ਬੈਠਣਾ ਵੀ ਉਹ ਪਰਵਾਨ ਨਹੀਂ ਕਰ ਸਕਦੀ। ਭਰਾ ਦੇ ਘਰ ਦਾਖਲ ਹੋ ਕੇ, ਉਹਨਾਂ ਦੇ ਪਰਿਵਾਰਕ ਜੀਵਨ ਵਿੱਚ ਵਿਘਨ ਪਾਉਣਾ, ਉਸਨੂੰ ਮੰਜ਼ੂਰ ਨਹੀਂ। ਪਰ ਇੱਧਰ ਵੀ ਤਾਂ ਉਸਨੂੰ ਕੋਈ ਢੋਈ ਨਹੀਂ। ਭਾਵੇਂ ਗੁਜ਼ਾਰੇ ਜੋਗੀ ਜ਼ਮੀਨ ਹੈ, ਉਸਦੇ ਪਤੀ ਦੀ। ਪਰ ਨਿਕੰਮਾ ਤੇ ਸ਼ਰਾਬੀ ਦਿਓਰ ਕਿੰਨਾ ਕੁ ਆਸਰਾ ਦੇ ਸਕੇਗਾ? ਉਹ ਸੋਚਦੀ ਹੈ ਤੇ ਮਹਿਸੂਸ ਕਰਦੀ ਹੈ ਕਿ ਉਸਨੂੰ ਦਿਓਰ ਦੇ ਵਸਣਾ ਰਾਸ ਨਹੀਂ ਆਵੇਗਾ। ਉਸ ਨੂੰ ਜ਼ਿੰਦਗੀ ਵਿੱਚ ਇੱਕ ਅਸਥਿਰਤਾ ਨਜ਼ਰ ਆਉਂਦੀ ਹੈ। ਕਿਸੇ ਪਾਸੇ ਵੀ ਆਸ ਦੀ ਕਿਰਨ ਦਿਆਈ ਨਹੀਂ ਦਿੰਦੀ। ਇਸਦੇ ਵਾਰੀ ਉਹ ਸੋਚਦੀ ਹੈ ਕਿ ਜੇ ਦਿਓਰ ਕਿਸੇ ਕੰਮ ਦੀ ਨਹੀਂ, ਜ਼ਮੀਨ ਤਾਂ ਹੈ ਗੁਜਾਰੇ ਜੋਗੀ। ਇਸਦੇ ਸਹਾਰੇ ਹੀ ਦਿਨ ਕਟੀ ਹੋ ਜਾਵੇਗੀ। ਦੂਸਰੇ ਹੀ ਪਲ ਉਸਦਾ ਦਿਮਾਗ ਇਸ ਸਮਝੌਤੇ ਨੂੰ ਰੱਦ ਕਰ ਦਿੰਦਾ, ਇੰਝ ਇਹ ਫੈਸਲੇ ਦੇ ਦੋਰਾਹੇ ਤੇ ਖੜੀ ਡਾਵਾਂਡੋਲ ਕਿਸ਼ਤੀ ਵਾਂਗੂੰ ਕਦੀ ਇੱਕ ਪਾਸੇ ਝੁਕਦੀ ਹੈ ਤੇ ਕਦੇ ਦੂਸਰੇ ਪਾਸੇ।

"ਬੀਬੀ, ਦੋ ਕੁ ਘੁੱਟਾਂ ਹੋਰ ਲੈ", ਨੈਣ ਫਿਰ ਉਸਦੇ ਕੋਲ ਆ ਗਈ, "ਬਾਬਾ ਜੀ ਹੋਰੀਂ ਆ ਰਹੇ ਨੇ ਤੇਰੇ ਨਾਲ ਗੱਲਾਂ ਕਰਨ।"

ਮਨਪ੍ਰੀਤ ਨੇ ਇੱਕ ਘੁੱਟ ਹੋਰ ਭਰੀ ਤੇ ਗਲਾਸ ਫੜਾ ਦਿੱਤਾ। ਆਉਂਦੇ ਬਜ਼ੁਰਗਾਂ ਦੇ ਸਤਿਕਾਰ ਵਿੱਚ ਉੱਠ ਕੇ ਖੜ੍ਹੀ ਹੋ ਗਈ।

"ਰੱਬ ਭਲਾ ਕਰੇ, ਸੁੱਖ ਸ਼ਾਂਤੀ ਦੇਵੇ, ਭਾਣਾ ਮੰਨਣ ਦਾ ਬਲ ਬਖਸ਼ੇ।" ਗੁਰਦੁਆਰੇ ਦੇ ਪ੍ਰਧਾਨ ਬਾਬਾ ਅਮਰ ਸਿੰਘ ਨੇ ਸਿਰ ਤੇ ਹੱਥ ਰੱਖਦਿਆਂ ਅਸੀਸਾਂ ਦਿੱਤੀਆਂ "ਬੱਸ, ਮੇਰੀ ਧੀ! ਰੋ ਨਾ। ਆਪਣਾ ਆਪ ਸੰਭਾਲ। ਅਰਦਾਸ ਕਰ ਪ੍ਰਮਾਤਮਾ ਅੱਗੇ।"

"ਬਹਿ ਜਾ ਬੱਚੜੀ। ਤੁਸੀਂ ਵੀ ਬਹਿ ਜਾਓ ਭਾਈ।" ਬਾਬੇ ਨੇ ਖੂੰਡੀ ਕੰਧ ਨਾਲ ਖੜ੍ਹੀ ਕਰਦਿਆਂ ਇੱਧਰ-ਉੱਧਰ ਦੇਖਿਆ। ਬਰਾਂਡੇ ਵਿੱਚ ਬੈਠੀਆਂ ਬੁੜ੍ਹੀਆਂ ਹੋਰ ਪਰੇ ਨੂੰ ਸਰਕ ਗਈਆਂ।



"ਪਿਛਲੇ ਦਸਾਂ ਦਿਨਾਂ ਤੋਂ ਅਸੀਂ ਤਾਂ ਬੀਬਾ ਤੇਰੇ ਵਾਰੇ ਹੀ ਸੋਚ ਰਹੇ ਹਾਂ।" ਬਾਬੇ ਨੇ ਗੱਲ ਤੋਰਦਿਆਂ ਕਿਹਾ।

ਮਨਪ੍ਰੀਤ ਨੂੰ ਪਤਾ ਸੀ ਕਿ ਪੰਚਾਇਤ ਕੀ ਗੱਲ ਕਰਨ ਆਈ ਹੈ। ਪਿਛਲੇ ਕਈ ਦਿਨਾਂ ਤੋਂ ਜੋ ਕੰਨਸੋਆਂ ਉਸਦੇ ਕੰਨੀ ਪੈ ਰਹੀਆਂ ਸਨ, ਉਹਨਾਂ ਤੋਂ ਉਹ ਜਾਣੂ ਸੀ ਤੇ ਆਪ ਵੀ ਸੋਚਦੀ ਆ ਰਹੀ ਸੀ।

"ਅਸੀਂ ਤਾਂ ਇਹੋ ਸੋਚਦੇ ਰਹੇ ਹਾਂ ਕਿ ਤੇਰੀ ਰਹਿੰਦੀ ਜ਼ਿੰਦਗੀ ਕਿਵੇਂ ਸੁੱਖ-ਸ਼ਾਂਤੀ ਨਾਲ ਲੰਘੇ। ਪਤੀ ਦੀ ਥਾਂ ਹੋਰ ਕੋਈ ਵੀ ਰਿਸ਼ਤਾ ਨਹੀਂ ਲੈ ਸਕਦਾ। ਭੈਣ-ਭਰਾ ਚਾਰ ਦਿਨ ਹਮਦਰਦੀ ਕਰਕੇ ਚਲੇ ਜਾਂਦੇ ਨੇ," ਬਾਬੇ ਨੇ ਖੰਘਦਿਆਂ ਥੋੜ੍ਹਾ ਰੁਕ ਕੇ ਫੇਰ ਕਹਿਣਾ ਸ਼ੁਰੂ ਕੀਤਾ, "ਇਸ ਹਾਲਤ ਵਿੱਚ ਔਰਤ ਦੀ ਦਿਨ ਕਟੀ ਲਈ ਸਮਾਜ ਨੇ ਕੁਝ ਅਸੂਲ ਬਣਾਏ ਨੇ। ਤੇ ਇਹ ਰੀਤ ਚੰਗੀ ਵੀ ਹੈ- ਇਕ ਬਸਹਾਰੇ ਪ੍ਰਾਣੀ ਨੂੰ ਇੱਜ਼ਤ ਨਾਲ ਦਿਨ ਕਟੀ ਕਰਨ ਦਾ ਸਹਾਰਾ ਮਿਲ ਜਾਂਦਾ ਹੈ। ਸੋ ਪੰਚਾਇਤ ਨੇ ਸਾਰੀਆਂ ਗੱਲਾਂ ਸੋਚ ਵਿਚਾਰ ਕੇ ਇਹੋ ਫੈਸਲਾ ਕੀਤਾ ਹੈ ਕਿ ਤੇਰੇ ਤੇ ਛੋਟੇ ਦੀ ਚਾਦਰ ਪਵਾ ਦੇਈਏ।" ਬਾਬੇ ਨੇ ਪੰਚਾਇਤ ਦਾ ਫੈਸਲਾ ਸੁਣਾਉਂਦਿਆਂ ਕਿਹਾ।

ਮਨਪ੍ਰੀਤ ਚਾਹੁੰਦੀ ਸੀ ਕਿ ਪੰਚਾਇਤ ਨੂੰ ਸਾਫ ਨਾਂਹ ਕਰ ਦੇਵੇ। ਪਰ ਉਹ ਅਜਿਹਾ ਕਹਿ ਸਕਣ ਦੀ ਜੁਰਅਤ ਨਹੀਂ ਕਰ ਸਕੀ। ਹਾਂ ਵੀ ਉਸਦੇ ਗਲੇ ਵਿੱਚੋਂ ਨਹੀਂ ਨਿਕਲੀ।

"ਬਾਬਾ ਜੀ! ਮੈਨੂੰ ਤਾਂ ਹਾਲੇ ਆਪ ਦੀ ਹੀ ਸੁੱਧ ਨਹੀਂ। ਮੈਨੂੰ ਤਾਂ ਸੁਝਦਾ ਹੀ ਨਹੀਂ ਕੀ ਕਰਾਂ ਤੇ ਕੀ ਨਾ ਕਰਾਂ।"

"ਇਹ ਤਾਂ ਗੱਲ ਤੇਰੀ ਠੀਕ ਐ ਭਾਈ। ਪਰ ਇਸਦਾ ਫੈਸਲਾ ਤਾਂ ਕਰਨਾ ਹੀ ਪੈਣਾ। ਤੇਰੇ ਭਲੇ ਦੀ ਸੋਚਕੇ ਅਸੀਂ ਇਹ ਫੈਸਲਾ ਕੀਤਾ।" ਪੰਚਾਇਤ 'ਚੋਂ ਇੱਕ ਹੋਰ ਬਜ਼ੁਰਗ, ਜੋ ਸਾਬਕਾ ਫੌਜੀ ਹੈ। ਨੇ ਕਿਹਾ।

"ਮੈਨੂੰ ਸੋਚਣ ਦਾ ਸਮਾਂ ਦਿਓ। ਇਸ ਵੇਲੇ ਮੇਰਾ ਦਿਮਾਗ ਕੰਮ ਨਹੀਂ ਕਰਦਾ।" ਉਹ ਫੈਸਲਾ ਲਮਕਾਉਣਾ ਚਾਹੁੰਦੀ ਸੀ।

"ਪਰ ਬੱਚੀ ਫੈਸਲਾ ਕਰਨ ਦਾ ਇਕੋ-ਇਕ ਸਮਾਂ ਭੋਗ ਵੇਲੇ ਦਾ ਹੁੰਦਾ ਹੈ ਜਦੋਂ ਸਾਰੇ ਰਿਸ਼ਤੇਦਾਰ ਅਤੇ ਪੰਚਾਇਤ ਜੁੜੀ ਹੁੰਦੀ ਹੈ। ਇਹ ਮੌਕਾ ਨਿਕਲ ਗਿਆ ਫਿਰ ਕਈ ਤਰ੍ਹਾਂ ਦੇ ਬਗਾੜ ਪੈ ਸਕਦੇ ਹਨ।" ਬਾਬੇ ਨੇ ਦੋ ਟੁੱਕ ਫੈਸਲਾ ਕਰਨ ਦਾ ਸੁਝਾਅ ਦਿਤਾ।

"ਬਾਬਾ ਜੀ! ਤੁਸੀਂ ਸਾਰੇ ਸਿਆਣੇ ਹੋ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਤੁਸੀਂ ਜੋ ਵੀ ਕਰੋਗੇ, ਮੇਰੇ ਭਲੇ ਲਈ ਹੀ ਕਰੋਗੇ। ਤੁਹਾਡਾ ਫੈਸਲਾ ਮੇਰੇ ਸਿਰ ਮੱਥੇ ਹੋਵੇਗਾ। ਤੁਸੀਂ ਮੈਨੂੰ ਥੋੜ੍ਹਾ ਹੋਰ ਸਮਾਂ ਦੇ ਦਿਓ। ਮੈਨੂੰ ਭਰਾ-ਭਰਜਾਈ ਨਾਲ ਸਲਾਹ ਕਰ ਲੈਣ ਦਿਓ।" ਭਾਵੇਂ ਉਸਨੇ ਮਜ਼ਬੂਰਨ ਨਾਂਹ ਵਰਗੀ ਹਾਂ ਕਰ ਦਿੱਤੀ ਸੀ, ਪਰ ਉਸਦਾ ਮਨ ਇਸ ਫ਼ੈਸਲੇ ਨੂੰ ਮੰਨਣ ਲਈ ਤਿਆਰ ਨਹੀਂ ਸੀ।

"ਠੀਕ ਹੈ ਬਚੜੀ! ਹੋਰ ਸੋਚ ਲੈ। ਇਹ ਵੀ ਠੀਕ ਹੈ, ਆਪਣੇ ਭਰਾ-ਭਰਜਾਈ ਨਾਲ ਸਲਾਹ ਕਰਨੀ ਵੀ ਜ਼ਰੂਰੀ ਹੈ। ਅਸੀਂ ਪੰਚਾਇਤ ਦਾ ਫ਼ੈਸਲਾ ਤੇਰੇ ਤੇ ਧੱਕੇ ਨਾਲ ਨਹੀਂ ਠੋਸਣਾ ਚਾਹੁੰਦੇ। ਜੋ ਵੀ ਹੋਵੇਗਾ ਤੇਰੀ ਰਜ਼ਾਮੰਦੀ ਨਾਲ ਹੀ ਹੋਵੇਗਾ।" ਬਾਬਾ ਅਮਰ ਸਿੰਘ ਨੇ ਹੋਰ ਮੋਹਲਤ ਦਿੰਦਿਆਂ ਕਿਹਾ, "ਚਲੋ ਭਾਈ ਬੀਬੀ ਨੂੰ ਹਾਲੇ ਅਰਾਮ ਕਰਨ ਦਿਓ।" ਤੇ ਪੰਚਾਇਤੀ ਫਿਰ ਰਿਸ਼ਤੇਦਾਰਾਂ ਕੋਲ ਜਾ ਬੈਠੇ।

ਇਹ ਕਿਹੋ ਜਿਹੀ ਘੜੀ ਆ ਗਈ ਹੇ। ਮਨ ਜਿਸ ਨੂੰ ਮੰਨਣ ਲਈ ਤਿਆਰ ਨਹੀਂ, ਤਨ ਦੀਆਂ ਲੋੜਾਂ ਉਸੇ ਨੂੰ ਮੰਨਣ ਲਈ ਮਜ਼ਬੂਰ ਨੇ। ਉਹ ਇਸੇ ਸੋਚ ਵਿੱਚ ਬੈਠੀ ਸੋਚਦੀ ਰਹੀ.........ਸੋਚਦੀ ਰਹੀ.........ਸੋਚਦੀ ਰਹੀ..........।

"ਭੈਣੇ!......"

ਉਹ ਚੌਂਕੀ, ਉਸ ਦਾ ਭਰਾ, ਉਸਦੇ ਕੋਲ ਖੜ੍ਹਾ ਹੈ। ਭਰਾ ਨੂੰ ਦੇਖਦਿਆਂ ਉਸਦੀਆਂ ਭੁੱਬਾਂ ਨਿਕਲ ਗਈਆਂ। ਉਹ ਭਰਾ ਦੇ ਗਲ ਨੂੰ ਚੰਬੜ ਗਈ।

"ਬਸ ਭੈਣ, ਬੱਸ। ਆਪਣੇ ਆਪ ਨੂੰ ਸੰਭਾਲ। ਇਉਂ ਰੋ ਰੋ ਕੇ ਦਿਨ ਕਟੀ ਨਹੀਂ ਹੋਣੀ। ਹਿੰਮਤ ਰੱਖ। ਜੀਵਨ ਇਕ ਸੰਘਰਸ਼ ਹੈ ਤੇ ਇਸ ਸੰਘਰਸ਼ ਵਿੱਚ ਉਹੋ ਹੀ ਸਫਲ ਹੁੰਦਾ ਹੈ ਜਿਸਦਾ ਇਰਾਦਾ ਦ੍ਰਿੜ੍ਹ ਹੋਵੇ, ਹਿੰਮਤ ਹੋਵੇ ਅਤੇ ਔਕੜਾਂ 'ਤੇ ਕਾਬੂ ਪਾਉਣ ਦੀ ਦਲੇਰੀ। ਜੇ ਜ਼ਿੰਦਗੀ ਦੇ ਚੰਗੇ ਦਿਨ ਨਹੀਂ ਰਹੇ ਤਾਂ ਮਾੜੇ ਵੀ ਨਹੀਂ ਰਹਿਣ ਲੱਗੇ। ਚੰਗੇ ਦਿਨ ਫਿਰ ਪਰਤਣਗੇ।" ਭਰਾ ਨੇ ਭੈਣ ਨੂੰ ਦਿਲਾਸਾ ਅਤੇ ਹੌਸਲਾ ਦਿੰਦਿਆਂ ਕਿਹਾ। ਕੁੱਝ ਦੇਰ ਹੋਰ ਭਰਾ ਭੈਣ ਗੱਲਾਂ ਕਰਦੇ ਰਹੇ, ਜਿਨ੍ਹਾਂ ਨੇ ਮਨਪ੍ਰੀਤ ਦੇ ਮਨ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ।

ਭੋਗ ਦਾ ਸਮਾਂ ਹੋ ਗਿਆ। ਗ੍ਰੰਥੀ ਨੇ ਇੱਕ ਮੁੰਡੇ ਨੂੰ ਭੇਜ ਕੇ ਭੋਗ ਦੀ ਘੰਟੀ ਬਜਵਾਈ। ਪਿੰਡ ਦੇ ਲੋਕ ਅਤੇ ਰਿਸ਼ਤੇਦਾਰ ਪਾਠ ਵਾਲੀ ਬੈਠਕ ਵਿੱਚ ਜੁੜਨ ਲੱਗੇ।

ਬਾਬਾ ਅਮਰ ਸਿੰਘ ਅਤੇ ਸਰਪੰਚ ਫੇਰ ਉਹਨਾਂ ਕੋਲ ਆ ਗਏ ਤਾਂ ਜੋ ਪੰਚਾਇਤ ਦੇ ਫੈਸਲੇ ਤੇ ਦੋਨਾਂ ਭੈਣ-ਭਰਾਵਾਂ ਦੀ ਮੋਹਰ ਲਗਵਾ ਸਕਣ।

"ਹਾਂ ਬਚੜੀ! ਫੇਰ ਪੰਚਾਇਤ ਦਾ ਫ਼ੈਸਲਾ ਮਨਜ਼ੂਰ ਹੈ ?" ਬਾਬੇ ਨੂੰ ਪਤਾ ਸੀ ਕਿ ਇਸ ਹਾਲਾਤ ਵਿੱਚ ਉਸ ਕੋਲ ਹਾਂ ਕਰਨ ਤੋਂ ਬਿਨਾਂ ਹੋਰ ਕੋਈ ਰਸਤਾ ਨਹੀਂ ਸੀ ਪਰ ਉਸਦੀ ਹਾਂ ਕਹਾਉਣੀ ਵੀ ਜ਼ਰੂਰੀ ਸੀ।

ਮਨਪ੍ਰੀਤ ਨੇ ਹੱਥ ਜੋੜ ਕੇ ਨਿਮਰਤਾ ਨਾਲ ਅਤੇ ਬਿਨਾਂ ਕਿਸੇ ਹਿਚਕਚਾਹਟ ਦੇ ਆਪਣਾ ਫ਼ੈਸਲਾ, ਸੁਣਾਇਆ "ਬਾਬਾ ਜੀ! ਭਰਾ ਨੇ ਮੇਰੇ ਲਈ ਸ਼ਹਿਰ ਨੌਕਰੀ ਦਾ ਪ੍ਰਬੰਧ ਕਰ ਦਿੱਤਾ ਹੈ ; ਮੈਂ ਦਿਓਰ ਦੀ ਚਾਦਰ ਨਹੀਂ ਪਵਾਵਾਂਗੀ।"

## ਪੁਸਤਕ ਪ੍ਰਾਪਤੀ

1. ਆਕਟੋਪਸ (ਕਵਿਤਾਵਾਂ) ਸੋਮਾ ਸਬਲੋਕ। ਪੰਨੇ 72, ਮੁੱਲ 40/- ਕੁਕਨੁਸ ਪ੍ਰਕਾਸ਼ਨ ਜਲੰਧਰ।
2. ਲੋਕ-ਗੀਤਾਂ ਦੇ ਨਾਲ-ਨਾਲ (ਵਾਰਤਕ) ਡਾ. ਕਰਮਜੀਤ ਸਿੰਘ। ਪੰਨੇ 104, ਮੁੱਲ 50/- ਪ੍ਰਕਾਸ਼ਨ ਜਲੰਧਰ।
3. ਵੇਦਨ ਕਹੀਐ ਕਿਸ (ਕਹਾਣੀਆਂ) ਕਰਮ ਸਿੰਘ ਮਾਨ। ਪੰਨੇ 126, ਮੁੱਲ 100/- ਵਰਤਮਾਨ ਪ੍ਰਕਾਸ਼ਨ, ਵੈਸਟ ਪਟੇਲ ਨਗਰ ਨਵੀਂ ਦਿੱਲੀ।
4. ਜੰਗ-ਨਾਮਾ ਪੰਜਾਬ (ਪੰਜਾਬ ਸੰਕਟ ਬਾਰੇ ਲੰਮੀ ਕਾਵਿ-ਰਚਨਾ) ਹਰਭਜਨ ਸਿੰਘ ਹੁੰਦਲ ਪੰਨੇ 80, ਮੁੱਲ 60/- ਜਸਵੰਤ ਪ੍ਰਿੰਟਰਜ਼ ਲੁਧਿਆਣਾ।
5. ਸਰਦਾਰ ਸੋਭਾ ਸਿੰਘ ਸਿਮਰਤੀ ਗ੍ਰੰਥ (ਸੰਪਾਦਨ) ਪੁਰਵਮਨ ਸਿੰਘ ਬੇਦੀ-ਗੁਰਭਜਨ ਗਿੱਲ। ਪੰਨੇ 320, ਮੁੱਲ 400/- ਜਸਵੰਤ ਪ੍ਰਿੰਟਰਜ਼ ਲੁਧਿਆਣਾ।
6. ਸਰਦਾਰ ਸੋਭਾ ਸਿੰਘ ਸਿਮਰਤੀ ਗ੍ਰੰਥ (ਸੰਪਾਦਨ) ਪੁਰਦਮਨ ਸਿੰਘ ਬੇਦੀ- ਗੁਰਭਜਨ ਗਿੱਲ- ਪੰਨੇ 320, ਮੁੱਲ 400/- ਜਸਵੰਤ ਪ੍ਰਿੰਟਰਜ਼ ਲੁਧਿਆਣਾ।
7. ਹਾਦਸਿਆਂ ਦਾ ਸਫ਼ਰ (ਮਿੰਨੀ ਕਹਾਣੀਆਂ) ਸੁਰਿੰਦਰ ਮਕਸੂਦਪੁਰੀ ਪੰਨੇ 128, ਮੁੱਲ 145/ - ਦੀਪਕ ਪਬਲਿਸ਼ਰਜ਼ ਜਲੰਧਰ।
8. ਹਰਭਜਨ ਸਿੰਘ ਹੁੰਦਲ ਦਾ ਕਾਵਿ-ਜਗਤ (ਸੰਪਾਦਨ) ਨਵਜੋਤ ਹੁੰਦਲ ਪੰਨੇ 100, ਮੁੱਲ ਪੇਪਰ ਬੈਕ 50/- ਚਿਰਾਗ ਪ੍ਰਕਾਸ਼ਨ।
9. ਕਵਿਤਾ ਦੀ ਤਲਾਸ਼ (2000 ਤੱਕ ਦੀਆਂ ਸੁਮੁੱਚੀਆਂ ਕਾਵਿ-ਰਚਨਾਵਾਂ) ਹਰਭਜਨ ਸਿੰਘ ਹੁੰਦਲ। ਪੰਨੇ 440, ਪੇਪਰ ਬੈਕ150/- ਕੁਕਨੁਸ ਪ੍ਰਕਾਸ਼ਨ ਜਲੰਧਰ।
10. ਸਾਹਿਤਕ ਮੁਲਾਕਾਤਾਂ (ਬਲਬੀਰ ਮਾਧੋਪੁਰੀ) ਪੰਨੇ 144, ਮੁੱਲ 125/- ਆਰਸੀ ਪਬਲਿਸ਼ਰਜ਼ ਦਿੱਲੀ-6.
11. ਰਾਤ (ਨਾਵਲ) ਐਲੀ ਵਾਈਜ਼ਲ, ਪੰਨੇ 96, ਮੁੱਲ 35/- ਕੁਕਨੁਸ ਪ੍ਰਕਾਸ਼ਨ ਜਲੰਧਰ।
12. ਮੱਟੋ ਦੇ ਖਤ (ਅਨੁਵਾਦ : ਪ੍ਰੇਮ ਅਵਤਾਰ ਰੈਣਾ), ਪੰਨੇ 80, ਮੁੱਲ 40/- ਕੁਕਨੁਸ ਪ੍ਰਕਾਸ਼ਨ ਜਲੰਧਰ।
13. ਜਲਾਵਤਨ (ਕਹਾਣੀਆਂ) ਸੁਕੀਰਤ। ਪੰਨੇ 80, ਮੁੱਲ 40/- ਕੁਕਨੁਸ ਪ੍ਰਕਾਸ਼ਨ ਜਲੰਧਰ।
14. ਗ਼ਾਲਿਬ ਦੇ ਖ਼ਤ (ਅਨੁਵਾਦਕ) ਸੰਦੀਪ ਸਿੰਘ। ਪੰਨੇ 80, ਮੁੱਲ 40/- ਕੁਕਨੁਸ ਪ੍ਰਕਾਸ਼ਨ ਜਲੰਧਰ।
15. ਦਸਵੇਂ ਦਹਾਕੇ ਦੀ ਮਿੰਨੀ ਕਹਾਣੀ (ਸੰਪਾਦਨ) ਸੁਰਿੰਦਰ ਕੈਲੇ। ਪੰਨੇ 88, ਮੁੱਲ 50/- ਅਣੂ ਮੰਚ, ਲੁਧਿਆਣਾ।



*ਬੰਗਾਲੀ ਕਵਿਤਾ :*

## ਕੁਝ ਹਾਈਕੂ

ਡਾ. ਬਿਪਲਾਬ ਮਜੂਮਦਾਰ

- ਕਵੀ ਦੀਆਂ ਨਾੜਾਂ ਵਿੱਚ
  ਲਹੂ ਨਹੀਂ ਦੌੜਦਾ
  ਸਗੋਂ ਕਵਿਤਾ ਦਾ ਨੀਲਾ ਜ਼ਹਿਰ ਹੁੰਦਾ ਹੈ।
- ਬੱਚੇ ਹੁਣ ਪਿਆਰ ਵਿੱਚੋਂ
  ਜਨਮ ਨਹੀਂ ਲੈਂਦੇ
  ਤਾਂ ਹੀ ਪਿਆਰ ਦੀ ਏਨੀ ਥੁੜ੍ਹ ਹੈ।
- ਹੇ ਬਾਮੀ ਯਾਰ ਬੁੱਧ !
  ਸਾਨੂੰ ਦੱਸ ਕਿ
  ਹਰ ਯੁੱਗ ਵਿੱਚ ਈਸਾ ਸੂਲੀ ਚੜ੍ਹਦੇ ਆਏ ਨੇ।
- ਗੁਫ਼ਾਵਾਂ ਰੌਸ਼ਨੀ ਦੀਆਂ ਫੜਾਂ ਨਹੀਂ ਮਾਰਦੀਆਂ
  ਸਗੋਂ ਕਬਰਸਤਾਨ ਮੂੰਹ ਚਿੜਾਉਂਦਾ ਹੈ
  ਪਰਦੇਦਾਰ ਰਹੱਸ ਹਵਾਂਕਦਾ ਪਿਆ ਹੈ।
- ਖੰਭੇ ਦੀਆਂ ਬੱਤੀਓ।
  ਸ਼ਰਾਬੀ ਹੋਈ ਅੱਧੀ ਰਾਤੇ,
  ਸ਼ਹਿਰ ਦੀ ਲੁੱਕ ਵਾਲੀ ਸੜਕ 'ਤੇ
  ਕਵੀ ਡਿੱਗਿਆ ਪਿਆ ਹੈ।
- ਯਾਦਾਂ ਦੀ ਧੁੰਦ ਵਿੱਚ
  ਅਸੁਰੱਖਿਆ ਜੱਫੀ ਪਾਉਂਦੀ ਹੈ
  ਤੇ ਬੁੱਢੀ ਉਮਰ
  ਇਕੱਲਤਾ ਵਿੱਚ ਧੁੱਪ ਸੇਕਦੀ ਹੈ।
- ਧੁੰਦਲਿਆਇਆ ਚੰਦ
  ਰਾਤ ਪਾਲੇ ਨਾਲ ਕੰਬਦੀ ਹੈ
  ਸਰਦੀ ਦੀ ਰੁੱਤ ਦਿਲ ਨੂੰ ਵੀ ਸਫ਼ੈਦ ਕਰ ਦਿੰਦੀ ਹੈ
  ਤੇ ਕਵਿਤਾ ਵੀ ਜੰਮ ਜਾਂਦੀ ਹੈ।
- ਸਹੀ ਗਿਆਨ ਬਾਝੋਂ
  ਬੰਦਾ ਮੀਂਹ ਵਿੱਚ ਵੀ
  ਤੇ ਸੜਦੀ ਧੁੱਪ ਵਿੱਚ ਵੀ
  ਸਿਰੋਂ ਨੰਗਾ ਹੈ।
- ਧਰਤੀ ਦੀ ਅੰਤਹੀਣ ਸੜਕ
  ਆਦਮੀ ਦੇ ਪੈਰਾਂ ਨੂੰ
  ਸਬਰ ਨਾਲ ਉਡੀਕਦੀ ਹੈ
  ਆਓ ਸੜਕ 'ਤੇ ਪੈਰ ਧਰੀਏ।
- ਗਿੱਧ ਦੇ ਪਰਛਾਵੇਂ ਪਿਛਵਾੜੇ
  ਲਾਲਚ ਦਾ ਸ਼ੈਤਾਨ ਬੇਸ਼ਰਮੀ ਨਾਲ
  ਦੰਦੀਆਂ ਕਰੀਚਦਾ
  ਤੇ ਅੱਖਾਂ ਝੱਪਕਦਾ ਹੈ।

*ਹਿੰਦੀ ਕਵਿਤਾ:*

# ਪਿੰਡ

ਅਲਪਨਾ ਮਿਸ਼ਰ

ਇਸ ਨੂੰ ਢਹਿਣ ਤੋਂ ਬਚਾਉਂਦੀਆਂ
ਸਿਰਫ਼ ਔਰਤਾਂ ਬਚੀਆਂ ਨੇ
ਮਰਦ ਚਲੇ ਗਏ ਨੇ ਬੰਬਈ ਕਮਾਈ ਕਰਨ
ਨਾ ਦੁਖੀ ਹੁੰਦੀਆਂ, ਨਾ ਹੱਸਦੀਆਂ, ਨਾ ਦਿਨ ਗਿਣਦੀਆਂ
ਖ਼ਰਚ ਹੁੰਦੀਆਂ ਰਹਿੰਦੀਆਂ ਨੇ ਔਰਤਾਂ
ਰਕਤ-ਬੀਜਾਂ ਨੂੰ ਨਾੜੂ ਨਾਲ ਲਟਕਾ ਕੇ
ਪੰਛੀਆਂ ਦੀ ਚਹਿਚਹਾਟ
ਤੇ ਗੇਂਦੇ ਦੇ ਫੁੱਲਾਂ 'ਚੋਂ ਨਿਰਲੇਪ ਨਿਕਲ ਜਾਂਦੀਆਂ ਨੇ
ਐਸੇ ਸਮੇਂ ਮੇਰਾ ਆਣਾ।

ਕੀ ਉਹ ਖ਼ੁਸ਼ੀ ਦੇ ਬਾਰੇ 'ਚ ਸੋਚਣਗੀਆਂ ?
ਹੁਣ ਤੋਂ ਆਪਣੀਆਂ ਵਹੀਆਂ, ਡਾਇਰੀਆਂ
ਛੁਪਾ ਦੇਣਗੀਆਂ ?
ਪੰਛੀਆਂ ਦੀਆਂ ਗੱਠੜੀਆਂ ਖੋਲ੍ਹ ਦੇਣਗੀਆਂ ?
ਆਪਣੇ ਦੰਦ ਤਿੱਖੇ ਕਰਨਗੀਆਂ
ਜਾਲ ਕੱਟ ਸੁੱਟਣ ਲਈ
ਚਿੜੀਆਂ ਨੂੰ ਉੱਡਾ ਦੇਣਗੀਆਂ
ਸਮਾਜਕ ਸੁਰੱਖਿਆ ਦੇ ਸਿਧਾਂਤ 'ਤੇ
ਝਾੜੂ ਮਾਰ ਦੇਣਗੀਆਂ
ਅਲਖ ਜਗਾਣਗੀਆਂ ਆਪਣਾ ਈਸ਼ਵਰ ਪਾਣ—?

ਉਹ ਬਹੁਤ ਸੁੰਦਰ ਅਜਨਬੀ ਔਰਤ
ਹੱਥ 'ਚ ਸ਼ਰਬਤ ਦਾ ਗਲਾਸ ਫੜ ਕੇ
ਗਲੋਬ ਦੀ ਧੁਰੀ 'ਤੇ ਠਿਠਕਦੀ ਏ
ਸਹਿਮ ਜਾਂਦਾ ਏ ਪੂਰਾ ਪਿੰਡ
ਜਿਵੇਂ ਕੈਮਰੇ 'ਚ ਕੈਦ ਇਕ ਜੀਵਤ ਚਿੱਤਰ
ਇਸ ਸ਼ਾਮ 'ਚ ਸਵੇਰ ਦੀ ਖ਼ਾਮੋਸ਼ੀ
ਜਾਂ ਸਵੇਰ 'ਚ ਸ਼ਾਮ ਦੀ ਹਲਚਲ ਨਹੀਂ

ਇੱਥੋਂ ਦੇ ਤੋਤਿਆਂ, ਘੋਗਿਆਂ, ਡੱਡੂਆਂ
ਗੰਡੋਇਆਂ ਤਕ, ਚੌਂ
ਕਿਸੇ ਨੇ ਨੋਚ ਲਈ ਏ ਜਾਨ

ਐਸੇ ਸਮੇਂ ਉਹਨਾਂ ਦੇ ਪਰਦੇਸੀ ਆਉਂਦੇ ਨੇ
ਇਸ ਰੁਕੇ ਹੋਏ ਚਿੱਤਰ 'ਤੇ
ਇਕ ਧੁੰਦ ਦੀ ਪਰਤ ਲਪੇਟ ਕੇ
ਉਹਨਾਂ ਦੇ ਖਰਚਿਆਂ 'ਤੇ .... ਕਰਕੇ
ਉਹਨਾਂ ਦੀਆਂ ਬਹੀਆਂ, ਡਾਇਰੀਆਂ 'ਤੇ
ਬਾਣੀਆਂ ਦਾ ਹਿਸਾਬ ਵੇਖ ਕੇ
ਉਹਨਾਂ ਦੇ ਸ਼ਬਦਾਂ ਅਤੇ ਸੰਤਾਨਾਂ ਤੇ
ਯਕੀਨ ਦੀ ਮਜਬੂਰੀ ਨਾਲ
ਆਪਣੀਆਂ ਕਮਜ਼ੋਰੀਆਂ 'ਚ ਪਰਤ ਜਾਂਦੇ ਨੇ
ਮੋਈਆਂ ਚਿੜੀਆਂ ਬਾਰੇ ਉਹ ਨਹੀਂ ਪੁੱਛਦੇ

ਤਦ ਤਸੱਲੀ ਨਾਲ ਈਸ਼ਵਰ ਆਉਂਦੇ ਨੇ
ਔਰਤਾਂ ਗਿੜਗਿੜਾਉਂਦੀਆਂ ਨੇ
'ਕੋਈ ਨਾ ਆਏ ਤਾਂ ਬੇਹਤਰ'

ਈਸ਼ਵਰ ਇਹਨਾਂ ਦੀਆਂ ਬਹੀਆਂ ਡਾਇਰੀਆਂ 'ਤੇ
ਬਾਣੀਆਂ ਦੇ ਹਿਸਾਬ 'ਚੋਂ ਨਿਕਲ ਕੇ
ਉਹਨਾਂ ਤੇ ਔਲਾਦਾਂ ਦੀ ਕਿਰਪਾ ਦ੍ਰਿਸ਼ਟੀ ਫੇਰਦੇ
ਉਹਨਾਂ ਦੀਆਂ ਕੁੜੀਆਂ ਦੀਆਂ ਗੱਠੜੀਆਂ ਲੈ ਕੇ
ਦੂਰ ਦੇਸ਼ਾਂ ਵੱਲ ਨਿਕਲ ਜਾਂਦੇ ਨੇ
ਸੌਦਾ ਸੁਲਫ਼ ਕਰਦੇ ਹੋਏ

ਤਦ ਚੁੱਪ-ਚਾਪ ਇਸ ਚਿੱਤਰ ਦੇ ਜਲ 'ਚ
ਕੰਕਰ ਸੁੱਟਣ ਲਈ
ਭੂਤਾਂ ਵਾਲੇ ਦਰੱਖਤ ਦੀਆਂ ਡਾਇਣਾਂ ਵਰਗੀਆਂ
ਅਵਿਸ਼ਵਾਸ ਦੇ ਧੀਰਜ ਨਾਲ
ਦੋ ਮੁਟਿਆਰਾਂ
ਪਰਛਾਵਿਆਂ ਵਾਂਗ ਹਿਲਦੀਆਂ-ਡੁੱਲ੍ਹਦੀਆਂ
ਇੱਥੇ ਬੈਠੀਆਂ ਰਹਿੰਦੀਆਂ ਨੇ।

ਅਨੁ-ਪ੍ਰੇਮ ਸਾਹਿਲ



*ਪੁਸਤਕ ਪੜਚੋਲ :*

# 'ਕੌਰਵ ਸਭਾ' 'ਚ ਰਿਸ਼ਤੇ

ਰਿਸ਼ਤੇ ਮਿਥਣਾ ਸਮਾਜ ਦੇ ਵਿਕਾਸ ਵਿੱਚ ਇਕ ਅਹਿਮ ਘਟਨਾ ਸੀ। ਇਸ ਤੋਂ ਪਹਿਲਾਂ ਵਿਅਕਤੀ ਮਨੁੱਖ ਨਾ ਹੋ ਕੇ ਪਸ਼ੂ ਸੀ। ਰਿਸ਼ਤਿਆਂ ਨੇ ਪਹਿਲਾਂ ਕਬੀਲਦਾਰੀ ਸਮੇਂ ਤੇ ਪਿੱਛੋਂ ਜਗੀਰਦਾਰੀ ਪ੍ਰਥਾ ਸਮੇਂ ਸਮਾਜ ਨੂੰ ਇਕੱਠਾ ਰੱਖਣ ਵਿਗਸਣ ਵਿੱਚ ਅਹਿਮ ਰੋਲ ਅਦਾ ਕੀਤਾ। ਉਸ ਸਮੇਂ ਵਿਅਕਤੀ ਲਈ ਰਿਸ਼ਤਿਆਂ ਤੋਂ ਬਿਨਾਂ ਜਿਉਣਾ ਅਸੰਭਵ ਸੀ। ਇਹਨਾਂ ਰਿਸ਼ਤਿਆਂ ਨੇ ਵਿਕਾਸ ਦਾ ਲੰਮਾ ਪੈਂਡਾ ਤਹਿ ਕੀਤਾ ਹੈ ਅਤੇ ਸਮੇਂ ਨਾਲ ਇਹਨਾਂ ਵਿੱਚ ਢੇਰ ਤਬਦੀਲੀਆਂ ਆਈਆਂ ਹਨ। ਕਿਸੇ ਸਮੇਂ ਇਕ ਕਬੀਲਾ ਸਮਾਜ ਦੀ ਸੰਪੂਰਨ ਇਕਾਈ ਸੀ। ਸਾਰੇ ਰਿਸ਼ਤੇ ਕਬੀਲੇ ਦੇ ਅੰਦਰ ਹੀ ਸੀਮਿਤ ਸਨ। ਹੌਲੀ-ਹੌਲੀ ਵਿਕਾਸ ਹੋਇਆ ਅਤੇ ਹੋਰ ਕੁਝ ਕਬੀਲਿਆਂ ਦੀਆਂ ਆਪਸੀ ਸਾਂਝਾਂ ਵਧੀਆਂ ਤੇ ਰਿਸ਼ਤੇ ਬਣ ਗਏ। ਉਸ ਸਮੇਂ ਵਿਅਕਤੀ ਆਪਣੇ ਕਬੀਲੇ ਲਈ ਹੀ ਸਮਰਪਿਤ ਹੁੰਦਾ ਸੀ ਤੇ ਕਬੀਲੇ ਨਾਲੋਂ ਟੁੱਟ ਕੇ ਜਾਂ ਕਬੀਲੇ ਵਿੱਚੋਂ ਕੱਢੇ ਜਾਣ 'ਤੇ ਉਸ ਲਈ ਜੀਣਾ ਅਸੰਭਵ ਸੀ। ਹੌਲੀ-ਹੌਲੀ ਕਬੀਲੇ ਪਸ਼ੂ ਪਾਲਕਾਂ ਤੋਂ ਤੁਰ ਕੇ ਖੇਤੀ ਵੱਲ ਵਧੇ ਤੇ ਆਪੋ-ਆਪਣੇ ਥਾਂ ਟਿਕਾਣੇ ਮੱਲ ਕੇ ਬੈਠ ਗਏ। ਖੇਤੀ ਦੇ ਵਿਕਾਸ ਨਾਲ ਜਗੀਰਦਾਰੀ ਪ੍ਰਥਾ ਦੀ ਨੀਂਹ ਰੱਖੀ ਗਈ ਤੇ ਇਹ ਪ੍ਰਥਾ ਵਿਕਾਸ ਕਰਦੀ ਗਈ। ਕੁਝ ਕਬੀਲੇ ਮਾਤਾ ਪ੍ਰਧਾਨ ਤੇ ਕੁਝ ਪਿਤਾ ਪ੍ਰਧਾਨ ਹੁੰਦੇ ਸਨ। ਉਹੀ ਪ੍ਰਥਾ ਵਿਰਸੇ ਵਿੱਚ ਜਗੀਰਦਾਰੀ ਸਮੇਂ ਮਿਲੀ। ਭਾਰਤ ਵਿੱਚ ਖ਼ਾਸ ਤੌਰ 'ਤੇ ਆਰੀਆ ਕਬੀਲਿਆਂ ਵਿੱਚ ਕਬੀਲੇ ਪਿਤਾ ਪ੍ਰਧਾਨ ਜਾਂ ਮਰਦ ਪ੍ਰਧਾਨ ਸਨ। ਉਸ ਸਮੇਂ ਮਿਥੇ ਗਏ ਰਿਸ਼ਤੇ ਲੰਮਾ ਚਿਰ ਸਮਾਜ ਨੂੰ ਸਾਵਾਂ ਰੱਖਣ ਤੇ ਚੱਲਦਾ ਰੱਖਣ ਵਿੱਚ ਸਹਾਈ ਹੋਏ। ਇਹਨਾਂ ਰਿਸ਼ਤਿਆਂ ਨੂੰ ਕਾਇਮ ਰੱਖਣ ਵਿੱਚ ਪੈਦਾਵਾਰ ਦੇ ਸਾਧਨਾਂ ਦਾ ਇੱਕਠਾ ਹੋਣਾ ਸੀ। ਭਾਵ ਆਰਥਿਕਤਾ ਖੇਤੀ ਪ੍ਰਧਾਨ ਹੋਣ ਕਾਰਨ ਸਾਰਿਆਂ ਦੀ ਰੋਜੀ-ਰੋਟੀ ਖੇਤੀ ਦੀ ਪੈਦਾਵਾਰ ਤੋਂ ਪ੍ਰਾਪਤ ਹੁੰਦੀ ਸੀ। ਸਾਰੇ ਰਲ ਕੇ ਖੇਤੀ ਦਾ ਕੰਮ ਕਰਦੇ ਤੇ ਲੋੜ ਅਨੁਸਾਰ ਉਪਜ ਵਿੱਚੋਂ ਹਿੱਸਾ ਪ੍ਰਾਪਤ ਕਰਦੇ। ਖੇਤੀ ਦੇ ਸੰਦਾਂ ਦੇ ਅਵਿਕਸਤ ਹੋਣ ਕਾਰਨ ਬਹੁਤਾ ਕੰਮ ਮਨੁੱਖੀ ਸ਼ਕਤੀ ਨਾਲ ਹੀ ਹੁੰਦਾ ਸੀ। ਇਸ ਲਈ ਇਸ ਕੰਮ ਵਿੱਚ ਜਿੰਨੇ ਬਹੁਤੇ ਮਨੁੱਖ ਲੱਗਦੇ ਉਨੀ ਹੀ ਬਹੁਤੀ ਉਪਜ ਦੀ ਜਾਮਨੀ ਹੁੰਦੀ ਸੀ। ਜਗੀਰਦਾਰੀ ਵਿੱਚ ਵੀ ਕਬੀਲਾਦਾਰੀ ਵਾਂਗ ਕੰਮ ਵੰਡ ਹੋਈ। ਗੱਭਰੂ ਮਰਦ ਖੇਤੀ ਕਰਦੇ, ਬਜ਼ੁਰਗ ਉਹਨਾਂ ਦੀ ਰਾਖੀ ਕਰਦੇ, ਇਸਤਰੀਆਂ ਘਰ ਸੰਭਾਲਦੀਆਂ, ਛੋਟੇ ਬੱਚੇ ਪਸ਼ੂ ਪਾਲਦੇ। ਇਸ ਤਰ੍ਹਾਂ ਜਗੀਰਦਾਰੀ ਪ੍ਰਥਾ ਵਿੱਚ ਪਰਿਵਾਰ ਇਕ ਗੁੰਦੀ ਹੋਈ ਇਕਾਈ ਹੁੰਦਾ ਹੈ। ਉਸ ਤੋਂ ਬਾਹਰ ਪਿੰਡ, ਗੋਤ, ਜ਼ਾਤ, ਮਜ਼ਹਬ ਆਦਿ ਹੱਦਾਂ ਸਨ। ਪਰੰਤੂ ਸਮਾਂ ਵਿਹਾ ਕੇ ਜਗੀਰਦਾਰੀ ਪ੍ਰਥਾ ਬੋਦੀ ਹੋ ਗਈ। ਤੇ ਟੁੱਟਣੀ ਆਰੰਭ ਹੋ ਗਈ। ਸਰਮਾਏਦਾਰੀ ਪ੍ਰਥਾ ਦੇ ਵਿਕਾਸ ਨਾਲ ਜਗੀਰਦਾਰੀ ਪ੍ਰਥਾ ਵਾਲੀ ਸਮੂਹਿਕਤਾ ਖ਼ਤਮ ਹੋ ਗਈ। ਪੈਦਾਵਾਰੀ ਦੇ ਸੰਦਾਂ ਦੇ ਵਿਕਾਸ ਨਾਲ ਮਨੁੱਖੀ ਕਿਰਤ ਸੌਖੀ ਹੋ ਗਈ। ਜਿਸ ਕਾਰਨ ਰਿਸ਼ਤੇ ਦੀਆਂ ਤੰਦਾਂ ਹੋਰ ਵੀ ਢਿੱਲੀਆਂ ਪੈਣ ਲੱਗ ਪਈਆਂ। ਸਰਮਾਏਦਾਰੀ ਪ੍ਰਥਾ ਵਿੱਚ ਪੈਦਾਵਾਰ ਦਾ ਸਾਧਨ ਕੇਵਲ ਜ਼ਮੀਨ ਨਾ ਰਹਿ ਕੇ ਹੋਰ ਕਿੱਤੇ ਵੀ ਵਿਕਾਸ ਕਰ ਗਏ। ਜਿਨ੍ਹਾਂ ਦੇ ਆਸਰੇ ਇਕੱਲੇ ਮਨੁੱਖ ਨੂੰ ਵੀ ਜਿਉਣਾ ਸੁਖਾਲਾ ਹੋ ਗਿਆ। ਸਮਾਂ ਪਾ ਕੇ ਜ਼ਮੀਨ ਉੱਤੇ ਨਿਰਭਰ ਪਰਿਵਾਰ ਟੁੱਟਣੇ ਆਰੰਭ ਹੋ ਗਏ ਤੇ ਜ਼ਮੀਨ ਪਰਿਵਾਰ ਨੂੰ ਜੋੜਨ ਦੀ ਥਾਂ ਉਹਨੂੰ ਤੋੜਨ ਦਾ ਕਾਰਨ ਬਣ ਗਈ। ਸਰਮਾਏਦਾਰੀ ਪ੍ਰਥਾ ਜਗੀਰਦਾਰੀ ਦੀ ਪ੍ਰਥਾ ਦੀ ਸਮੂਹਿਕਤਾ ਨੂੰ ਖ਼ਤਮ ਕਰਕੇ ਵਿਅਕਤੀਗਤ ਜੀਵਨ ਨੂੰ ਉਤਸ਼ਾਹਿਤ ਕਰਦੀ ਹੈ। ਤੇ ਵਿਅਕਤੀ ਨੂੰ ਖ਼ੁਦਗਰਜ਼ ਬਣਾਉਂਦੀ ਹੈ। ਇਹੋ ਖ਼ੁਦਗਰਜ਼ੀ ਰਿਸ਼ਤਿਆਂ ਨੂੰ ਖੇਰੂੰ-ਖੇਰੂੰ ਕਰਨ ਦਾ ਕਾਰਨ ਬਣਦੀ ਹੈ।

2.

ਮਿੱਤਰ ਸੈਨ ਮੀਤ ਦੇ ਹੁਣੇ ਛਪੇ ਨਾਵਲ 'ਕੌਰਵ ਸਭਾ' ਵਿੱਚ ਇਹੋ ਕੁਝ ਵਾਪਰਦਾ ਹੈ। ਨਾਵਲ ਵਿਚਲੀਆਂ ਘਟਨਾਵਾਂ ਰਿਸ਼ਤਿਆਂ ਨੂੰ ਖੇਰੂੰ-ਖੇਰੂੰ ਹੀ ਨਹੀਂ ਕਰਦੀਆਂ ਬਲਕਿ ਇੱਕ ਅਣ-ਮਨੁੱਖੀ ਰੂਪ ਵੀ ਧਾਰਦੀਆਂ ਹਨ। ਨਾਵਲ ਦੀ ਕਥਾ ਅਨੁਸਾਰ ਇੱਕ ਨਿਮਨ ਮੱਧ ਵਰਗੀ ਪਰਿਵਾਰ ਜਿਹੜਾ ਕਿਸੇ ਸਮੇਂ ਛੋਟਾ-ਮੋਟਾ ਵਪਾਰਕ ਕਾਰੋਬਾਰ ਕਰਕੇ ਆਪਣਾ ਜੀਵਨ ਜਿਉਂਦਾ ਸੀ, ਉਹ ਕਸਬੇ ਦੀਆਂ

ਸਹੂਲਤਾਂ ਕਾਰਨ ਪੜ੍ਹ-ਲਿਖ ਜਾਂਦਾ ਹੈ ਤੇ ਵਿਕਾਸ ਕਰ ਜਾਂਦਾ ਹੈ। ਘਰ ਦਾ ਵੱਡਾ ਮੁੰਡਾ ਮੋਹਣ ਲਾਲ ਚੰਗੀ ਨੌਕਰੀ ਪ੍ਰਾਪਤ ਕਰਦਾ ਹੈ ਅਤੇ ਸ਼ਹਿਰ ਵਿੱਚ ਨਿਵਾਸ ਕਰਦਾ ਹੈ। ਜਾਇਜ਼-ਨਜਾਇਜ਼ ਢੰਗਾਂ ਨਾਲ ਚੋਖਾ ਧਨ ਇਕੱਠਾ ਕਰ ਲੈਂਦਾ ਹੈ। ਉਸ ਧਨ ਨੂੰ ਹੋਰ ਵਧਾਉਣ ਲਈ ਵੱਖੋ-ਵੱਖਰੇ ਕਾਰੋਬਾਰ ਆਰੰਭ ਕਰਦਾ ਹੈ। ਇਹ ਕਾਰੋਬਾਰ ਇੰਨਾ ਵਿਕਾਸ ਕਰ ਜਾਂਦਾ ਹੈ ਕਿ ਉਸਨੂੰ ਸੰਭਾਲਣਾ ਇਕੱਲੇ ਦੇ ਵੱਸ ਦਾ ਰੋਗ ਨਹੀਂ ਰਹਿ ਜਾਂਦਾ। ਇਸਨੂੰ ਸੰਭਾਲਣ ਲਈ ਕਿਸੇ ਭਰੋਸੇਯੋਗ ਬੰਦੇ ਦੀ ਲੋੜ ਹੁੰਦੀ ਹੈ। ਇਸ ਮੰਤਵ ਲਈ ਪੁਰਾਣੇ ਜਗੀਰੂ ਸੰਸਕਾਰਾਂ ਅਨੁਸਾਰ ਉਹਦੀ ਨਜ਼ਰ ਆਪਣੇ ਛੋਟੇ ਭਰਾ ਵੇਦ ਪ੍ਰਕਾਸ਼ 'ਤੇ ਜਾਂਦੀ ਹੈ। ਜਿਹੜਾ ਕਸਬੇ ਵਿੱਚ ਇਕ ਛੋਟੀ ਨੌਕਰੀ ਕਰਕੇ ਆਪਣੇ ਛੋਟੇ ਪਰਿਵਾਰ ਨਾਲ ਸੰਤੁਸ਼ਟ ਜੀਵਨ ਜਿਉਂ ਰਿਹਾ ਹੈ। ਮੁੱਢ ਵਿੱਚ ਉਹ ਆਪਣਾ ਕਾਰੋਬਾਰ ਛੱਡ ਕੇ ਸ਼ਹਿਰ ਜਾਣ ਲਈ ਤਿਆਰ ਨਹੀਂ ਹੁੰਦਾ। ਪਰੰਤੂ ਵੱਡੇ ਭਰਾ ਤੇ ਭਰਜਾਈ ਵੱਲੋਂ ਜ਼ੋਰ ਪਾਉਣ ਤੇ ਆਰਥਿਕ ਵਿਕਾਸ ਦਾ ਝਲਕਾਰਾ ਦੇਣ ਨਾਲ ਉਹ ਸ਼ਹਿਰ ਜਾਣ ਲਈ ਰਜ਼ਾਮੰਦ ਹੋ ਜਾਂਦਾ ਹੈ। ਮੋਹਣ ਲਾਲ ਦੇ ਕਾਰੋਬਾਰ ਸੰਭਾਲਣ ਤੇ ਪ੍ਰਬੰਧ ਕਰਨ ਦੇ ਨਾਲ ਹੀ ਉਹ ਵੀ ਆਰਥਿਕ ਤੌਰ 'ਤੇ ਵਿਕਾਸ ਕਰਦਾ ਹੈ। ਉਹ ਕਾਰੋਬਾਰ ਦੇ ਸਾਰੇ ਢੰਗ ਤੇ ਹੇਰਾਫੇਰੀਆਂ ਵੀ ਪੂਰੀ ਤਰ੍ਹਾਂ ਸਿੱਖ ਜਾਂਦਾ ਹੈ। ਕੁਝ ਸਮੇਂ ਵਿੱਚ ਹੀ ਉਹ ਸ਼ਹਿਰ ਵਿੱਚ ਇੱਕ ਚੰਗੀ ਕੋਠੀ, ਜੀਵਨ ਦੀਆਂ ਨਵੀਆਂ ਸਹੂਲਤਾਂ ਪ੍ਰਾਪਤ ਕਰ ਲੈਂਦਾ ਹੈ। ਆਪਣੇ ਦੋਨੋਂ ਬੱਚਿਆਂ ਮੁੰਡਾ ਤੇ ਕੁੜੀ ਨੂੰ ਚੰਗੀ ਵਿੱਦਿਆ ਪ੍ਰਾਪਤ ਕਰਨ ਲਈ ਸਕੂਲਾਂ, ਕਾਲਜਾਂ ਵਿੱਚ ਭੇਜਦਾ ਹੈ। ਸਭ ਕੁਝ ਠੀਕ ਚੱਲ ਰਿਹਾ ਹੈ। ਉਧਰ ਮੋਹਨ ਲਾਲ ਦੇ ਮੁੰਡੇ ਪੰਕਜ ਤੇ ਨੀਰਜ ਵੱਡੇ ਹਨ। ਵੱਡੇ ਸ਼ਹਿਰ ਵਿੱਚ ਪਲੇ ਹੋਣ ਕਾਰਨ ਸ਼ਹਿਰ ਦੀਆਂ ਸਾਰੀਆਂ ਸਹੂਲਤਾਂ ਮਾਣ ਕੇ ਪੂਰੀ ਤਰ੍ਹਾਂ ਨਵੇਂ ਬੁਰਜ਼ਵਾ ਸਮਾਜ ਦੇ ਰੰਗ ਵਿੱਚ ਰੰਗੇ ਜਾਂਦੇ ਹਨ। ਸ਼ਹਿਰ ਦਾ ਵਸੇਬਾ ਤੇ ਧਨ ਦੌਲਤ ਉਹਨਾਂ ਨੂੰ ਆਪਣੀ ਪਹਿਲੀ ਪੀੜ੍ਹੀ ਦੇ ਜਗੀਰੂ ਸੰਸਕਾਰਾਂ ਤੋਂ ਪੂਰਨ ਤੌਰ 'ਤੇ ਮੁਕਤ ਕਰ ਦਿੰਦੇ ਹਨ। ਅਚਾਨਕ ਇੱਕ ਘਟਨਾ ਵਾਪਰਦੀ ਹੈ। ਮੋਹਨ ਲਾਲ ਕੁਝ ਸਮਾਂ ਬਿਮਾਰ ਰਹਿ ਕੇ ਮਰ ਜਾਂਦਾ ਹੈ। ਇਸ ਸਮੇਂ ਮੋਹਨ ਲਾਲ ਦੇ ਮੁੰਡੇ ਕੋਈ ਨਵਾਂ ਕਾਰਖ਼ਾਨਾ ਲਾ ਰਹੇ ਸਨ। ਉਹਨਾਂ ਦਾ ਚਾਚਾ ਵੇਦ ਪ੍ਰਕਾਸ਼ ਜਿਹੜਾ ਉਹਨਾਂ ਦਾ ਕਾਰੋਬਾਰ ਸਾਂਭਦਾ ਰਿਹਾ ਹੈ। ਇਸ ਕਾਰਖ਼ਾਨੇ ਦਾ ਵੀ ਹਿੱਸੇਦਾਰ ਹੁੰਦਾ ਹੈ। ਕਾਰਖ਼ਾਨੇ ਵਿੱਚ ਘਾਟਾ ਪੈਣ ਦਾ ਖ਼ਤਰਾ ਆਰੰਭ ਹੋ ਜਾਂਦਾ ਹੈ। ਜਿਸ 'ਤੇ ਵੇਦ ਨੂੰ ਆਪਣਾ ਸਰਮਾਇਆ ਗੁਆਚਣ ਦਾ ਡਰ ਪੈਦਾ ਹੋ ਜਾਂਦਾ ਹੈ। ਉਹ ਆਪਣੇ ਆਪ ਨੂੰ ਘਾਟੇ ਦੇ ਖ਼ਤਰੇ ਤੋਂ ਬਚਾਉਣ ਲਈ ਤੇ ਆਪਣਾ ਸਰਮਾਇਆ ਡੁੱਬਣ ਦੇ ਡਰੋਂ ਕਾਰੋਬਾਰ ਵਿੱਚ ਕੁਝ ਹੇਰਾ-ਫੇਰੀ ਕਰਦਾ ਹੈ। ਅਸਲ ਵਿੱਚ ਉਹਨੂੰ ਹੇਰਾ-ਫੇਰੀ ਕਹਿਣਾ ਦਰੁਸਤ ਨਹੀਂ ਹੋਵੇਗਾ। ਉਹ ਆਪਣੇ ਸਰਮਾਏ ਦੇ ਬਰਾਬਰ ਜ਼ਾਇਦਾਦ ਜਿਸ ਬਾਰੇ ਮੋਹਨ ਲਾਲ ਦੇ ਮੁੰਡੇ ਸਮਝਦੇ ਹਨ ਕਿ ਇਹ ਉਹਨਾਂ ਦੀ ਹੈ, ਆਵਦੇ ਹੱਥ ਹੇਠ ਕਰ ਲੈਂਦਾ ਹੈ। ਇਹੋ ਕੁਝ ਹੀ ਪੁਆੜੇ ਦੀ ਜੜ੍ਹ ਬਣ ਜਾਂਦਾ ਹੈ। ਪਹਿਲਾਂ ਭਾਈਚਾਰਕ ਤੌਰ 'ਤੇ ਇਹ ਮਸਲਾ ਨਜਿੱਠਣ ਦਾ ਯਤਨ ਕੀਤਾ ਜਾਂਦਾ ਹੈ। ਫਿਰ ਇਹ ਗੱਲ ਅਦਾਲਤ ਤੱਕ ਜਾਂਦੀ ਹੈ। ਇਥੇ ਪੁਰਾਣੀ ਪੀੜ੍ਹੀ ਦੀ ਇੱਕ ਕੜੀ ਮੋਹਨ ਲਾਲ ਦੀ ਪਤਨੀ ਜਿਹੜੀ ਪੁਰਾਣੇ ਜਗੀਰੂ ਸੰਸਕਾਰਾਂ ਤੋਂ ਮੁਕਤ ਨਹੀਂ ਹੋ ਸਕੀ, ਵਿੱਚ-ਵਿਚਾਲਾ ਕਰਾਉਣ ਦਾ ਯਤਨ ਕਰਦੀ ਹੈ। ਵੇਦ ਪ੍ਰਕਾਸ਼ ਨੂੰ ਆਪਣੇ ਮੁੰਡਿਆਂ ਦੀਆਂ ਭੈੜੀਆਂ ਗੋਂਦਾ ਬਾਰੇ ਵੀ ਦੱਸਦੀ ਹੈ। ਪਰੰਤੂ ਉਹ ਝਗੜਾ ਨਿਬੇੜਨ ਵਿੱਚ ਸਫ਼ਲ ਨਹੀਂ ਹੁੰਦੀ। ਮੋਹਨ ਲਾਲ ਦੇ ਮੁੰਡੇ ਜਿਹੜੇ ਆਪ ਮੁਜਰਿਮ ਪ੍ਰਵਿਰਤੀ ਦੇ ਨਹੀਂ ਹੁੰਦੇ, ਪਰ ਫਿਰ ਵੀ ਆਪਣੇ ਚਾਚੇ ਨੂੰ ਸਬਕ ਸਿਖਾਉਣ ਦਾ ਫ਼ੈਸਲਾ ਕਰਦੇ ਹਨ। ਇਸ ਮੰਤਵ ਲਈ ਉਹ ਪੇਸ਼ਾਵਰ ਮੁਜਰਿਮਾਂ ਦੀ ਸਹਾਇਤਾ ਪ੍ਰਾਪਤ ਕਰਦੇ ਹਨ। ਮੋਹਨ ਲਾਲ ਦੇ ਮੁੰਡੇ ਕੇਵਲ ਵੇਦ ਪ੍ਰਕਾਸ਼ ਨੂੰ ਡਰਾਉਣਾ, ਧਮਕਾਉਣਾ ਤੇ ਮਾਮੂਲੀ ਸੱਟ-ਫੇਟ ਲਾਉਣਾ ਹੀ ਚਾਹੁੰਦੇ ਸਨ। ਪਰੰਤੂ ਪੇਸ਼ਾਵਰ ਮੁਜਰਿਮ ਜਿਨ੍ਹਾਂ ਨੂੰ ਵੇਦ ਪ੍ਰਕਾਸ਼ ਨਾਲ ਕੋਈ ਹਮਦਰਦੀ ਨਹੀਂ ਸੀ ਕੇਵਲ ਸੱਟ-ਫੇਟ ਤੱਕ ਹੀ ਸੀਮਤ ਨਹੀਂ ਰਹਿੰਦੇ ਬਲਕਿ ਮਹਾਂਕੁਕਰਮ ਕਰ ਦਿੰਦੇ ਹਨ। ਉਹ ਵੇਦ ਦੀਆਂ ਲੱਤਾਂ, ਉਹਦੀ ਪਤਨੀ ਦਾ ਸਿਰ, ਉਹਦੇ ਪੁੱਤਰ ਦਾ ਕਤਲ ਤੇ ਉਹਦੀ ਲੜਕੀ ਨਾਲ ਬਲਾਤਕਾਰ ਕਰਕੇ ਘਰ ਨੂੰ ਲੁੱਟ ਕੇ ਲੈ ਜਾਂਦੇ ਹਨ। ਉਹ ਮੋਹਨ ਲਾਲ ਦੇ ਮੁੰਡਿਆਂ ਲਈ ਇਹ ਗੱਲ ਉਹਨਾਂ ਦੀ ਮਿਥੀ ਗੱਲ ਤੋਂ ਬਹੁਤ ਗੰਭੀਰ ਸੀ। ਉਹ ਆਪਣੇ-ਆਪ ਨੂੰ ਬਚਾਉਣ ਲਈ ਸਾਰਾ ਜ਼ੋਰ ਲਾਉਂਦੇ ਹਨ। ਉਹਨਾਂ ਨੂੰ ਆਪਣੇ ਚਾਚੇ ਦੇ ਪਰਿਵਾਰ ਨਾਲ ਹੋਈ ਵਧੀਕੀ ਆਪਣੇ ਚਚੇਰੇ ਭਰਾ ਦਾ ਕਤਲ ਤੇ ਚਚੇਰੀ ਭੈਣ ਦੇ ਬਲਾਤਕਾਰ ਬਾਰੇ ਉੱਨੀ



ਚਿੰਤਾ ਨਹੀਂ, ਜਿੰਨੀ ਉਹਨਾਂ ਨੂੰ ਆਪਣੇ-ਆਪ ਨੂੰ ਬਚਾਉਣ ਦੀ ਚਿੰਤਾ ਹੈ। ਇੱਥੇ ਇੱਕ ਨਵਾਂ ਮੋੜ ਆਉਂਦਾ ਹੈ। ਇਹਨਾਂ ਪਰਿਵਾਰਾਂ ਦੇ ਕੁਝ ਰਿਸ਼ਤੇਦਾਰਾਂ ਨੂੰ ਛੱਡ ਕੇ ਬਹੁਤੇ ਰਿਸ਼ਤੇਦਾਰ ਦੋਵੇਂ ਪਰਿਵਾਰਾਂ ਦੇ ਸਾਂਝੇ ਹਨ। ਮੁੱਢ ਵਿੱਚ ਸਾਰੇ ਰਿਸ਼ਤੇਦਾਰ ਦੋਹਾਂ ਪਰਿਵਾਰਾਂ ਨਾਲ ਹਮਦਰਦੀ ਜਤਾਉਂਦੇ ਹਨ। ਵੇਦ ਦੇ ਭੈਣ-ਭਣੋਈਏ, ਵੇਦ ਦਾ ਸਾਲਾ ਰਾਮ ਨਾਥ ਪੂਰੀ ਤਰ੍ਹਾਂ ਪਰਿਵਾਰ ਦੇ ਹੱਕ ਵਿੱਚ ਖੜਦਾ ਹੈ ਤੇ ਸਾਰਾ ਦੁੱਖ ਵੰਡਾਉਣ ਲਈ ਸਾਰਾ ਤਨ ਲਾਉਂਦਾ ਹੈ। ਉਹਦੀ ਪਤਨੀ ਵੀ ਆਪਣਾ ਘਰ ਛੱਡ ਕੇ ਪਰਿਵਾਰ ਨੂੰ ਸਾਂਭਣ ਦਾ ਯਤਨ ਕਰਦੀ ਹੈ। ਰਾਮਨਾਥ ਦੇ ਦੂਜੇ ਭਰਾ ਮੁੱਢ ਵਿੱਚ ਹਮਦਰਦੀ ਜਤਾਉਂਦੇ ਹਨ। ਜੋ ਕੁਝ ਵੀ ਹੋ ਸਕਦਾ ਹੈ, ਸਹਾਇਤਾ ਵੀ ਕਰਦੇ ਹਨ, ਪਰੰਤੂ ਜਿਉਂ-ਜਿਉਂ ਸਮਾਂ ਬੀਤਦਾ ਹੈ, ਹੌਲੀ-ਹੌਲੀ ਪਿੱਛੇ ਹੱਟ ਜਾਂਦੇ ਹਨ। ਕੁਝ ਹੋਰ ਰਿਸ਼ਤੇਦਾਰ ਮੋਹਨ ਲਾਲ ਦੇ ਮੁੰਡਿਆਂ ਦਾ ਪੈਸਾ ਤੇ ਤਪ ਤੇਜ਼ ਦੇਖ ਕੇ ਉਹਨਾਂ ਨੂੰ ਨਰਾਜ਼ ਕਰਨ ਦੇ ਡਰੋਂ ਪਾਸੇ ਹੱਟ ਜਾਂਦੇ ਹਨ। ਇਸ ਤਰ੍ਹਾਂ ਅੰਤ ਤੱਕ ਰਾਮ ਨਾਥ ਇਸ ਪਰਿਵਾਰ ਦੇ ਨਾਲ ਖੜ੍ਹਾ ਰਹਿੰਦਾ ਹੈ। ਇਸ ਤਰ੍ਹਾਂ 'ਕੌਰਵ ਸਭਾ' ਵਿੱਚ ਲੇਖਕ ਸਰਮਾਏਦਾਰੀ ਵਿਕਾਸ ਨਾਲ ਟੁੱਟ ਰਿਹਾ ਪੁਰਾਣਾ ਜਗੀਰੂ ਕਲਚਰ ਤੇ ਨਵੇਂ ਉਸਰ ਰਹੇ ਬੁਰਜਵਾ ਕਲਚਰ ਦੀ ਪੇਸ਼ਕਾਰੀ ਕਰਦਾ ਹੈ ਤੇ ਨਾਲ ਹੀ ਇਹ ਦੱਸਦਾ ਹੈ ਕਿ ਸਰਮਾਏ ਦੇ ਯੁੱਗ ਵਿੱਚ ਨਾ ਕੋਈ ਮਿੱਤਰ, ਨਾ ਕੋਈ ਰਿਸ਼ਤੇਦਾਰ, ਕੇਵਲ ਹਿੱਤਾਂ ਦੇ ਰਿਸ਼ਤੇ ਰਹਿ ਜਾਂਦੇ ਹਨ। ਸਰਮਾਏਦਾਰੀ ਪ੍ਰਥਾ ਵਿਅਕਤੀ ਨੂੰ ਵਿਅਕਤੀ ਨਾਲੋਂ ਨਿਖੇੜ ਕੇ ਆਪੋ ਵਿੱਚ ਹੀ ਟਕਰਾ ਦਿੰਦੀ ਹੈ। ਸਰਮਾਏਦਾਰੀ ਯੁੱਗ ਵਿੱਚ ਕੋਈ ਖ਼ੂਨ ਦੇ ਰਿਸ਼ਤੇ ਦੀ ਸਾਂਝ, ਕੋਈ ਭਰਾਤਰੀ ਭਾਵ ਨਹੀਂ ਰਹਿ ਜਾਂਦਾ। ਮਨੁੱਖ ਕੇਵਲ ਖ਼ੁਦਗਰਜ਼ ਬਣ ਜਾਂਦਾ ਹੈ ਤੇ ਕੇਵਲ ਆਪਣੇ ਬਾਰੇ ਸੋਚਦਾ ਹੈ। ਮਿੱਤਰ ਸੈਨ ਮੀਤ 'ਕੌਰਵ ਸਭਾ' ਵਿੱਚ ਇਹੋ ਕੁਝ ਬੜੇ ਤੀਖਣ ਰੂਪ ਵਿੱਚ ਪੇਸ਼ ਕਰਦਾ ਹੈ। ਰਿਸ਼ਤਿਆਂ ਤੋਂ ਬਿਨਾਂ ਜੋ ਕੋਈ ਰਿਸ਼ਤੇ ਬਚਦੇ ਹਨ, ਉਹ ਕੇਵਲ ਮਨੁੱਖਵਾਦੀ ਸਿਧਾਂਤਾਂ ਤੇ ਆਦਰਸ਼ ਦੇ ਉੱਤੇ ਨਿਰਧਾਰਤ ਹੀ ਹੁੰਦੇ ਹਨ। ਜਿਨ੍ਹਾਂ ਦੇ ਕੁਝ ਉਦਾਹਰਣ ਜੱਜ ਸਾਧੂ ਸਿੰਘ ਤੇ ਵਕੀਲਾਂ ਦੀ ਸੰਮਤੀ ਦੇ ਰੂਪ ਵਿੱਚ ਇਸ ਨਾਵਲ ਵਿੱਚ ਪੇਸ਼ ਕੀਤੇ ਗਏ ਹਨ। ਇਸ ਤਰ੍ਹਾਂ 'ਕੌਰਵ ਸਭਾ' ਅਜੋਕੇ ਸਮੇਂ ਦਾ ਯਥਾਰਥਕ ਚਿੱਤਰ ਹੋ ਨਿਬੜਦਾ ਹੈ। —ਸੁਰਜੀਤ ਗਿੱਲ

## *ਸਿਆਸਤ ਦਾ ਰੁਸਤਮੇ-ਹਿੰਦ*

ਸੰਸਾਰੀਕਰਨ ਦੇ ਵਰਤਮਾਨ ਦੌਰ ਵਿੱਚ ਵਿਸ਼ਲੇਸ਼ਕ ਤੇ ਖੋਜੀ ਪੱਤਰਕਾਰਤਾ ਪੌੜ੍ਹ ਅਵਸਥਾ ਵਿੱਚ ਦਾਖ਼ਲ ਹੋ ਚੁੱਕੀ ਹੈ ਤੇ ਇਸਦੀ ਦਿਵ ਦ੍ਰਿਸ਼ਟੀ ਸਮਾਜ ਦੇ ਹਰ ਵਰਤਾਰੇ ਨੂੰ ਵਿਸ਼ਵ ਆਰਥਿਕਤਾ ਤੇ ਡੈਮੋਕਰੇਟਿਕ ਕਲਚਰ ਦੇ ਚੌਖਟੇ ਵਿੱਚ ਫਿਟ ਕਰਕੇ ਆਪਣੇ ਨਿਕ ਬੁਰਜੂਆ ਤੇ ਵਿਅਕਤੀਗਤ ਅਰਾਜਕਤਾਵਾਦੀ ਨਿਖੇਧਵਾਦ (Nihilism) ਦੇ ਨਜ਼ਰੀਏ ਤੋਂ ਪੁਨਰਸਥਾਪਿਤ ਕਰਨ ਵੱਲ ਲਲਾਇਤ ਹੈ। ਵਿਹਾਰਕਤਾ ਇਸਦੀ ਮੈਥਾਡੋਲੋਜੀ ਹੈ। ਖਾਊਵਾਦ ਦੀ ਲਲਕ ਤੇ ਕੈਰੀਅਰਵਾਦ ਇਸਦਾ ਤਰਕ ਹੈ।

ਹੀਗਲ ਦਾ ਪਰਮ-ਵਿਚਾਰ (Absolute Idea) ਯਥਾਰਥ ਪਸਾਰ ਹੈ, ਸ਼ਮੀਲ ਦੀ ਵਿਹਾਰਕ ਵਿਧੀ ਨਾਲ ਹੀ ਯਥਾਰਥ ਤੱਕ ਅੱਪੜਿਆ ਜਾ ਸਕਦਾ ਹੈ। ਇਸ ਵਿਹਾਰਕਤਾ ਦੇ ਬੋਧ ਅਨੁਸਾਰ ਦਾਸ, ਫਿਊਡਿਲ, ਬੁਰਜੂਆ, ਸਭ ਆਰਥਿਕ-ਸਮਾਜਿਕ ਪ੍ਰਣਾਲੀਆਂ 'ਵਿਸ਼ਵ-ਵਿਆਪੀ, ਨਵੀਆਂ ਆਰਥਿਕ ਸ਼ਕਤੀਆਂ ਤੇ ਡੈਮੋਕਰੇਟਿਕ ਕਲਚਰ' ਵਿੱਚ ਪਲਟ ਗਈਆਂ ਹਨ ਤੇ ਅਜਿਹੀ ਕਲਚਰ 'ਚ ਸਮਾਜ ਵਿਚਲੀਆਂ ਸਾਰੀਆਂ ਜਮਾਤੀ ਦੀਵਾਰਾਂ ਢਹਿ ਕੇ ਪੱਧਰੀਆਂ ਹੋ ਗਈਆਂ ਹਨ, ਇਤਿਹਾਸਕ ਪਦਾਰਥਵਾਦ ਦੀ ਚਾਲਕ ਸ਼ਕਤੀ, ਜਮਾਤੀ ਸੰਘਰਸ਼ ਦਾ ਸਿਧਾਂਤ, ਤੇ ਇਸ ਤੋਂ ਉਗਮੀਆਂ, ਪਲ੍ਰਗੀਆਂ ਤੇ ਵਿਕਸਤ ਹੋਈਆਂ ਬੀਤੇ ਦੀਆਂ ਸਭ ਆਰਥਿਕ, ਰਾਜਨੀਤਿਕ, ਦਾਰਸ਼ਨਿਕ, ਕਲਾਤਮਿਕ, ਨੈਤਿਕ ਵਿਚਾਰਧਾਰਾਵਾਂ ਦਾ ਅੰਤ ਹੋ ਗਿਆ ਹੈ, ਸਮੁੱਚਾ ਇਤਿਹਾਸ ਇਕ ਕਬਰ ਤੋਂ ਵੱਧ ਕੁਝ ਨਹੀਂ। ਤੇ ਕਬਰਾਂ ਨੂੰ ਫਰੋਲਣਾ ਵਿਹਾਰਕਤਾ ਲਈ ਇਕ 'ਦਲਿੱਦਰੀ' ਕਰਮ ਹੈ। ਪਰੋਲਤਾਰੀ ਦੀ ਡਿਕਟੇਟਰਸ਼ਿਪ ਕਮਿਊਨਿਸਟ ਪਾਰਟੀ ਦੀ ਡਿਕਟੇਟਰਸ਼ਿਪ ਹੈ। ਮਾਰਕਸਵਾਦ ਲੈਨਿਨਵਾਦ ਭਾਵ 'ਸਿੱਕੇਬੰਦ ਕਮਿਊਨਿਜ਼ਮ' ਸਮੁੱਚੇ ਇਤਿਹਾਸ ਵਾਂਗ ਡੂੰਘੀ ਕਬਰ 'ਚ ਜਾ ਪਿਆ। ਕਮਿਊਨਿਸਟ ਤਾਨਾਸ਼ਾਹੀ ਤੇ ਜਿਹਾਦੀ ਤਾਲਿਬਾਨ ਤਾਨਾਸ਼ਾਹੀ ਇੱਕੋ ਚੀਜ਼ ਹਨ। ਔਰੰਗਜ਼ੇਬ, ਖੁਮੈਨੀ, ਹਿਟਲਰ, ਪੋਲਪੋਟ, ਸਟਾਲਿਨ

ਆਦਿ ਵਿੱਚ ਕੋਈ ਫ਼ਰਕ ਨਹੀਂ, ਸਭ ਦਾ ਆਪਣਾ-ਆਪਣਾ ਸੱਚ ਹੈ, ਆਪਣੀ-ਆਪਣੀ ਵਿਹਾਰਕਤਾ ਹੈ। ਕੁਰਪਸ਼ਨ ਇੱਕ 'ਸਕਿਲ' ਹੈ, ਫਿਊਡਲ ਸੋਚ ਇਸ ਦੇ ਸੱਚ ਦੀ ਥਾਹ ਨਹੀਂ ਪਾ ਸਕਦੀ। ਕੰਮਚੋਰੀ ਸਭ ਤੋਂ ਵੱਡੀ ਕੁਰਪਸ਼ਨ ਹੈ, ਭਾਵ ਭਾਰਤ ਦੇ 65% ਗ਼ਰੀਬ ਸਭ ਕੰਮ ਚੋਰ ਹਨ। ਧਰਮ ਤੇ ਕਮਿਊਨਿਜ਼ਮ ਦਾ ਮੇਲ ਹੋ ਗਿਆ ਹੈ ਜਾਂ ਉਹ ਇੱਕ ਦੂਜੇ 'ਚ ਸਮਾ ਗਏ ਹਨ। ਕਮਿਊਨਿਸਟ ਆਪਣੀ ਰਾਜਨੀਤਕ ਸ਼ਕਤੀ ਦੀ ਪਛਾਣ ਗੁਆ ਕੇ ਕੇਵਲ 'ਇੱਕ ਭਾਈਚਾਰਾ' ਬਣ ਕੇ ਰਹਿ ਗਏ ਹਨ ਜਿਹਨਾਂ ਦੀ ਸਾਰਥਕਤਾ ਇਕ ਧਰਮ ਦੇ ਰੂਪ 'ਚ ਬਣੀ ਰਹਿ ਸਕਦੀ ਹੈ।

ਇਸ ਤਰ੍ਹਾਂ ਦੀ ਹੈ ਸ਼ਮੀਲ ਦੀ ਵਿਹਾਰਕਤਾ ਦੀ ਦਾਰਸ਼ਨਿਕ ਉਡਾਰੀ। ਸ਼ਮੀਲ ਗਗੋਲ ਦੀਆਂ 'ਮੁਰਦਾ ਰੂਹਾਂ' ਦਾ ਪੇਤਰੁਸ਼ਕਾ ਨਹੀਂ ਜੋ ਬਿਨਾਂ ਸਮਝਿਆਂ ਪੜ੍ਹੀ ਜਾਵੇਗਾ ਇਹ ਤਾਂ ਉਹੀ ਲਿਖੇਗਾ ਜੋ ਵਿਹਾਰਕਤਾ ਇਸ ਕੋਲੋਂ ਲਿਖਵਾਂਦੀ ਹੈ।

'ਨਵੀਂ ਤਰ੍ਹਾਂ ਦੀ ਵਿਸ਼ਵ ਆਰਥਿਕਤਾ ਤੇ ਡੈਮੋਕਰੇਟਿਕ' ਕਲਚਰ ਦੇ ਯੁੱਗ ਵਿੱਚ ਸਿੱਕੇਬੰਦ ਮਾਰਕਸੀ ਸਿਧਾਂਤ ਵਿਹਾਰਕ ਨਹੀਂ, ਇਹ ਵਿਹਾਰਕਤਾ ਦਾ ਉੱਚੀ ਸੁਰ 'ਚ ਇਲਾਹੀ ਫ਼ੁਰਮਾਨ ਹੈ। ਪਰ ਇਸ 'ਵਿਸ਼ਵ ਆਰਥਿਕਤਾ ਤੇ ਡੈਮੋਕਰੇਟਿਕ ਕਲਚਰ' ਦੀਆਂ ਬੁਨਿਆਦਾਂ ਦਾ ਕੀ ਸਰੋਤ ਹੈ ? ਸ਼ਮੀਲ ਦਾ ਵਿਹਾਰਕ ਦਰਸ਼ਨ ਅਜਿਹੇ 'ਤੰਗਨਜ਼ਰ, ਸਨਕੀ, ਸੰਕੀਰਨ' ਸੁਆਲ ਨੂੰ ਉਂਜ ਹੀ ਬੇਹੂਦਾ ਸਮਝਦਾ ਹੈ। ਵਿਹਾਰਕਤਾ ਦਾ ਤਕਾਜ਼ਾ ਹੈ ਕਿ ਕਿਸੇ ਚੀਜ਼ ਜਾਂ ਵਰਤਾਰੇ ਨੂੰ ਜਿਵੇਂ ਉਹ ਹੈ ਉਵੇਂ ਹੀ ਲਿਆ ਜਾਣਾ ਚਾਹੀਦਾ ਹੈ। ਬਿਨਾਂ ਕਿਸੇ ਸੰਕੀਰਨਤਾ ਤੋਂ ਇਸਨੂੰ ਇਸਦੇ ਸ਼ੁੱਧ ਰੂਪ 'ਚ ਲਿਆਂ ਇਸਦੀ ਆਭਾ ਦੂਣ ਸਵਾਈ ਹੋ ਜਾਂਦੀ ਹੈ।

ਕਬੂਤਰ ਦੇ ਅੱਖਾਂ ਮਿਚਣ ਨਾਲ ਬਿੱਲੀ ਮਰ ਨਹੀਂ ਜਾਂਦੀ। ਸੰਸਾਰੀਕਰਨ ਸਾਮਰਾਜ ਦਾ ਹੀ ਰੂਪ ਹੈ। ਜਿਵੇਂ ਸਾਮਰਾਜਵਾਦ ਪੂੰਜੀਵਾਦ ਦਾ ਸਭ ਤੋਂ ਉਚਤਮ ਰੂਪ ਹੈ, ਸੰਸਾਰੀਕਰਨ ਵੀ ਇਸੇ ਪੂੰਜੀਵਾਦ ਦਾ ਅਤਿ ਵਿਕਸਤ ਰੂਪ ਹੈ। ਸੂਚਨਾ, ਤਕਨਾਲੋਜੀ, ਸੱਭਿਆਚਾਰਕ ਹਮਲਿਆਂ ਰਾਹੀਂ ਇਹ ਪੂੰਜੀ ਦੇ ਵਿਆਪੀਕਰਨ ਵੱਲ ਸੇਧਤ ਹੈ। ਪੂੰਜੀਵਾਦ ਹੋਣ ਕਰਕੇ ਮੁਨਾਫ਼ਾ ਇਸਦੀ ਮੂਲ ਪ੍ਰਵਿਰਤੀ ਹੈ। ਆਪਣੇ ਸੁਭਾਅ ਪੱਖੋਂ ਇਹ ਮਨੁੱਖਵਾਦੀ ਹੋ ਹੀ ਨਹੀਂ ਸਕਦਾ। ਸਮਾਜਵਾਦੀ ਕੈਂਪ ਦੀ ਅਣਹੋਂਦ ਕਾਰਨ ਇਹ ਬੇਲਗਾਮ ਸੰਸਾਰੀਕਰਨ ਬਹੁ-ਕੌਮੀ/ਪ੍ਰਾਕੌਮੀ ਕੰਪਨੀਆਂ ਦੇ ਜ਼ਰੀਏ ਸੰਸਾਰ ਭਰ ਦੀਆਂ ਕੌਮਾਂ ਦੇ ਪੈਦਾਵਾਰੀ ਸਾਧਨਾਂ ਉੱਤੇ ਆਪਣੀ ਅਜਾਰੇਦਾਰੀ ਕਾਇਮ ਕਰਦਾ ਹੋਇਆ, ਵਿਭਿੰਨ ਕੌਮਾਂ ਦੇ ਵਿਭਿੰਨ ਸਭਿਆਚਾਰਾਂ ਨੂੰ ਉਜਾੜਦਾ, ਬਰਬਾਦ ਕਰਦਾ ਉਹਨਾਂ ਦੀ ਥਾਂ ਖ਼ਪਤ ਸਭਿਆਚਾਰਾਂ ਨੂੰ ਠੋਸਦਾ 'ਡੈਮੋਕਰੇਟਿਕ ਕਲਚਰ' ਨੂੰ ਸਥਾਪਿਤ ਕਰ ਰਿਹਾ ਹੈ।

ਸੰਸਾਰੀਕਰਨ ਦੇ ਖੁੱਲ੍ਹ ਖੇਡਣ ਨਾਲ ਇਹ 'ਡੈਮੋਕਰੇਟਿਕ ਕਲਚਰ' ਕੀ ਗੁੱਲ ਖਿਲਾਏਗਾ। ਇੱਕ ਪਾਸੇ ਚੰਦ ਬਹੁ-ਕੌਮੀ ਕਾਰਪੋਰੇਸ਼ਨਾਂ ਕੋਲ ਬੇਸ਼ੁਮਾਰ ਪੈਦਾਵਾਰੀ ਸਾਧਨ ਤੇ ਪੂੰਜੀ ਇਕੱਤਰ ਹੋ ਜਾਵੇਗੀ ਤੇ ਦੂਜੇ ਪਾਸੇ ਕਰੋੜਾਂ ਦੀ ਗਿਣਤੀ 'ਚ ਜਨਸਮੂਹ, ਆਪਣੇ ਜੀਵਨ ਸਾਧਨਾਂ ਤੋਂ ਵੰਚਿਤ, ਘੋਰ ਕੰਗਾਲੀ ਤੇ ਮੰਦਹਾਲੀ ਵੱਲ ਧੱਕੇ ਜਾਣਗੇ। ਮਿਸਾਲ ਦੇ ਤੌਰ 'ਤੇ ਜੇ ਅਸੀਂ ਇਸ ਵਰਤਾਰੇ ਨੂੰ ਪੰਜਾਬ ਉੱਤੇ ਢੁਕਾ ਕੇ ਇਸਦੀ ਕਲਪਨਾ ਕਰੀਏ ਤਾਂ ਪੰਜਾਬ ਦੀ ਤਸਵੀਰ ਇਉਂ ਬਣੇਗੀ : ਪੰਜਾਬੀ ਵੱਸੋਂ ਦੇ ਪੇਂਡੂ ਖੇਤਰ ਦਾ 95% ਭਾਗ ਉਸ ਦੀਆਂ ਜੜ੍ਹਾਂ ਤੋਂ ਪੁੱਟ ਕੇ ਹਵਾ 'ਚ ਖਿਲਾਰ ਦਿੱਤਾ ਜਾਵੇਗਾ ਕਿਉਂਕਿ ਵਿਕਸਤ ਤਕਨੀਕ ਨਾਲ ਪੰਜਾਬ ਦੀ ਸਮੁੱਚੀ ਖੇਤੀ ਲਈ ਸਿਰਫ਼ 4% ਮਨੁੱਖੀ ਸ਼ਕਤੀ ਦੀ ਹੀ ਲੋੜ ਰਹਿ ਜਾਵੇਗੀ।

ਅਜਿਹੀ ਅਵਸਥਾ ਵਿੱਚ ਸੰਸਾਰੀਕਰਨ ਦੀਆਂ 'ਨਵੀਆਂ ਆਰਥਿਕ ਸ਼ਕਤੀਆਂ, ਤੇ ਲੁੱਟੇ ਪੁੱਟੇ ਵਿਸ਼ਾਲ ਜਨਸਮੂਹਾਂ ਵਿਚਕਾਰ ਵਿਰੋਧਤਾਈ ਬੇਹੱਦ ਵਿਸਫੋਟਕ ਰੂਪ ਅਖਤਿਆਰ ਕਰ ਲਵੇਗੀ। ਇਸ ਵਿਰੋਧਤਾਈ ਦਾ ਸਮਾਧਾਨ ਲਈ ਦੋ ਹੀ ਰਾਹ ਹਨ। ਇਕ ਮਨੁੱਖਵਾਦੀ, ਦੂਜਾ ਮਨੁੱਖਤਾ ਵਿਰੋਧੀ। ਇਸ ਵਿਰੋਧਤਾਈ ਦਾ ਸਮਾਧਾਨ ਮਨੁੱਖ ਜਾਤੀ ਦੇ ਹਿੱਤਾਂ ਵਿੱਚ ਭੁਗਤਾਉਣ ਲਈ ਸੰਸਾਰੀਕਰਨ ਦੀਆਂ ਸ਼ਕਤੀਆਂ ਵਿਰੁੱਧ ਹਰ ਪੱਧਰ 'ਤੇ ਲੋਕ ਸੰਘਰਸ਼ਾਂ ਨੂੰ ਲਾਮਬੰਦ ਕਰਕੇ ਇਹਨਾਂ ਨੂੰ ਹਰਾਉਣਾ ਪਵੇਗਾ। ਜੇ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਸੰਸਾਰੀਕਰਨ ਦੀਆਂ ਸ਼ਕਤੀਆਂ ਵਿਸ਼ਾਲ ਲੋਕਾਂ ਦੇ ਵਿਦਰੋਹ ਨੂੰ ਦਬਾਉਣ ਤੇ ਕੁਚਲਣ ਲਈ ਕਿਸੇ ਵੀ ਰੂਪ ਦੇ ਫਾਸਿਸਟ ਏਜੰਡੇ ਨੂੰ ਵਰਤਣ ਵਿੱਚ ਸੰਕੋਚ ਨਹੀਂ ਕਰਨਗੀਆਂ।

ਪਰ ਸ਼ਮੀਲ ਦੀ ਵਿਹਾਰਕਤਾ ਆਪਣੇ ਮੱਧਵਰਗੀ ਖਾਊਵਾਦੀ ਸੁਭਾਅ-ਤਕੜੇ ਅੱਗੇ ਪੂਛ ਹਿਲਾਉਣ-ਅਨੁਸਾਰ ਇਹਨਾਂ ਨਵੀਆਂ ਆਰਥਿਕ ਸ਼ਕਤੀਆਂ ਦਾ ਪੁਰਜ਼ੋਰ ਸੁਆਗਤ ਕਰ ਰਹੀ ਹੈ ਤੇ



ਉਸਦੇ ਗੁਣਗਾਣ ਵਿੱਚ ਮੱਦਮਸਤ ਹੋ ਕੇ ਅਲ੍ਹੜ ਮੁਟਿਆਰ ਵਾਂਗ ਝੂਮਦੀ ਹੋਈ ਕਹਿ ਰਹੀ ਹੈ ਦੇਖੋ- 'ਦੁਨੀਆ ਹੋਰ ਦੀ ਹੋਰ' ਹੋ ਗਈ ਹੈ।

ਸ਼ਮੀਲ ਦੀ ਪੁਸਤਕ 'ਸਿਆਸਤ ਦਾ ਰੁਸਤਮੇ ਹਿੰਦ' ਦਾਅਵਾ ਤਾਂ ਇਹ ਕਰਦੀ ਹੈ ਕਿ ਇਹ ਪੁਸਤਕ ਇਕ ਗ਼ੈਰ ਕਮਿਊਨਿਸਟ ਦੇ ਨਜ਼ਰੀਏ ਤੋਂ ਲਿਖੀ ਗਈ ਹੈ ਪਰ ਡੂੰਘੀ ਨੀਝ ਨਾਲ ਇਸਦਾ ਪਾਠ ਕਰਦਿਆਂ ਇਹ ਸਾਫ਼ ਹੋ ਜਾਂਦਾ ਹੈ ਕਿ ਇਹ ਇਕ ਕੱਟੜ ਕਮਿਊਨਿਸਟ ਵਿਰੋਧੀ ਨਜ਼ਰੀਏ ਤੋਂ ਲਿਖੀ ਗਈ ਹੈ। ਕਮਿਊਨਿਸਟਾਂ ਪ੍ਰਤੀ ਹਕਾਰਤ ਇਸਦੇ ਹਰ ਪੰਨੇ ਤੋਂ ਸਾਫ਼ ਝਲਕਦੀ ਹੈ।

ਸ਼ਮੀਲ ਦਾ ਪ੍ਰਮੁੱਖ ਨਿਸ਼ਾਨਾ ਮਾਰਕਸੀ ਵਿਚਾਰਧਾਰਾ ਹੈ। ਉਸ ਅਨੁਸਾਰ ਇਸ ਦੀ ਪ੍ਰਸੰਗਕਤਾ ਹੀ ਖ਼ਤਮ ਹੋ ਗਈ ਹੈ। ਮਾਰਕਸੀ ਵਿਚਾਰਧਾਰਾ-ਜਮਾਤੀ ਸੰਘਰਸ਼, ਪਰੋਲਤਾਰੀ ਦੀ ਡਿਕਟੇਟਰਸ਼ਿਪ, ਪ੍ਰਤੀਪੱਖ ਨਾਲ ਬਚਨਬੱਧਤਾ (Principle of partisanship) ਪਰੋਲਤਾਰੀ ਕੌਮਾਂਤਰੀਵਾਦ, ਰਾਜਸੱਤਾ ਦਾ ਸਿਧਾਂਤ ਆਦਿ-ਸਾਰੇ ਬੁਨਿਆਦੀ ਸਿਧਾਂਤ ਜੋ ਮਜ਼ਦੂਰ ਜਮਾਤ ਤੇ ਮਿਹਨਤਕਸ਼ ਅਵਾਮ ਦੇ ਹੱਥਾਂ 'ਚ ਆਪਣੀ ਮੁਕਤੀ ਲਈ ਕਾਰਗਰ ਹਥਿਆਰ ਹਨ, ਨੂੰ ਮੁਢੋਂ-ਸੁਢੋਂ ਨਿਕਾਰ ਦਿੱਤਾ ਗਿਆ ਹੈ। ਸੀ.ਪੀ.ਐਮ. ਦਾ ਅਪਡੇਟ ਕੀਤਾ ਪਾਰਟੀ ਪ੍ਰੋਗਰਾਮ ਵੀ ਮਾਰਕਸਵਾਦ ਲੈਨਿਨਵਾਦ, ਪਰੋਲਤਾਰੀ ਦੀ ਡਿਕਟੇਟਰਸ਼ਿਪ, ਪਰੋਲਤਾਰੀ ਕੌਮਾਂਤਰੀਵਾਦ ਆਦਿ ਸਥਾਪਤ ਹੋ ਚੁੱਕੀਆਂ ਧਾਰਨਾਵਾਂ ਪ੍ਰਤੀ ਆਪਣੀ ਬਚਨਬੱਧਤਾ ਦੁਹਰਾਂਦਾ ਹੈ ਪਰ ਸੁਰਜੀਤ ਦੀ ਜੀਵਨੀ ਦਾ ਲੇਖਕ ਇਹਨਾਂ ਸਾਰੀਆਂ ਧਾਰਨਾਵਾਂ ਨੂੰ ਮੂਲੋਂ ਰੱਦ ਕਰਦਾ ਹੈ। ਮਾਰਕਸਵਾਦ ਉੱਤੇ ਇਸ ਤੋਂ ਵੱਧ ਖ਼ਤਰਨਾਕ ਹਮਲਾ ਕਿਆਸਿਆ ਵੀ ਨਹੀਂ ਜਾ ਸਕਦਾ। ਮਾਰਕਸਵਾਦੀ ਵਿਗਿਆਨਕ ਸਮਾਜਵਾਦ ਨੇ ਆਪਣੀ ਹੋਂਦ ਤੋਂ ਲੈ ਕੇ ਹੁਣ ਤੱਕ ਇੱਕ-ਇੱਕ ਇੰਚ ਥਾਂ ਹਰ ਰੰਗ, ਹਰ ਤਰਜ਼, ਹਰ ਵੰਨਗੀ ਦੇ ਅੰਦਰੋਂ ਬਾਹਰੋਂ, ਸੱਜਿਓਂ-ਖੱਬਿਓਂ ਹੁੰਦੇ ਅਜਿਹੇ ਹਮਲਿਆਂ ਵਿਰੁੱਧ ਅਣਥੱਕ ਸੰਘਰਸ਼ਾਂ ਰਾਹੀਂ ਜਿੱਤੀ ਹੈ ਤੇ ਆਪਣੀ ਸਰਬਉੱਚਤਾ ਨੂੰ ਸਥਾਪਿਤ ਕੀਤਾ ਹੈ। ਸੋ ਕਮਿਊਨਿਸਟਾਂ ਲਈ ਇਹ ਕੋਈ ਨਵੀਂ ਚੁਨੌਤੀ ਨਹੀਂ। ਸਮਾਜਵਾਦੀ ਕੈਂਪ ਦੇ ਬਿਖਰਨ ਤੋਂ ਇਹ ਸਿੱਟਾ ਨਹੀਂ ਕੱਢਿਆ ਜਾ ਸਕਦਾ ਕਿ "ਜਿਹਨਾਂ ਨੇ ਇਨਕਲਾਬ ਲਿਆਂਦੇ ਸਨ ਉਹ ਵੀ ਇਨਕਲਾਬ ਨੂੰ ਬਰਕਰਾਰ ਨਹੀਂ ਰੱਖ ਸਕੇ।" ਸਮਾਜ ਦਾ ਵਿਕਾਸ ਕੋਈ ਸਿੱਧੀ ਜਰਨੈਲੀ ਸੜਕ ਨਹੀਂ। ਸਮਾਜ ਵਿਚਲੀ ਹਰ ਸਮਾਜਿਕ ਆਰਥਿਕ ਬਣਤਰ, ਦਾਸ, ਫਿਊਡਿਲ, ਬੁਰਜੂਆ ਆਪਣੇ ਇਤਿਹਾਸ ਵਿੱਚ ਵਾਰ-ਵਾਰ ਡਿੱਗੀ ਹੈ, ਪਿੱਛੇ ਨੂੰ ਗਈ ਹੈ, ਫਿਰ ਉਠਕੇ ਵਿਕਾਸ ਕਰਕੇ ਸਥਾਪਤ ਹੁੰਦੀ ਆਈ ਹੈ। ਫਰਾਂਸ ਵਿੱਚ ਬੁਰਜੂਆਜ਼ੀ ਨੂੰ ਆਪਣੀ ਸਥਾਪਤੀ ਤੱਕ ਵਾਰ-ਵਾਰ ਬਾਦਸ਼ਾਹਤ ਹੱਥੋਂ ਹਾਰ ਖਾ ਕੇ ਪਿੱਛੇ ਹਟਣਾ ਪਿਆ ਸੀ। ਸਮਾਜਵਾਦੀ ਕੈਂਪ ਨੂੰ ਇਕ ਸੱਟ ਲੱਗਣ ਤੋਂ ਬਾਅਦ ਇਹ ਐਲਾਨ ਕਰ ਮਾਰਨਾ ਕਿ ਇਨਕਲਾਬ ਏਜੰਡੇ 'ਤੇ ਹੀ ਨਹੀਂ ਰਿਹਾ, ਇਤਿਹਾਸ ਤੋਂ ਮੁਨਕਰ ਹੋਣ ਬਰਾਬਰ ਹੈ। ਪਰ ਢੀਠ ਵਿਹਾਰਕ ਪੱਤਰਕਾਰਤਾ ਤਾਂ ਇਤਿਹਾਸ ਨੂੰ 'ਕੰਧਾਂ ਦੇ ਜਾਲੇ' ਦੱਸਦੀ ਹੈ।

ਦੂਜਾ ਵੱਡਾ ਗੁਨਾਹ ਜੋ ਸ਼ਮੀਲ ਦੀ ਪੁਸਤਕ ਨੇ, ਅਜੋਕੀ ਭਾਰਤੀ ਰਾਜਨੀਤਕ ਸਥਿਤੀ ਦੇ ਪ੍ਰਸੰਗ ਵਿੱਚ, ਭਾਰਤੀ ਲੋਕਾਂ ਦੇ ਕਾਜ਼ ਨਾਲ ਕੀਤਾ ਹੈ ਉਹ ਬੇਹੱਦ ਨਿੰਦਣਯੋਗ ਹੈ ਤੇ ਕਿਸੇ ਵੀ ਤਰ੍ਹਾਂ ਮੁਆਫ਼ੀ ਯੋਗ ਨਹੀਂ. ਸਾਹਮਣੇ ਦਿਖਦੇ ਪ੍ਰਤੱਖ ਖ਼ਤਰੇ ਤੋਂ ਲੋਕਾਂ ਨੂੰ ਚੌਕਸ ਕਰਨ ਦੀ ਬਜਾਏ ਅਵੇਸਲੇ ਕਰ ਦੇਣਾ ਸਭ ਤੋਂ ਵੱਡਾ ਧ੍ਰੋਹ ਕਮਾਉਣ ਬਰਾਬਰ ਹੈ। ਹਿੰਦੂਤਵ ਦੀਆਂ ਫਾਸ਼ੀ ਤਾਕਤਾਂ ਆਪਣੀ ਚੜ੍ਹਤ 'ਚ ਹਨ, ਪਰ ਸ਼ਮੀਲ ਭਾਜਪਾ ਦੇ ਹਿੰਦੂਤਵ ਦੇ ਏਜੰਡੇ ਨੂੰ ਇੱਕ 'ਹਊਆ' ਤੇ 'ਖਾਹਮਖਾਹ ਦਾ ਭੂਤ' ਤਸੱਵਰ ਕਰਦਾ ਹੈ। ਉਹਦੇ ਅਨੁਸਾਰ ਭਾਰਤ ਦੀ ਬਹੁ-ਧਾਰਮਿਕ, ਬਹੁ-ਨਸਲੀ, ਬਹੁ-ਸਭਿਆਚਾਰਕ ਵੰਨ-ਸਵੰਨਤਾ, ਭਾਰਤ ਵਿੱਚ ਚਲ ਰਹੀ ਪਾਰਲੀਮਾਨੀ ਜਮਹੂਰੀਅਤ ਤੇ ਨਾਲ ਹੀ ਭਾਰਤ ਵਿਚਲੀ ਵਿਸ਼ਵੀਕਰਨ ਦੀ ਪ੍ਰਕਿਰਿਆ, ਜੋ ਇੱਕ ਨਵੀਂ ਡੈਮੋਕਰੇਟਿਕ ਕਲਚਰ ਵਿਕਸਤ ਕਰ ਰਹੀ ਹੈ, ਦੇ ਹੁੰਦਿਆਂ ਭਾਰਤ ਵਿੱਚ ਫਾਸਿਜ਼ਮ ਦੇ ਉਭਰਨ ਜਾਂ ਸਥਾਪਿਤ ਹੋਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਉਸ ਅਨੁਸਾਰ ਤਾਂ ਭਾਜਪਾ ਕੁਰਸੀ 'ਤੇ ਬੈਠ ਕੇ ਵੱਧ ਡੈਮੋਕਰੇਟਿਕ ਹੁੰਦੀ ਜਾ ਰਹੀ ਹੈ ਤੇ ਉਸਦਾ "ਉਦਾਰੀਕਰਨ ਤੇ ਸੈਕੂਲਰੀਕਰਨ" ਹੋ ਗਿਆ ਹੈ ਤੇ ਉਹ ਆਪਣੇ ਹਿੰਦੂਤਵ ਦੇ ਏਜੰਡੇ ਨੂੰ ਛੱਡਣ ਲਈ ਮਜ਼ਬੂਰ ਹੋ ਰਹੀ ਹੈ।

ਇਹ ਕੇਵਲ ਲੋਕਾਂ ਨੂੰ ਅਵੇਸਲੇ ਕਰਨਾ ਹੀ ਨਹੀਂ ਸਗੋਂ ਉਹਨਾਂ ਨੂੰ ਫਾਸਿਜ਼ਮ ਦੇ ਉਭਰਦੇ ਖ਼ਤਰੇ ਸਾਹਮਣੇ ਬੇਹਥਿਆਰ ਤੇ ਸਿਥਲ ਕਰਨ ਬਰਾਬਰ ਹੈ। ਗੁਜਰਾਤ ਵਿੱਚ ਮੁਸਲਮ ਨਸਲਕੁਸ਼ੀ ਦੇ ਮੋਦੀਤਵ ਤਾਂਡਵ ਤੋਂ ਬਾਅਦ ਸ਼ਮੀਲ ਤੇ ਉਸਦੀ ਵਿਹਾਰਕਤਾ ਨੂੰ ਸ਼ਰਮ ਨਾਲ ਡੁੱਬ ਮਰਨਾ ਚਾਹੀਦਾ ਹੈ।

ਫਾਸਿਜ਼ਮ ਦੇ ਪ੍ਰਸੰਗ ਵਿੱਚ ਵਿਹਾਰਕ ਪੱਤਰਕਾਰਤਾ ਆਪਣੀ ਮੱਧਵਰਗੀ ਉਲਾਰ ਸੋਚ ਅਨੁਸਾਰ

ਭਾਰਤ ਵਿੱਚ ਉਭਰ ਰਹੇ ਰਾਜਨੀਤਕ ਯਥਾਰਥ ਤੋਂ ਅੱਖਾਂ ਮੀਟ ਰਹੀ ਹੈ। ਸੁਧਾਰਾਂ ਦੇ ਦੂਜੇ ਗੇੜ 'ਚ ਜਦੋਂ
ਭਾਰਤੀ ਅਜਾਰੇਦਾਰ ਵਿਸ਼ਵ ਪੂੰਜੀ ਨਾਲ ਟਾਈਅਪ ਕਰਕੇ ਦੂਜੇ ਦਰਜੇ ਦੇ ਭਾਈਵਾਲ ਬਣ ਰਹੇ ਹਨ,
ਪਬਲਿਕ ਅਦਾਰਿਆਂ ਨੂੰ ਦੇਸੀ ਤੇ ਬਦੇਸ਼ੀ ਪੂੰਜੀ ਦੇ ਪੇਟੇ ਪਾਇਆ ਜਾ ਰਿਹਾ ਹੈ, ਬਹੁਕੌਮੀ ਕੰਪਨੀਆਂ
ਲਈ ਬੂਹੇ ਚੌਪਟ ਖੋਲ੍ਹ ਦਿੱਤੇ ਗਏ ਹਨ, ਵਿਸ਼ਵਵਪਾਰ ਸੰਗਠਨ ਦੇ ਫ਼ੈਸਲਿਆਂ ਕਾਰਨ ਕਿਸਾਨੀ, ਛੋਟੀ
ਤੇ ਘਰੇਲੂ ਸਨਅਤ ਉਜਾੜੇ ਤੇ ਬਰਬਾਦੀ ਦੀ ਮਾਰ ਹੇਠ ਹੈ। ਅਜਿਹੀ ਅਵਸਥਾ ਵਿੱਚ ਭਾਰਤੀ ਲੋਕਾਂ
ਤੇ ਸ਼ਾਸਕਾਂ ਦਰਮਿਆਨ ਵਿਰੋਧਤਾਈ ਦਾ ਬੇਹੱਦ ਤਿੱਖਾ ਹੋਣਾ ਸੁਭਾਵਿਕ ਹੈ। ਜੇ ਲੋਕਾਂ ਨੇ ਸਮਾਂ
ਰਹਿੰਦਿਆਂ ਚੌਕਸੀ ਨਾ ਵਰਤੀ, ਭਾਜਪਾ ਦੀਆਂ ਲੋਕ ਦੋਖੀ ਪ੍ਰਤੀਕਿਰਿਆਵਾਦੀ ਨੀਤੀਆਂ ਨੂੰ ਰੋਕਣੋਂ
ਅਸਮਰਥ ਰਹੇ ਜਾਂ ਉਹਨਾਂ ਫਾਸਿਜ਼ਮ ਨੂੰ ਅੱਗੇ ਵਧਣੋਂ ਰੋਕਣ ਲਈ ਅਗਾਊਂ ਪੇਸ਼ਬੰਦੀਆਂ ਨਾ ਕੀਤੀਆਂ
ਤਾਂ ਫਾਸਿਜ਼ਮ ਦੇ 'ਭੂਤ' ਦੇ ਸਿੰਗਾਂ ਨੂੰ ਕੌਣ ਹੱਥ ਪਾਏਗਾ। ਹੋਰ ਸਪੱਸ਼ਟਤਾ ਲਈ ਇਸਨੂੰ ਇਉਂ ਵੀ
ਕਿਹਾ ਜਾ ਸਕਦਾ ਹੈ : ਜੇ ਕਮਿਊਨਿਸਟ ਪਾਰਟੀਆਂ ਕਮਜ਼ੋਰ ਸਥਿਤੀ 'ਚ ਹੋਣ ਜਾਂ ਮਜ਼ਦੂਰ ਜਮਾਤ ਤੇ
ਆਮ ਮਿਹਨਤੀ ਲੋਕਾਂ ਦਾ ਵੱਡਾ ਹਿੱਸਾ ਜਮਾਤੀ ਭਿਆਲੀ ਦੀ ਲਾਈਨ 'ਤੇ ਚੜ੍ਹਿਆ ਹੋਵੇ ਤੇ ਦੇਸ਼
ਦੀਆਂ ਵਿਰੋਧੀ ਸਿਆਸੀ ਪਾਰਟੀਆਂ ਕਾਂਗਰਸ, ਛੋਟੀਆਂ ਖੇਤਰੀ ਪਾਰਟੀਆਂ-ਭਾਜਪਾ ਨੂੰ ਗੰਭੀਰ
ਚੁਨੌਤੀ ਦੇਣ ਦੇ ਸਮਰਥ ਨਾ ਹੋਣ ਤਾਂ ਵੀ ਅਜਿਹੀ ਰਾਜਨੀਤਕ ਸਥਿਤੀ ਵਿੱਚ ਕੋਈ ਅਚਾਨਕ
ਵਾਪਰੀ ਸਿਆਸੀ ਜਾਂ ਸਮਾਜਿਕ ਘਟਨਾ ਫਾਸਿਜ਼ਮ ਨੂੰ ਆਪਣਾ ਏਜੰਡਾ ਅੱਗੇ ਵਧਾਉਣ ਵਿੱਚ ਮੌਕਾ
ਪ੍ਰਦਾਨ ਕਰ ਸਕਦੀ ਹੈ।

ਅਸੀਂ ਕਾਫ਼ੀ ਲਾਂਭੇ ਚਲੇ ਗਏ ਸੀ, ਮੁੜ 'ਰਾਜਧਾਨੀ ਦੇ ਬਾਦਸ਼ਾਹ' ਵੱਲ ਪਰਤਦੇ ਹਾਂ।
ਕਿਸੇ ਵੀ ਰਾਜਸੀ ਆਗੂ ਦੇ ਰਾਜਸੀ ਜੀਵਨ ਨੂੰ ਚਿਤਰਨ ਲਈ ਉਸਦੀ ਸਿਆਸੀ ਵਿਚਾਰਧਾਰਾ–
ਇਸ ਵਿਚਾਰਧਾਰਾ ਅਧੀਨ ਉਸਦੇ ਜੀਵਨ ਕਾਲ 'ਚ ਰਾਜਨੀਤਕ ਲਹਿਰ ਦਾ ਵਿਕਾਸ ਤੇ ਇਸ
ਵਿਕਾਸ ਵਿੱਚ ਪਾਇਆ ਉਸਦਾ ਯੋਗਦਾਨ ਫੈਸਲਾਕੁੰਨ ਮੁੱਦੇ ਹੁੰਦੇ ਹਨ। ਪਰ ਸ਼ਮੀਲ ਦੀ ਵਿਹਾਰਕਤਾ
ਦੇ ਆਪਣੇ ਪੈਮਾਨੇ ਹਨ। ਉਹ ਪਹਿਲਾਂ ਸੁਰਜੀਤ ਨੂੰ "ਇਨਕਲਾਬ ਦੇ ਮੂਲਵਾਦੀ ਮਾਰਕਸੀ ਏਜੰਡੇ,
ਮੂਲ ਮਾਰਕਸੀ ਸਿਧਾਂਤਾਂ ਤੇ ਕਮਿਊਨਿਸਟ ਸਦਾਚਾਰ ਦੇ ਪੈਮਾਨੇ ਦੇ ਬੰਧੇਜ਼" ਤੋਂ ਮੁਕਤ ਕਰਦਾ ਹੈ,
ਉਸਨੂੰ "ਸਨਕੀ ਤੋਂ ਸੰਕੀਰਨ ਵਿਚਾਰਧਾਰਾ" ਦੇ ਖਾਨਿਆਂ 'ਚੋਂ ਬਾਹਰ ਕੱਢਦਾ ਹੈ, ਉਸਦੀ ਉਮਰ, ਜੋ
ਵਿਚਾਰਧਾਰਾਵਾਂ ਦੇ ਚੱਕਰਾਂ 'ਚੋਂ ਪਾਰ ਹੋ ਗਈ ਹੈ ਦਾ ਮੁੱਲ ਪਾਉਂਦਾ ਹੈ। 'ਸ਼ੁੱਧੀਕਰਨ' ਦੀ ਇਸ
ਪ੍ਰਕਿਰਿਆ ਤੋਂ ਬਾਅਦ ਸੁਰਜੀਤ ਦੀ ਜੋ ਸ਼ਖ਼ਸੀਅਤ ਰੂਪਮਾਨ ਹੁੰਦੀ ਹੈ, ਸ਼ਮੀਲ ਦੇ ਆਪਣੇ ਸ਼ਬਦਾਂ
ਵਿੱਚ ........ ਸੁਰਜੀਤ ਰਾਜਧਾਨੀ ਦਾ ਬਾਦਸ਼ਾਹ ਹੈ.... ਭਾਰਤ ਦਾ ਇਕੋ ਇੱਕ ਆਗੂ ਜਿਸਨੇ
ਵਿਹਾਰਕਤਾ ਦੇ ਗੁਣ ਨੂੰ ਆਪਣੇ ਸੁਭਾਅ ਤੇ ਆਪਣੀ ਕਾਰਜਵਿਧੀ ਦਾ ਇਕ ਅਨਿੱਖੜਵਾਂ ਅੰਗ
ਬਣਾਇਆ ਹੋਇਆ ਹੈ.......ਉਸਨੇ ਭਾਰਤ ਦੀ ਕਮਿਊਨਿਸਟ ਲਹਿਰ ਦੀ ਉਦਾਰ ਧਾਰਾ ਤੇ
ਪਾਰਲੀਮੈਂਟਰੀ ਜਮਹੂਰੀਅਤ ਦੇ ਕਲਚਰ ਨੂੰ ਮਜ਼ਬੂਤ ਕਰਨ ਵਿੱਚ ਸਭ ਤੋਂ ਸਮਰੱਥਾਵਾਨ ਰੋਲ ਨਿਭਾਇਆ
ਹੈ...... ਸੁਰਜੀਤ ਦੇ ਪਿਤਾ, ਸਰਦਾਰ ਹਰਨਾਮ ਸਿੰਘ ਦੀ ਡਾਇਰੀ ਵਿੱਚ ਲਿਖਿਆ........ ਕਿ ਮੇਰਾ
ਮੁੰਡਾ ਪਾਲੀਟੀਸ਼ਨ ਹੈ, ਇਨਕਲਾਬੀ ਨਹੀਂ..........

ਸ਼ਮੀਲ ਦੀ ਪੁਸਤਕ ਅਜਿਹੀ ਸਮੱਗਰੀ ਨਾਲ ਨੱਕੋ ਨੱਕ ਭਰੀ ਹੋਈ ਹੈ। ਜਿਸ ਤੋਂ ਹਰ ਗੰਭੀਰ
ਪਾਠਕ ਸਹਿਜੇ ਹੀ ਇਹ ਨਿਰਣਾ ਲੈ ਸਕਦਾ ਹੈ ਕਿ ਸੁਰਜੀਤ ਤੇ ਉਸਦੀ ਹੇਠਲੀ ਕਮਿਊਨਿਸਟ
ਪਾਰਟੀ ਇਕ ਬੁਰਜੂਆ ਸੁਧਾਰਵਾਦੀ ਪਾਰਟੀ ਦੇ ਰੂਪ 'ਚ ਤਬਦੀਲ ਹੋ ਚੁੱਕੀ ਹੈ। ਜੇ ਪੁਸਤਕ ਵਿੱਚੋਂ
ਉਭਰਦੀ ਅਜਿਹੀ ਧਾਰਨਾ ਨੂੰ ਲੇਖਕ ਦੀ ਅੰਤਰਮੁਖੀ ਸੋਚ ਦਾ ਨਤੀਜਾ ਵੀ ਸਮਝ ਲਈਏ ਤਾਂ ਵੀ
ਸੁਰਜੀਤ ਦਾ ਇਸ ਬਾਰੇ ਸਪੱਸ਼ਟੀਕਰਨ ਦੇਣਾ ਲਾਜ਼ਮੀ ਬਣ ਜਾਂਦਾ ਹੈ। ਇਸ ਪੁਸਤਕ ਦੀ ਵਿਡੰਬਨਾ
ਦੇਖੋ–

ਸੁਰਜੀਤ ਦੀ ਜੀਵਨੀ ਮਾਰਕਸਵਾਦੀ ਵਿਚਾਰਧਾਰਾ ਦਾ ਖੰਡਨ ਕਰਦੀ ਹੈ ਤੇ ਇਸਨੂੰ ਅਪ੍ਰਸੰਗਿਕ
ਘੋਸ਼ਤ ਕਰਦੀ ਹੈ। ਸੁਰਜੀਤ ਚੁੱਪ ਹੈ।

ਸੁਰਜੀਤ ਦੀ ਜੀਵਨੀ ਸੰਸਾਰੀਕਰਨ ਦੀਆਂ ਸ਼ਕਤੀਆਂ ਦਾ ਸੁਆਗਤ ਕਰਦੀ ਹੈ। ਸੁਰਜੀਤ ਚੁੱਪ
ਹੈ।

ਸੁਰਜੀਤ ਦੀ ਜੀਵਨੀ ਭਾਜਪਾ ਦੇ ਹਿੰਦੂਤਵ ਫਾਸ਼ੀ ਏਜੰਡੇ ਨੂੰ ਮਹਿਜ਼ ਇਕ ਹਊਆ, ਭੂਤ ਦੱਸਦੀ
ਹੋਈ ਭਾਰਤੀ ਲੋਕਾਂ ਨੂੰ ਅਵੇਸਲੇ ਕਰ ਰਹੀ ਹੈ। ਸੁਰਜੀਤ ਚੁੱਪ ਹੈ!!!

ਸੁਰਜੀਤ ਦੀ ਜੀਵਨੀ ਸੁਰਜੀਤ ਨੂੰ ਤੇ ਉਸਦੀ ਕਮਿਊਨਿਸਟ ਪਾਰਟੀ ਨੂੰ ਬੁਰਜੂਆ ਸੁਧਾਰਵਾਦ



ਦੇ ਰੂਪ 'ਚ ਪੇਸ਼ ਕਰਦੀ ਹੈ। ਸੁਰਜੀਤ ਚੁੱਪ ਹੈ!!!

ਇਹ ਚੁੱਪ ਡੂੰਘੇ ਅਰਥਾਂ ਦੀ ਲਖਾਇਕ ਹੈ। ਜੇ ਇਹ ਨਹੀਂ ਟੁੱਟਦੀ ਤਾਂ ਕਹਿਣਾ ਪਵੇਗਾ : ਕਾਟਸਕੀ ਵਿਚਾਰਾ ਕਿੰਨਾ ਬਦਨਸੀਬ ਸੀ, ਉਹ ਅਭਾਗਾ ਹੀ ਮਰ ਗਿਆ ਕਿਉਂਕਿ ਉਸਨੂੰ ਕੋਈ 'ਸ਼ਮੀਲ' ਨਹੀਂ ਟਕਰਿਆ ਜਿਹੜਾ ਉਸਨੂੰ 'ਰੁਸਤਮੇ ਜਰਮਨੀ' ਬਣਾ ਸਕਦਾ। **—ਸੁਰਜੀਤ ਸਿੰਘ ਖੱਟੜਾ**

## *'ਮਹਿਕਦੇ ਪਲ' —ਸੁਖਦੇਵ ਸਿੰਘ ਗਰੇਵਾਲ*

ਗ਼ਜ਼ਲ ਸੰਗ੍ਰਹਿ ਪੰਜਾਬੀ ਦੇ ਸੁਪ੍ਰਸਿੱਧ ਗ਼ਜ਼ਲਕਾਰ ਸ੍ਰੀ ਸੁਖਦੇਵ ਸਿੰਘ ਗਰੇਵਾਲ ਦਾ ਛੇਵਾਂ ਗ਼ਜ਼ਲ ਸੰਗ੍ਰਹਿ ਹੈ। 104 ਸਫ਼ਿਆਂ ਵਿੱਚ 94 ਗ਼ਜ਼ਲਾਂ ਸਾਂਭੀ ਬੈਠੇ ਇਸ ਸੰਗ੍ਰਹਿ ਨੂੰ ਚੇਤਨਾ ਪ੍ਰਕਾਸ਼ਨ ਲੁਧਿਆਣਾ ਨੇ ਸੁੰਦਰ ਦਿੱਖ ਵਿੱਚ ਸਜਿਲਦ ਛਾਪ ਕੇ 100 ਰੁਪਏ ਕੀਮਤ ਰੱਖੀ ਹੈ। ਨਿੱਕੇ-ਨਿੱਕੇ ਨੋਟਾਂ ਨਾਲ ਚਾਰ ਵੱਡੇ ਵਿਦਵਾਨਾਂ ਨੇ ਇਹ ਪੁਸਤਕ ਪਾਠਕਾਂ ਗੋਚਰੀ ਕੀਤੀ ਹੈ।

ਗਰੇਵਾਲ ਕਰੀਬ 40 ਸਾਲਾਂ ਤੋਂ ਗ਼ਜ਼ਲਾਂ ਲਿਖਦਾ ਤੇ ਛਾਪਦਾ ਆ ਰਿਹਾ ਹੈ। ਇਸ ਨੇ ਦਰਜਨ ਭਰ ਪੁਸਤਕਾਂ ਦੇ ਨਾਮ ਗਿਣੇ ਹਨ ਜਿਹਨਾਂ ਵਿੱਚ ਉਹ ਸਮਿੱਲਤ ਸ਼ਾਮਿਲ ਹੈ। ਇਸ ਲਈ ਗ਼ਜ਼ਲ ਪ੍ਰਤੀ ਸੁਹਿਰਦਤਾ, ਪੁਖਤਗੀ ਅਤੇ ਨਿਸ਼ਠਾ ਸ਼ਾਇਰ ਦਾ ਮੀਰੀ ਗੁਣ ਹੈ। ਹੁਣ ਉਹ ਬਾਤ ਵੀ ਕਰੇ ਤਾਂ ਸ਼ਿਅਰ ਬਣਦਾ ਹੈ' ਦੇ ਮੁਕਾਮ 'ਤੇ ਹੈ। ਉਹ ਆਪਣੇ ਸੱਚ ਨੂੰ ਸਹਿਜ ਨਾਲ ਕਹਿੰਦਾ ਹੈ।

ਉਰਦੂ ਅਤੇ ਪੰਜਾਬੀ ਸ਼ਾਇਰੀ ਦਾ ਗੁਣਾਤਮਿਕ ਫ਼ਰਕ ਇਹ ਹੈ ਕਿ ਉਰਦੂ ਸ਼ਾਇਰੀ ਮਹਿਫਲੀ ਵਸਤ ਬਣ ਕੇ ਪ੍ਰੇਮ ਪਿਆਰ ਦੇ ਫਲਸਫੇ ਨੂੰ ਉੱਕਰਦੀ ਸ਼ਾਬਦਿਕ ਬਾਜੀਗਰੀ ਵਿੱਚ ਪਰਿਵਰਤਿਤ ਹੋ ਗਈ ਅਤੇ ਜਨ-ਚੇਤਨਾ, ਜਨ ਸਮੱਸਿਆਵਾਂ ਅਤੇ ਬਹੁਜਨ ਹਿਤਾਂ ਤੋਂ ਦੂਰ ਚਲੀ ਗਈ। ਇਸ ਵਿੱਚ ਇਸ਼ਕ ਦੀ ਚੁਲਬੁਲੀਅਤ ਤੇ ਗੁੱਝੇ ਪ੍ਰੇਮ ਭਾਵਾਂ ਨੂੰ ਪ੍ਰਗਟ ਕਰਨ ਦੀ ਚਤੁਰਾਈ ਫਲਸਫਾ ਬਣ ਕੇ ਔਰਤਾਂ ਨਾਲ ਗੱਲਾਂ ਦਾ ਅਰਥ ਉਜਾਗਰ ਕਰਨ ਲੱਗੀ। ਇਹ ਮਹਿਫਲੀ ਤੇ ਨਵਾਬਾਂ ਦੇ ਹਰਮਾਂ ਦੀ ਖ਼ੁਸ਼ਬੂ ਬਣ ਕੇ ਨਿੱਜ ਤੋਂ ਨਿੱਜ ਤੀਕ ਦਾ ਸਫ਼ਰ ਕਰਨ ਲੱਗੀ ਅਤੇ ਵਰਤਮਾਨ ਦੀਆਂ ਚੁਣੌਤੀਆਂ ਤੋਂ ਪਾਸਾ ਵੱਟ ਕੇ ਪੱਲੇ ਨਾਲ ਦੀਵਾ ਬੁਝਾਉਣ ਜੋਗੀ ਹੀ ਰਹਿ ਗਈ। ਪਰ ਪੰਜਾਬੀ ਗ਼ਜ਼ਲ ਨੇ ਲੋਕਾਂ ਦੀ ਜ਼ੁਬਾਨ, ਖੇਤਾਂ ਦੀ ਪਿਆਸ, ਸੰਘਰਸ਼ਾਂ ਦੀ ਹੇਕ ਤੇ ਦਰਦਮੰਦਾਂ ਦੀ ਹੂਕ ਦੀ ਤਰਜਮਾਨੀ ਕੀਤੀ। ਪੰਜਾਬੀ ਗ਼ਜ਼ਲ ਨੇ ਆਪਣੇ ਸੰਖੇਪਤਾ, ਸੁਹਜਤਾ, ਪ੍ਰਗੀਤਕਤਾ ਅਤੇ ਸਰਲਤਾ ਦੇ ਮਹਾਨ ਗੁਣਾਂ ਨੂੰ ਪ੍ਰਗਤੀਵਾਦੀ ਵਿਚਾਰਧਾਰਾ ਤੇ ਲੋਕ ਸੁਹਜ ਚੇਤਨਾ ਵਿਚਕਾਰ ਪੁਲ ਬਣਨ ਦਾ ਮਾਣ ਹਾਸਿਲ ਕੀਤਾ। ਹੌਲੀ-ਹੌਲੀ ਯਾਰ ਦਾ ਗ਼ਮ ਲੋਕਾਂ ਦਾ ਗਮ ਉਸਨੇ ਬਣਾ ਲਿਆ। ਸਮਾਜਿਕ ਤੇ ਰਾਜਨੀਤਕ ਧਰਾਤਲ ਉੱਤੇ ਵਾਪਰਨ ਵਾਲੀਆਂ ਪ੍ਰਮੁੱਖ ਘਟਨਾਵਾਂ ਨੂੰ ਗ਼ਜ਼ਲ ਨੇ ਸਹਿਜ ਸਪੱਸ਼ਟ ਤੇ ਸੁਹਜ-ਸਹਿਜ ਨਾਲ ਕਾਵਿ ਅਭਿਵਿਅਕਤੀ ਦਿੱਤੀ। ਐਮਰਜੈਂਸੀ, ਵੀਤਨਾਮ ਤੇ ਪੰਜਾਬ ਸਮੱਸਿਆ ਵੱਡੇ-ਵੱਡੇ ਪੰਜਾਬੀ ਸ਼ਾਇਰਾਂ ਨੇ ਆਪਣੀਆਂ ਗ਼ਜ਼ਲਾਂ ਵਿੱਚ ਲਏ। ਪੰਜਾਬੀ ਗ਼ਜ਼ਲ ਵਿੱਚ ਜਨ-ਜੀਵਨ ਦੇ ਅਨੇਕਾਂ ਵਰਤਾਰਿਆਂ, ਕਰਮ ਖੇਤਰਾਂ ਅਤੇ ਮਨੁੱਖੀ ਸੰਵੇਦਨਾ ਨੂੰ ਬਾਖ਼ੂਬੀ ਪ੍ਰਗਟਾਇਆ ਜਾ ਰਿਹਾ ਹੈ। ਪੰਜਾਬੀ ਗ਼ਜ਼ਲ ਹੁਣ ਮਾਤਰ ਪ੍ਰੇਮ ਪਿਆਰ ਦੇ ਸਾਗਰ ਦੀ ਛਲ ਨਹੀਂ ਹੈ......

ਗਰੇਵਾਲ ਮੁੱਖ ਤੌਰ ਉੱਤੇ ਪ੍ਰੇਮ-ਮੁਹੱਬਤ ਦਾ ਸ਼ਾਇਰ ਹੈ। ਉਸਦੇ ਇਸ ਪੁਸਤਕ ਵਿੱਚ 80 ਪ੍ਰਤੀਸ਼ਤ ਸ਼ਿਅਰ ਮੁਹੱਬਤ ਦੇ ਵਿਸ਼ੇ ਉੱਤੇ ਹਨ। ਉਸਦੀ ਸ਼ਾਇਰੀ ਇੱਕ ਵਿਸ਼ੇਸ਼ ਮਨੋ-ਸਥਿਤੀ ਦਾ ਪ੍ਰਗਟਾਵਾ ਕਰਦੀ ਹੈ। ਇਸ਼ਕ ਵਿੱਚ ਅਸਫ਼ਲਤਾ, ਮਹਿਬੂਬਾ ਨੂੰ ਨਹੋਰਾ, ਬੇਗਾਨਗੀ ਉਪਰਾਮਤਾ, ਇਸ਼ਕ ਵਿੱਚ ਅਸਫ਼ਲਤਾ ਅਤੇ ਮਿਲ ਕੇ ਵੀ ਨਾ ਮਿਲਣ ਦੀ ਵਿਡੰਬਨਾ ਗਰੇਵਾਲ ਦੀਆਂ ਗ਼ਜ਼ਲਾਂ ਵਿੱਚ ਭਾਰੂ ਹਨ। ਸ਼ਾਇਰ ਯਾਦਾਂ ਖਾਬਾਂ ਕਲਪਨਾਵਾਂ ਹਉਕਿਆਂ ਤੇ ਸਿਸਕੀਆਂ ਵਿੱਚ ਘਿਰ ਕੇ ਯਥਾਰਥ ਅਤੇ ਮਨੋਕਲਪਤ ਸਥਿਤੀ ਵਿੱਚ ਵਿੱਥ ਪੈਦਾ ਕਰ ਦਿੰਦਾ ਹੈ। ਉਸਦਾ ਫਲਸਫਾ ਇਸ਼ਕ ਮੁਖੀ ਹੈ ਏਸੇ ਲਈ ਇਹ ਅਜੋਕੇ ਮਸਲਿਆਂ, ਸਮਾਜੀ ਸਰੋਕਾਰਾਂ ਅਤੇ ਆਧੁਨਿਕ ਮਨੁੱਖ ਸਾਹਵੇਂ ਖੜ੍ਹੀਆਂ ਚੁਣੌਤੀਆਂ ਤੋਂ ਅਭਿੱਜ ਰਹਿ ਕੇ ਆਪਣੀ ਮਨੋਬਿਰਤੀ ਤੇ ਪ੍ਰੇਮ ਜਜ਼ਬਾਤ ਨੂੰ ਪਹਿਲ ਦਿੰਦਾ ਹੈ। ਉਸਦੇ ਅਨੇਕਾਂ ਐਸੇ ਸ਼ਿਅਰ ਹਨ ਜੋ

'ਗਰੇਵਾਲ' ਦੇ ਮੇਚ ਦੇ ਨਹੀਂ ਅਤੇ ਬੇ-ਅਰਥ ਪ੍ਰਤੀਤ ਹੁੰਦੇ ਹਨ।

1. ਜ਼ਿੰਦਗੀ ਜਾਂ ਮੌਤ ਹੈ ਤੇ ਨਰਕ ਹੈ ਜਾਂ ਸੁਰਗ ਹੈ,
ਧਰ ਦਿਉ ਹੱਥਾਂ ਤੇ ਮੇਰੇ ਜੋ ਵੀ ਕੁਝ ਹੈ ਧਰ ਦਿਉ।
2. ਤੇਰੇ ਦਰ ਤੋਂ ਮਿਲੀ ਜੇ ਇਸ਼ਕ ਦੀ ਸੌਗਾਤ ਨਾ ਹੁੰਦੀ,
ਸੁਲਗਦੇ ਹਉਕਿਆਂ ਦੀ ਕੋਲ ਮੇਰੇ ਦਾਤ ਨਾ ਹੁੰਦੀ।
3. ਇਹ ਤਾਂ ਰਾਧਾ ਹੈ ਜੋ ਪਨਘਟ ਤੇ ਉਡੀਕੇ ਸ਼ਾਮ ਨੂੰ,
ਭਰ ਕੇ ਪਾਣੀ ਹਰ ਸਖੀ ਹੀ ਆਪਣੇ ਹੈ ਘਰ ਗਈ।
4. ਸੋਚਦੇ ਸਾਂ ਹੰਝੂਆਂ 'ਚੋਂ ਨਿੱਘ ਮਿਲੂ ਨਾਲੇ ਮਿਠਾਸ,
ਬੇਰੁਖੀ ਪਰ ਉਸ ਦੀ ਕਾਰਨ ਇਹ ਸਦਾ ਖਾਰੇ ਰਹੇ।
5. ਦੇਖੀਏ ਨਿਤ ਹੀ ਲੁਕੇ ਚਿਹਰੇ ਦਾ ਖਾਬ,
ਸਾਹਮਣੇ ਆਓ ਜ਼ਰਾ ਲਾਹ ਕੇ ਨਕਾਬ........।

ਪਰ ਇਸਦਾ ਇਹ ਭਾਵ ਨਹੀਂ ਕਿ ਗਰੇਵਾਲ ਬਾਕੀ ਜ਼ਿੰਦਗੀ ਮੱਤੇ ਵਿਸ਼ੇ ਨਹੀਂ ਛੂੰਹਦਾ। ਫ਼ਰਕ ਸਿਰਫ਼ ਇਹ ਹੈ ਕਿ ਜਜ਼ਬਾਤ ਦੀ ਰੇਤ ਉੱਤੇ ਲਿਖੇ ਹਰਫ਼ ਯਥਾਰਥ ਦੀ ਹਵਾ ਦੇ ਅੱਖ ਤਿਣ ਹਨ। ਸਫ਼ਾ 10 ਉੱਤੇ ਉਸਦੀ ਗ਼ਜ਼ਲ ਬਹੁਤ ਉੱਚ ਪਾਏ ਦੀ ਅਤੇ ਦਿਲ ਨੂੰ ਖਿੱਚ ਪਾਉਣ ਵਾਲੀ ਹੈ। ਉਸਦਾ ਇੱਕ ਸ਼ਿਅਰ ਵੇਖੋ ਕਿੰਨਾ ਭਾਵਪੂਰਤ ਬੁਲੰਦ ਅਤੇ ਭਵਿੱਖ ਨੂੰ ਸਲਾਮ ਕਹਿਣ ਵਾਲਾ ਹੈ :

ਕੀ ਪਤਾ ਕਿਸ ਮੋੜ 'ਤੇ ਨ੍ਹੇਰੇ ਦਾ ਹੋਵੇ ਸਾਹਮਣਾ
ਸੂਰਜਾਂ ਨੂੰ ਆਪਣੇ ਦਿਲ ਵਿੱਚ ਸਜਾ ਕੇ ਰੱਖਿਓ।

ਉਹਨਾਂ ਦੇ ਕੁੱਝ ਹੋਰ ਸ਼ਿਅਰ ਵੇਖੋ ਜੋ ਬਹੁਤ ਵਧੀਆ ਹਨ :—

1. ਭੀੜ ਹੈ ਪਰ ਇੱਕ ਵੀ ਬੰਦਾ ਨਹੀਂ,
ਕਿਸ ਤਰ੍ਹਾਂ ਦਾ ਵੇਖ ਤੇਰਾ ਸ਼ਹਿਰ ਹੈ।
2. ਹਰ ਸਮੇਂ ਸੂਰਜ ਤੇ ਚਾਨਣ ਦੀ ਹੀ ਗਲ ਕਰਿਆ ਨਾ ਕਰ,
ਤਾਰਿਆਂ ਨੂੰ ਵੇਖ ਜਿਹੜੇ ਚਮਕਦੇ ਨੇ ਰਾਤ ਨੂੰ।
3. ਜੰਮਣੋਂ ਪਹਿਲਾਂ ਹੀ ਜੇ ਕੁੜੀਆਂ ਨੂੰ ਦਿੱਤਾ ਮਾਰ ਤਾਂ
ਕਿੱਕਲੀਆਂ ਬਾਝੋਂ ਤਾਂ ਫਿਰ ਸੁੰਨੇ ਹੀ ਵਿਹੜੇ ਰਹਿਣਗੇ।......

ਗਰੇਵਾਲ ਗ਼ਜ਼ਲ ਦੇ ਬਹਿਰ, ਕਾਫ਼ੀਏ ਰਦੀਫ਼ ਅਤੇ ਸ਼ਿਅਰੀ ਸ਼ਿਲਪਕਾਰੀ ਨੂੰ ਬਾਖ਼ੂਬੀ ਜਾਣਦਾ ਹੈ। ਰੂਪ ਵਿਧਾਨ ਪੱਖੋਂ ਉਸ ਦੀਆਂ ਸਾਰੀਆਂ 94 ਗ਼ਜ਼ਲਾਂ ਅਰੂਜ਼ ਅਤੇ ਪਿੰਗਲ ਦੇ ਬਹਿਰਾਂ ਛੰਦਾਂ ਵਿੱਚ ਹਨ। ਉਹ ਅਰੂਜ਼ੀ ਬਹਿਰ ਰਮਲ ਨੂੰ ਬਹੁਤ ਪਿਆਰਾ ਹੈ। ਪਹਿਲੀਆਂ ਪੁਸਤਕਾਂ ਵਾਂਗ ਇਸ ਵਿੱਚ ਵੀ 75 ਪ੍ਰਤੀਸ਼ਤ ਤੋਂ ਵੀ ਵੱਧ ਗ਼ਜ਼ਲਾਂ ਬਹਿਰ ਵਿੱਚ ਹਨ। ਉਸਦੇ ਬਹਿਰਾਂ ਦੀ ਸਾਰਨੀ ਇਸ ਤਰ੍ਹਾਂ ਹੈ :—

ਬਹਿਰ ਰਮਲ = 75 ਗ਼ਜ਼ਲਾਂ, ਬਹਿਰ ਹਜ਼ਿਜ਼ 5 ਗ਼ਜ਼ਲਾਂ, ਬਹਿਰ ਮੁਜਾਰਿਆ 2 ਗ਼ਜ਼ਲਾਂ, ਬਹਿਰ ਮੁਤਕਾਰਿਬ ਸਾਲਿਮ। ਗ਼ਜ਼ਲ = 7 ਫੇਲੁਨ + ਫੇ = 3 ਗ਼ਜ਼ਲਾਂ, 6 ਫੇਲੁਨ + ਫੇ = 1 ਗ਼ਜ਼ਲ, 8 ਫੇਲੁਨ = 1 ਗਜ਼ਲ, 5 ਫੇਲੁਨ + ਫੇ = 2 ਗ਼ਜ਼ਲਾਂ ਅਤੇ ਇੱਕ ਗ਼ਜ਼ਲ ਪਿੰਗਲ ਦੇ ਛੰਦ ਵਿੱਚ ਹੈ।

ਗਰੇਵਾਲ ਤਿੰਨ ਅੱਖਰੀ ਟੁਕੜੀ ਸ਼ਬਦਾਂ ਨੂੰ ਕਿਸੇ ਤਰਤੀਬ ਵਿੱਚ ਨਹੀਂ ਬੰਨ੍ਹਦਾ ਉਹ ਬਿਰਖ ਨੂੰ ਗੁਰੂ ਲਘੂ ਵੀ ਤੇ ਗੁਰੂ ਲਘੂ ਵੀ ਬੰਨ੍ਹਦਾ ਹੈ। ਏਸੇ ਤਰ੍ਹਾਂ ਖ਼ੁਸ਼ਬੂਆਂ ਨੂੰ ।S, ਉੱਘੜ ਨੂੰ ।S, ਨਜ਼ਾਰੇ ਨੂੰ SSS, ਧੂੰਆਂ ਨੂੰ ।S, ਵਿੱਸਰ ਨੂੰ ।S, ਪਾਉਣ ਨੂੰ SS, ਨਾਲ ਨੂੰ S, ਉੱਠੇ ਨੂੰ ।S, ਲੱਗੇ ਨੂੰ ।S, ਦੇ ਵਜ਼ਨ 'ਤੇ ਬੰਨ੍ਹ ਕੇ ਪ੍ਰਤੱਖ ਗ਼ਲਤੀ ਕਰਦਾ ਹੈ। ਉਹ ਪਾਸਬਾਨ ਨੂੰ ਪਾਸਬਾਂ ਤੇ ਜ਼ੁਬਾਨ ਨੂੰ ਜ਼ੁਬਾਂ ਆਦਿ ਵੀ ਗ਼ਲਤ ਲਿਖਦਾ ਹੈ। ਕਈ ਗ਼ਜ਼ਲਾਂ ਵਿੱਚ ਉਸ ਨੇ ਰਮਲ ਦੇ ਬਹਿਰ ਇੱਕ-ਇੱਕ ਸ਼ਿਅਰ ਵਿੱਚ ਦੋ-ਦੋ ਰੂਪਾਂ ਵਿੱਚ ਵਰਤਿਆ ਹੈ। ਉਹ ਕਈ ਮੁਹਾਵਰੇ ਗ਼ਲਤ ਵਰਤਦਾ ਹੈ। ਜਿਵੇਂ ਪੰਖ ਨੂੰ ਸਰ ਦੇਣਾ, ਹੰਝੂਆਂ ਚੋਂ ਨਿੱਘ ਮਿਲਣਾ, ਨਵੇਂ ਰਾਹ ਦੀ ਖ਼ਾਕ ਛਾਨਣੀ, ਵਕਤੋਂ ਪਹਿਲਾਂ ਫੁੱਲ ਖਿੜਨਾ ਆਦਿ।



ਅੰਤ ਵਿੱਚ ਸਮੁੱਚੇ ਤੌਰ 'ਤੇ ਇਹ ਪੁਸਤਕ ਪ੍ਰਸ਼ੰਸਾ ਦੀ ਹੱਕਦਾਰ ਹੈ ਕਿਉਂਕਿ ਰੂਪ ਵਿਧਾਨ ਦੀਆਂ ਬਰੀਕ ਉਕਾਈਆਂ ਨਵੇਂ ਪੁਰਾਣੇ ਗ਼ਜ਼ਲਕਾਰਾਂ ਵਾਸਤੇ ਫ਼ਾਇਦੇਮੰਦ ਹਨ ਤੇ ਉਹਨਾਂ ਲਈ ਹੀ ਹਨ। ਪੰਜਾਬੀ ਦੇ ਸੁਹਿਰਦ ਪਾਠਕ ਇਹਨਾਂ ਤਕਨੀਕੀ ਰੁਕਾਵਟਾਂ ਨੂੰ ਸ਼ਾਇਰੀ ਮਾਨਣ ਵਿੱਚ ਅੜਚਣ ਨਹੀਂ ਬਣਨ ਦਿੰਦੇ। ਪੰਜਾਬੀ ਦੇ ਗ਼ਜ਼ਲ ਪਿਆਰਿਆਂ ਨੂੰ ਇਹ ਸੁਹਜਮਈ ਤੇ ਪ੍ਰੌੜ ਪਿਆਰ ਨੂੰ ਸਿਰਜਦੀ ਪੁਸਤਕ ਖ਼ਰੀਦ ਕੇ ਪੜ੍ਹਨੀ ਚਾਹੀਦੀ ਹੈ।

**—ਸੁਲੱਖਣ ਸਰਹੱਦੀ**

## *ਕੁਝ ਪੜ੍ਹਨ ਯੋਗ ਪੁਸਤਕਾਂ*

ਰਾਤ : ਐਲ ਵਾਈਜ਼ਲ (ਨੋਬਲ ਪੁਰਸਕਾਰ ਵਿਜੇਤਾ) ਕੁਕਨੁਸ ਪ੍ਰਕਾਸ਼ਨ, ਜਲੰਧਰ, ਮਈ, ੨੦੦੩.

ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਪਹਿਲਾਂ ਅਨੁਵਾਦਾਂ ਦਾ ਇਕ ਤਰ੍ਹਾਂ ਦਾ ਹੜ੍ਹ ਆਇਆ ਰਹਿੰਦਾ ਸੀ। ਇਨ੍ਹਾਂ ਵਿੱਚ ਪੇਸ਼ਾਵਰ ਅਨੁਵਾਦ ਵੀ ਸਨ ਤੇ ਸ਼ੌਕੀਆ ਅਨੁਵਾਦਕਾਂ ਦੇ ਵੀ। ਸ਼ੌਕੀਆ ਅਨੁਵਾਦਾਂ ਦੀ ਵਿਸ਼ੇਸ਼ਤਾ ਇਹ ਰਹੀ ਹੈ ਕਿ ਅਨੁਵਾਦਕ ਆਪਣੀ ਮਨ-ਪਸੰਦ ਰਚਨਾ ਦਾ ਅਨੁਵਾਦ ਕਰਦਾ ਹੈ ਜਿਸ ਵਿੱਚ ਉਹ ਪੂਰੀ ਲਗਨ ਨਾਲ ਆਪਣੀ ਸਾਰੀ ਤਾਕਤ ਲਾ ਦਿੰਦਾ ਹੈ। ਇਸੇ ਲਈ ਉਸਦੀ ਇਕ ਨਵੇਕਲੀ ਸ਼ੈਲੀ ਵੀ ਉਭਰ ਕੇ ਸਾਹਮਣੇ ਆਉਂਦੀ ਹੈ। ਗੁਰਬਖਸ਼ ਸਿੰਘ ਤੇ ਡਾ. ਹਰਿਭਜਨ ਸਿੰਘ ਦੇ ਅਨੁਵਾਦ ਇਸੇ ਕੋਟੀ ਦੇ ਹਨ। ਹੁਣ ਦਸ ਕੁ ਸਾਲ ਦੇ ਵਕਫ਼ੇ ਤੋਂ ਬਾਅਦ ਕੁਝ ਪ੍ਰਕਾਸ਼ਕਾਂ ਨੇ ਮੁੜ ਅਜਿਹੇ ਅਨੁਵਾਦ ਛਾਪਣ ਦਾ ਬੀੜਾ ਚੁੱਕਿਆ ਹੈ। ਅਨੁਵਾਦ ਉਨ੍ਹਾਂ ਲੇਖਕਾਂ ਤੋਂ ਕਰਵਾਉਣ ਦਾ ਯਤਨ ਕੀਤਾ ਜਾ ਰਿਹਾ ਹੈ, ਜੋ ਕਿ ਖ਼ਾਸ ਵਿਸ਼ੇ ਵਿੱਚ ਦਿਲਚਸਪੀ ਰੱਖਦੇ ਹਨ। ਇਉਂ ਕਈ ਵਧੀਆ ਅਨੁਵਾਦ ਪਾਠਕਾਂ ਸਾਹਮਣੇ ਆ ਰਹੇ ਹਨ। ਉਨ੍ਹਾਂ ਵਿੱਚੋਂ ਹੀ ਇਕ ਹੈ ਐਲੀ ਵਾਈਜ਼ਲ ਦਾ ਨਾਵਲ ਰਾਤ। (Night ਦਾ ਅਨੁਵਾਦ, ਅਨੁਵਾਦਕ-ਕੇ. ਐਲ. ਗਰਗ)।

ਨਾਜ਼ੀਵਾਦੀ ਜਰਮਨੀ ਵੱਲੋਂ ਯਹੂਦੀਆਂ ਨੂੰ ਗੈਸ ਚੈਂਬਰਾਂ ਵਿੱਚ ਸਾਮੂਹਿਕ ਤੌਰ 'ਤੇ ਮੌਤ ਦੇ ਘਾਟ ਉਤਾਰਨ ਦੇ ਬਹੁਤ ਸਾਰੇ ਕਾਰੇ ਪੜ੍ਹੇ ਸਨ ਪਰੰਤੂ ਰਾਤ ਨਾਵਲ ਪੜ੍ਹ ਕੇ ਪਾਠਕ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਨਾਵਲਕਾਰ ਨੇ ਆਪਣੀ ਵਿਚਾਰਧਾਰਾ, ਆਦਰਸ਼ਵਾਦ ਸਭ ਇਕ ਪਾਸੇ ਰੱਖੇ ਹਨ। ਜੋ ਕੁਝ ਉਸ ਨਾਲ ਖ਼ੁਦ ਵਾਪਰਿਆ ਉਸਦਾ ਹੀ ਸਹਿਜ ਪਰ ਜੀਵੰਤ ਪੁਨਰਸਿਰਜਣ ਹੈ। ਅਖ਼ੀਰ ਤੇ ਜਦੋਂ ਕੈਦੀ ਛੁਡਵਾਏ ਜਾਂਦੇ ਹਨ ਤਾਂ ਕੈਦੀਆਂ ਵਿੱਚ ਕਿਸੇ ਤਰ੍ਹਾਂ ਦੀ ਬਦਲੇਖੋਰੀ ਨਹੀਂ ਦਿਖਾਈ ਦਿੰਦੀ, ਸਗੋਂ ਭੁੱਖਣ ਭਾਣੇ ਇਹ ਕਰੰਗ ਸਭ ਤੋਂ ਪਹਿਲਾਂ ਰੋਟੀਆਂ ਦੇ ਆਹੂ ਲਾਹੁੰਦੇ ਹਨ ਜਿਸ ਕਾਰਣ ਉਨ੍ਹਾਂ ਵਿੱਚੋਂ ਕਈਆਂ ਨੂੰ ਫੂਡ ਪਾਇਜ਼ਨਿੰਗ ਹੋ ਜਾਂਦੀ ਹੈ, ਲੇਖਕ ਆਪ ਵੀ ਇਨ੍ਹਾਂ ਵਿੱਚੋਂ ਇਕ ਸੀ।

ਅਮਾਨਵੀ ਵਿਹਾਰ ਤੇ ਸਵੈ ਰੱਖਿਆ ਦੀ ਪ੍ਰਵਿਰਤੀ ਨਾਲੋਂ ਨਾਲ ਚਲਦੀਆਂ ਹਨ। ਹੇਠ ਲਿਖੇ ਪ੍ਰਸੰਗਾਂ ਨਾਲ ਨਾਵਲ ਭਰਿਆ ਪਿਆ ਹੈ। "ਗੱਡੀ ਵਿੱਚ ਠੰਡ ਤੋਂ ਬਚਣ ਲਈ ਅਸੀਂ ਇਕ-ਦੂਸਰੇ ਨਾਲ ਘੁਸੜੇ ਬੈਠੇ ਸਾਂ। ਸਾਡੇ ਸਿਰ ਖ਼ਾਲੀ ਅਤੇ ਭਾਰੇ ਹੋਏ ਪਏ ਸਨ। ਦਿਮਾਗ਼ ਗਲੀਆਂ ਸੜੀਆਂ ਯਾਦਾਂ ਦੀ ਘੁੰਮਣਘੇਰੀ ਬਣਿਆ ਹੋਇਆ ਸੀ। ਬੇਗ਼ਾਨਗੀ ਦੀ ਭਾਵਨਾ ਨੇ ਸਾਡੀ ਰੂਹ ਮੁਰਦਾ ਕਰ ਛੱਡੀ ਸੀ। ਇੱਥੇ ਜਾਂ ਕਿਤੇ ਹੋਰ, ਇਸ ਨਾਲ ਕੀ ਫ਼ਰਕ ਪੈਣ ਵਾਲਾ ਸੀ ? ਅੱਜ ਮਰੀਏ, ਕਲ੍ਹ ਜਾਂ ਕਿਸੇ ਹੋਰ ਦਿਨ ? ਕਦੀ ਨਾ ਮੁੱਕਣ ਵਾਲੀ ਇਹ ਰਾਤ ਬਹੁਤ ਲੰਬੀ ਹੋ ਗਈ ਸੀ।"

ਬੰਦੇ ਲਗਾਤਾਰ ਮਰ ਰਹੇ ਹਨ। ਸੋਵੀਅਤ ਜਿੱਤਾਂ ਕਾਰਣ ਡਰਦੇ ਜਰਮਨ ਕੈਦੀਆਂ ਨੂੰ ਵ੍ਹੀਂ ਨਾਲ ਹੀ ਦੌੜਾਈ ਫਿਰਦੇ ਹਨ। ਡੱਬੇ ਬੰਦਿਆਂ ਨਾਲ ਤੂਸੇ ਪਏ ਹਨ। ਬਰਫ਼ਾਂ ਨਾਲ ਬੰਦੇ ਧੜਾਧੜ ਮਰ ਰਹੇ ਹਨ। ਨਵਾਂ ਸਟੇਸ਼ਨ ਆਉਂਦਾ ਹੈ, ਗਾਰਡ ਚੀਕਦੇ ਹਨ। "ਸਾਰੇ ਮੁਰਦੇ, ਸਾਰੀਆਂ ਲਾਸ਼ਾਂ ਬਾਹਰ ਸੁੱਟ ਦਿਉ। ਸੁਣ ਕੇ ਜਿਉਂਦੇ ਬੰਦੇ ਖ਼ੁਸ਼ ਹੋ ਗਏ ਸਨ। ਜ਼ਿਆਦਾ ਥਾਂ ਹੋ ਜਾਵੇਗੀ।" ਜਦੋਂ ਡੱਬਾ ਤੁਰਿਆ ਸੀ ਤਾਂ ਇਸ ਵਿੱਚ ਸੌ ਬੰਦੇ ਸਨ। ਬੁਖਨਵਾਲਡ ਪਹੁੰਚ ਕੇ ਇਹ ਕੇਵਲ ਇਕ ਦਰਜਨ ਰਹਿ ਜਾਂਦੇ ਹਨ, ਬਾਕੀ ਸਾਰੇ ਮੌਤ ਦੇ ਮੂੰਹ ਵਿੱਚ ਜਾ ਪੈਂਦੇ ਹਨ। ਬਚਣ ਵਾਲਿਆਂ ਵਿੱਚ ਲੇਖਕ ਤੇ ਉਸਦਾ ਪਿਉ ਵੀ ਹੈ।

ਜੀਊਣ ਦੀ ਚਾਹ ਇੰਨੀ ਤੀਬਰ ਹੈ ਕਿ ਬੱਚੇ ਤਕ ਆਪਣੇ ਮਾਂ-ਪਿਉ ਨੂੰ ਤਿਆਗ ਜਾਂਦੇ ਹਨ।
ਐਲੀ ਭਾਵੇਂ ਅਖ਼ੀਰ ਤਕ ਇਨ੍ਹਾਂ ਵਿਚਾਰਾਂ ਤੋਂ ਦੂਰ ਰਹਿਣ ਦਾ ਯਤਨ ਕਰਦਾ ਹੈ ਪਰ ਮਾਹੌਲ ਦੇ ਅਸਰ
ਕਾਰਣ ਉਸਦੇ ਮਨ ਵਿੱਚ ਵੀ ਪਿਉ ਪ੍ਰਤੀ ਬੁਰੇ ਖ਼ਿਆਲ ਆ ਹੀ ਜਾਂਦੇ ਹਨ। ਚੋਣ ਵਿੱਚ ਮਰਨ ਲਈ
ਲਿਜਾ ਰਹੇ ਬੰਦੇ ਦੀ ਰੋਟੀ ਲਈ, ਉਸਦੇ ਸਾਥੀ ਇਕ ਦੂਜੇ ਨਾਲ ਗੁੱਥਮ ਗੁੱਥਾ ਹੁੰਦੇ ਹਨ। "੨੯
ਜਨਵਰੀ (੧੯੪੫) ਨੂੰ ਮੈਂ ਸੁਬ੍ਹਾ ਜਾਗਿਆ। ਮੇਰੇ ਪਿਉ ਦੀ ਥਾਂ ਇਕ ਹੋਰ ਰੋਗੀ ਪਿਆ ਸੀ। ਉਹ ਉਸਨੂੰ
ਸਵੇਰ ਹੋਣ ਤੋਂ ਪਹਿਲਾਂ ਦੀ ਦਾਹ ਭੱਠੀ ਵੱਲ ਲੈ ਗਏ ਹੋਣਗੇ। ਉਹ ਉਦੋਂ ਵੀ ਅਜੇ ਜਿਉਂਦਾ ਹੀ
ਹੋਵੇਗਾ।"

ਐਲੀ ਦੋ ਮਹੀਨੇ ਦੇ ਬਿਮਾਰੀ ਤੋਂ ਬਾਅਦ ਸ਼ੀਸ਼ੇ ਸਾਹਮਣੇ ਜਾਂਦਾ ਹੈ। ਨਾਵਲ ਦਾ ਅੰਤ ਇਨ੍ਹਾਂ
ਪੰਗਤੀਆਂ ਨਾਲ ਹੁੰਦਾ ਹੈ। "ਸ਼ੀਸ਼ੇ ਦੇ ਡੂੰਘਾਣ 'ਚੋਂ ਇਕ ਲਾਸ਼ ਮੈਨੂੰ ਘੂਰ ਰਹੀ ਸੀ। ਉਨ੍ਹਾਂ ਅੱਖਾਂ ਦੀ
ਝਾਕਣੀ ਨੇ ਕਦੀ ਮੇਰਾ ਪਿੱਛਾ ਨਹੀਂ ਛੱਡਿਆ।" ਤਿਰਾਨਵੇਂ ਸਫ਼ੇ ਦਾ ਇਹ ਛੋਟਾ ਜਿਹਾ ਸਵੈ-
ਜੀਵਨੀਆਤਮਕ ਨਾਵਲ ਪਾਠਕ ਨੂੰ ਕੀਲ ਲੈਂਦਾ ਹੈ ਤੇ ਇਸ ਵਿਚਲੀਆਂ ਘਟਨਾਵਾਂ ਬਹਿੰਦਿਆਂ
ਉੱਠਦਿਆਂ ਉਸ ਦਾ ਪਿੱਛਾ ਨਹੀਂ ਛੱਡਦੀਆਂ।

**ਚਾਨਣੀਆਂ ਪੈੜਾਂ, ਤਿਖੋਮਸਾਈਮੁਸ਼ਕਿਨ (ਅਨੁਵਾਦ : ਇੰਦਰ ਸਿੰਘ ਖਾਮੋਸ਼) ਕੁਕਨੂਸ ਪ੍ਰਕਾਸ਼ਨ ਜਨਵਰੀ
੨੦੦੩.**

ਸਾਈਮੁਸ਼ਕਿਨ ਦੇ ਰੂਸੀ ਨਾਵਲ 'ਐਲੀਤਤ ਗੋਜ਼ ਚੂ ਦਾ ਹਿਲਜ਼' ਦਾ ਅਨੁਵਾਦ ਹੈ। ਇਸ ਵਿੱਚ
ਪਹਿਲੀ ਵਾਰ ਪੰਜਾਬੀ ਪਾਠਕਾਂ ਨੂੰ ਧਰੁਵੀ ਜੀਵਨ (ਟੁੰਡਰਾ) ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਛੇ
ਮਹੀਨੇ ਦੀ ਰਾਤ ਤੇ ਛੇ ਮਹੀਨੇ ਦਾ ਦਿਨ ਦੇਖਣ ਵਾਲੇ ਲੋਕਾਂ ਦਾ ਜੀਵਨ ਸੱਚਮੁੱਚ ਹੀ ਕਬੀਲਾਈ
ਪੱਧਰ ਤੇ ਹੈ ਤੇ ਹੈ ਵੀ ਬਹੁਤ ਹੀ ਕਠਿਨ। ਇੱਥੋਂ ਦੇ ਲੋਕ ਰਾਤ-ਦਿਨ ਮੱਛੀਆਂ ਦਾ ਸ਼ਿਕਾਰ ਕਰਦੇ ਕਈ
ਵਾਰ ਮੌਤ ਦੇ ਮੂੰਹ ਵਿੱਚੋਂ ਬਚਦੇ ਹਨ। ਪਰ ਇਸ ਦੇ ਬਾਵਜੂਦ ਝੁੱਘੜਾਂ ਵਿੱਚ, ਉਨ੍ਹਾਂ ਨੂੰ ਐਲੀਤਤ
ਵਰਗੇ ਸ਼ਾਤਰਾਂ ਕੋਲੋਂ ਮੱਛੀ ਦਾ ਮਾਸ ਲਿਆ ਕੇ ਖਾਣਾ ਪੈਂਦਾ ਹੈ। ਐਲੀਤਤ ਅਗਾਂਹ ਇਕ ਅਮਰੀਕੀ
ਏਜੰਟ ਨਾਲ ਮਿਲ ਕੇ ਲੋਕਾਂ ਦੀਆਂ ਸ਼ਿਕਾਰ ਕੀਤੀਆਂ ਮੱਛੀਆਂ ਦੀਆਂ ਖੱਲਾਂ ਮਹਿੰਗੇ ਭਾਅ ਵੇਚ
ਦਿੰਦਾ ਹੈ। ਐਲੀਤਤ ਦਾ 'ਸਿਆਣਾ' ਪਿਉ ਲੋਕਾਂ ਨੂੰ ਇਹ ਭਰੋਸਾ ਦੁਆਉਂਦਾ ਹੈ ਕਿ ਮੱਛੀਆਂ ਉਸਦੇ
ਮੰਤਰਾਂ ਕਾਰਣ ਉਨ੍ਹਾਂ ਦੇ ਜਾਲ ਵਿੱਚ ਫਸਦੀਆਂ ਹਨ। ਇੱਥੋਂ ਤਕ ਕਿ ਉਹ ਵਾਮਚੂ ਦਾ ਵਧੀਆ ਕੁੱਤਾ
ਇਸ ਲਈ ਬਲੀ ਚੜ੍ਹਵਾ ਦਿੰਦਾ ਹੈ ਕਿ ਉਹ ਉਸਨੇ ਉਸਦੇ ਪੁੱਤਰ ਨੂੰ ਨਹੀਂ ਸੀ ਦਿੱਤਾ। ਲੋਕਾਂ ਦੇ
ਵਿਸ਼ਵਾਸ, ਉਨ੍ਹਾਂ ਦੀਆਂ ਮਿੱਥ ਕਥਾਵਾਂ, ਰਹਿਣ ਸਹਿਣ, ਮੱਛੀਆਂ ਫੜਨ ਦੀ ਕਲਾ ਅਤੇ ਰਿਸ਼ਤੇਦਾਰੀ
ਪ੍ਰਬੰਧ ਆਦਿ ਇਸ ਛੋਟੇ ਜਿਹੇ ਨਾਵਲ ਵਿੱਚ ਗੁੰਥਿਆ ਪਿਆ ਹੈ।

ਇੱਥੇ ਇਹ ਮਿੱਥ ਕਥਾ (ਪੰਨਾ—੭੦, ੭੧) ਵਾਚਣੀ ਦਿਲਚਸਪੀ ਤੋਂ ਖ਼ਾਲੀ ਨਹੀਂ ਕਿਉਂਕਿ ਇਸ
ਤਰ੍ਹਾਂ ਦੀਆਂ ਮਿੱਥਾਂ ਸਾਰੀ ਦੁਨੀਆਂ ਵਿੱਚ ਹਨ ਭਾਰਤ ਵਿੱਚ ਵੀ ਤੇ ਪੰਜਾਬ ਵਿੱਚ ਵੀ। ਇਸ ਮਿੱਥ
ਅਨੁਸਾਰ ਰੱਬ ਜਾਨਵਰਾਂ ਨੂੰ ਇਕ-ਇਕ ਕਰਕੇ ਧਰਤੀ ਦੀ ਖ਼ਬਰ ਲੈਣ ਲਈ ਭੇਜਦਾ ਹੈ। ਪਰ ਰਸਤੇ
ਦੀਆਂ ਤਕਲੀਫ਼ਾਂ ਤੋਂ ਡਰਦੇ ਸਾਰੇ ਰਸਤੇ ਵਿੱਚੋਂ ਹੀ ਮੁੜ ਆਉਂਦੇ ਹਨ ਤੇ ਗੁੱਸੇ ਵਿੱਚ ਰੱਬ ਉਨ੍ਹਾਂ ਨੂੰ
ਟੁੰਡਰਾ ਵਿੱਚ ਸੁੱਟ ਦਿੰਦਾ ਹੈ। ਅਖ਼ੀਰ ਤੇ "ਬ੍ਰਹਮਾ ਖ਼ੁਦ ਧਰਤੀ ਤੇ ਆਇਆ। ਉਸਨੂੰ ਇਕ ਆਦਮੀ
ਮਿਲਿਆ। ਉਸਨੂੰ ਉਸਨੇ ਮੋਢਾ ਫੜ ਕੇ ਬੈਠਾ ਦਿੱਤਾ। ਫਿਰ ਉਸਨੇ ਇਕ ਤੀਵੀਂ ਨੂੰ ਉਸਦੇ ਨਾਲ ਬੈਠਾ
ਦਿੱਤਾ। ਉਨ੍ਹਾਂ ਦੇ ਬਾਲ ਬੱਚੇ ਹੋ ਗਏ। ਇਕ ਕਬੀਲਾ ਬਣ ਗਿਆ। ਬੈਂਤਾਂ ਵਿੱਚੋਂ ਬ੍ਰਹਮਾ ਨੇ ਰੇਂਡੀਅਰ,
ਸੀਲਾਂ ਅਤੇ ਵਾਲਰੱਸਾਂ ਬਣਾ ਕੇ ਆਖਿਆ ਇਹ ਤੁਹਾਡੀ ਖ਼ੁਰਾਕ ਹਨ। ਇਨ੍ਹਾਂ ਨੂੰ ਮਾਰੋ ਅਤੇ ਵਧੋ
ਫੁੱਲੋ।" ਇੱਥੇ ਵਿਆਹ-ਮਿੱਤਰ ਬਣਨ ਦੀ ਅਜੀਬ ਪਿਰਤ ਹੈ ਜਿਸ ਅਨੁਸਾਰ ਕੋਈ ਵੀ ਵਿਅਕਤੀ
ਆਪਣੀ ਔਰਤ ਦੂਜੇ ਨੂੰ ਪੇਸ਼ ਕਰਕੇ ਉਸਦਾ ਮਿੱਤਰ ਬਣ ਸਕਦਾ ਹੈ।

ਨਾਵਲ ਵਿੱਚ ਬੜੀ ਸਹਿਜਤਾ ਨਾਲ ਐਲੀਤਤ ਤੇ ਅਮਰੀਕੀ ਵਪਾਰੀ ਦੇ ਏਜੰਟ ਵੱਲੋਂ ਲੋਕਾਂ ਨੂੰ



ਮੂਰਖ ਬਣਾਉਂਦੇ ਦਿਖਾਇਆ ਗਿਆ ਹੈ। ਸੋਵੀਅਤ ਵੱਲੋਂ ਟੁੰਡਰਾ ਉੱਪਰ ਕਬਜ਼ੇ ਨਾਲ ਇਸ ਲੁੱਟ ਦੀ
ਸਮਾਪਤੀ ਦਿਖਾਈ ਗਈ ਹੈ। ਆਪਣੀਆਂ ਅੰਤਰਵਿਰੋਧਤਾਈਆਂ ਕਾਰਣ ਲੋਕ ਇਕ ਪਾਸੇ ਆ ਜੁੜਦੇ
ਹਨ ਅਤੇ ਰੂਸੀ ਚੀਫ਼ ਦੇ ਆਉਣ ਨਾਲ ਉਨ੍ਹਾਂ ਦਾ ਇਹ ਇਕੱਠ ਮੁਖ਼ਾਲਫ਼ਤ ਲਈ ਤਿਆਰ ਹੋ ਜਾਂਦਾ
ਹੈ। ਵਿਆਹ ਮਿੱਤਰਤਾ ਦੀ ਰੀਤ ਦੇ ਖ਼ਾਤਮੇ ਦਾ ਮੁੱਢ ਵੀ ਇੱਥੋਂ ਹੀ ਬੱਝਦਾ ਹੈ। ਚੀਫ਼ ਦਾ ਆਮ ਲੋਕਾਂ
ਲਈ 'ਮਿੱਤਰੋ' ਦਾ ਸੰਬੋਧਨ ਉਨ੍ਹਾਂ ਵਿੱਚ ਉਤਸ਼ਾਹ ਭਰਦਾ ਹੈ ਤੇ ਇੱਥੇ ਹੀ ਨਾਵਲ ਦੀ ਸਮਾਪਤੀ ਹੋ
ਜਾਂਦੀ ਹੈ। ਇਕ ਵਿਸ਼ੇਸ਼ ਖੇਤਰ ਦੇ ਸੱਭਿਆਚਾਰ ਨੂੰ ਸਮਝਣ ਲਈ ਇਹ ਨਾਵਲ ਸੱਚਮੁੱਚ ਹੀ ਇਕ
ਦਸਤਾਵੇਜ਼ ਹੈ।

**ਫ਼ੈਜ਼ ਦੇ ਖ਼ਤ ਬੇਗ਼ਮ ਸਰਫ਼ਰਾਜ਼ ਇਕਬਾਲ ਦੇ ਨਾਂ (ਅਨੁਵਾਦਕ ਜੋਗਿੰਦਰ ਸ਼ਮਸ਼ੇਰ) ਕੁਕਨੂਸ ਪ੍ਰਕਾਸ਼ਨ,
੨੦੦੨.**

ਇਹ ਪੁਸਤਕ ਸਰਫਰਾਜ਼ ਇਕਬਾਲ ਦੀ ਪੁਸਤਕ "ਦਾਮਨੇ ਯੂਸਫ਼" ਦਾ ਅਨੁਵਾਦ ਹੈ। ਹੁਣ ਵਾਲੇ
ਨਾਂ ਤੋਂ ਆਭਾਸ ਹੁੰਦਾ ਹੈ ਕਿ ਇਹ ਫ਼ੈਜ਼ ਦੇ ਖ਼ਤਾਂ ਦਾ ਸੰਗ੍ਰਹਿ ਹੈ। ਜਦੋਂ ਕਿ ਇਹ ਸਰਫ਼ਰਾਜ਼ ਦੀਆਂ ਫ਼ੈਜ਼
ਨਾਲ ਜੁੜੀਆਂ ਯਾਦਾਂ ਹਨ। ਯਾਦਾਂ ਦਾ ਆਧਾਰ ਖ਼ਤ ਹਨ। ਇਸਦਾ ਮੂਲ ਨਾਂ ਹੀ ਹੋਣਾ ਚਾਹੀਦਾ ਸੀ।

ਵਿਸ਼ਵ ਭਰ ਦੇ ਸਾਹਿਤਕ ਹਲਕੇ ਫ਼ੈਜ਼ ਨੂੰ ਇਕ ਪ੍ਰਗਤੀਵਾਦੀ ਕਵੀ ਦੇ ਤੌਰ 'ਤੇ ਜਾਣਦੇ ਹਨ।
ਸਾਡੇ ਉਸ ਦੀ ਪੂਰੀ ਇੱਜ਼ਤ ਹੋਣ ਦੇ ਬਾਵਜੂਦ ਉਸਦੀ ਸੰਪੂਰਨ ਲਿਖਤ ਉਪਲੱਬਧ ਨਹੀਂ। ਨਿੱਜੀ
ਜ਼ਿੰਦਗੀ ਬਾਰੇ ਅਸੀਂ ਬਹੁਤ ਘੱਟ ਜਾਣਦੇ ਹਾਂ ਜਾਂ ਫਿਰ ਜਾਨਣਾ ਹੀ ਨਹੀਂ ਚਾਹੁੰਦੇ। ਜੇ ਜਾਣਦੇ ਹੀ
ਹੋਈਏ ਤਾਂ ਨਿੱਜੀ ਖੇਤਰਾਂ ਤਕ ਹੀ, ਇਹ ਇਕ ਨਿੰਦਿਆ ਦਰਬਾਰ ਬਣ ਕੇ ਰਹਿ ਜਾਂਦਾ ਹੈ। ਪਿਆਰ
ਵਰਗੇ ਡੈਲੀਕੇਟ ਵਿਸ਼ੇ ਨੂੰ ਯਾਦਾਂ ਜਾਂ ਸਵੈ ਜੀਵਨੀ ਵਿੱਚ ਪ੍ਰਗਟ ਕਰਨਾ ਖ਼ਤਰੇ ਤੋਂ ਕਦੇ ਵੀ ਖ਼ਾਲੀ
ਨਹੀਂ ਰਿਹਾ ਹੈ। ਪਰ ਫਿਰ ਵੀ ਅੰਮ੍ਰਿਤਾ, ਅਜੀਤ ਕੌਰ ਤੇ ਸੰਤ ਸਿੰਘ ਸੇਖੋਂ ਦੀਆਂ ਸਵੈ-ਜੀਵਨੀਆਂ ਸਭ
ਤੋਂ ਜ਼ਿਆਦਾ ਪੜ੍ਹੀਆਂ ਗਈਆਂ ਹਨ।

ਹਥਲੀ ਪੁਸਤਕ ਵਿੱਚ ਸਰਫ਼ਰਾਜ਼ ਦੇ ਫ਼ੈਜ਼ ਪ੍ਰਤੀ ਬੜੇ ਤੀਬਰ ਭਾਵ ਪ੍ਰਗਟ ਹੋਏ ਹਨ। ਭਾਵੁਕਤਾ
ਵੀ ਆਪਣੀਆਂ ਸਿਖਰਾਂ ਨੂੰ ਛੂੰਹਦੀ ਹੈ। ਫ਼ੈਜ਼ ਦਾ ਪਿਆਰ ਸਰਫ਼ਰਾਜ਼ ਲਈ ਹੀ ਨਹੀਂ, ਸਗੋਂ ਪੂਰੇ
ਪਰਿਵਾਰ ਲਈ ਵੱਖਰੇ ਅਰਥ ਰੱਖਦਾ ਹੈ। ਜੋਗਿੰਦਰ ਸ਼ਮਸ਼ੇਰ ਨੇ ਸਰਫ਼ਰਾਜ਼ ਦੀ ਬੇਟੀ ਸਮੀਨਾ ਯਾਸਮੀਨ
ਦੀ ਚਿੱਠੀ ਦੀਆਂ ਕੁੱਝ ਪੰਗਤੀਆਂ ਦਿੱਤੀਆਂ ਹਨ ਜਿਸ ਤੋਂ ਇਹ ਪੂਰੀ ਤਰ੍ਹਾਂ ਸਾਫ਼ ਹੈ ਕਿ ਪਰਿਵਾਰ
ਫ਼ੈਜ਼ ਤੇ ਸਰਫ਼ਰਾਜ਼ ਦੇ ਸੰਬੰਧਾਂ ਨੂੰ ਕਿਵੇਂ ਲੈਂਦਾ ਹੈ। "ਅੰਕਲ ਫ਼ੈਜ਼ ! ਉਹ ਸ਼ਫ਼ਕਤ ਸਨ, ਇਲਮ ਸਨ
ਅਤੇ ਉਨ੍ਹਾਂ ਦਾ ਰਿਸ਼ਤਾ ਸਾਡੀ ਮਾਂ ਨਾਲ ਬੜਾ ਖ਼ੂਬਸੂਰਤ ਸੀ। ......ਮਾਂ ਨੇ ਅੰਕਲ ਨੂੰ ਪਿਆਰ ਦਿੱਤਾ,
ਦੋਸਤੀ ਦਿੱਤੀ ਅਤੇ ਅੰਕਲ ਫ਼ੈਜ਼ ਨੇ ਪਿਆਰ ਨਾਲ ਸਾਡੀ ਮਾਂ ਨੂੰ ਸੰਵਾਰ ਦਿੱਤਾ। ਖ਼ੂਬਸੂਰਤ ਤਾਂ ਉਹ
ਪਹਿਲਾਂ ਹੀ ਸੀ, ਉਹ ਹੋਰ ਵੀ ਨਿਖਰ ਗਈ ਅਤੇ ਇਸ ਨਿਖਾਰ ਦਾ ਦੁਨੀਆਂ ਨੂੰ ਫ਼ਾਇਦਾ ਹੋਇਆ।"

ਇਸ ਰਿਸ਼ਤੇ ਨੇ ਫ਼ੈਜ਼ ਦੇ ਬਹੁਤ ਹੀ ਖ਼ੂਬਸੂਰਤ ਸ਼ਿਅਰਾਂ ਨੂੰ ਜਨਮ ਦਿੱਤਾ। ਇੱਥੇ ਕੁੱਝ ਵੇਖੇ ਜਾ
ਸਕਦੇ ਹਨ।

—ਫ਼ੈਜ਼ ਆਤੇ ਹੈਂ ਰਹ-ਏ-ਇਸ਼ਕ ਮੇਂ ਜੋ ਸਖ਼ਤ ਮੁਕਾਮ,
ਆਨੇ ਵਾਲੋਂ ਸੇ ਕਹੋ, ਹਮ ਤੋਂ ਗੁਜ਼ਰ ਜਾਏਂਗੇ।

—ਯਾਦੋਂ ਕੇ ਗਿਰੇਬਾਨੋਂ ਕੇ ਰਫ਼ੂ ਪਰ,
ਦਿਲ ਕੀ ਗੁਜ਼ਰ ਕਬ ਹੋਤੀ ਹੈ।

—ਬਾਕੀ ਹੈ ਸਾਥ ਤੋ ਬਸ ਇਸੀ ਕਾ,
ਪਹਿਲੂ ਮੇਂ ਲੀਏ ਫਿਰਤੇ ਹੈਂ ਜੋ ਦਰਦ ਕਿਸੀ ਕਾ।

—ਇਕ ਉਮਰ ਸੇ ਇਸ ਧੁਨ ਮੇਂ ਕਿ ਉਭਰੇ ਕੋਈ ਖ਼ੁਰਸ਼ੀਦ,
ਬੈਠੇ ਹੈਂ ਸਹਾਰਾ ਲੀਏ, ਸ਼ਮਾ-ਏ-ਜ਼ਿੰਦਗੀ ਕਾ।

—ਆਜ ਫਿਰ ਦਰਦ ਓ ਗ਼ਮ ਕੇ ਧਾਗੇ ਮੇਂ,
ਹਮ ਪਰੋ ਕਰ ਤੇਰੇ ਖ਼ਿਆਲ ਕੇ ਫ਼ੂਲ।

—ਬਾਂਧ ਕਰ ਆਰਜ਼ੂ ਕੇ ਪੱਲੇ ਮੇਂ,
ਹਿਜਰ ਕੀ ਰਾਖ਼ ਔਰ ਵਿਸਾਲ ਕੇ ਫ਼ੂਲ।

ਇਨ੍ਹਾਂ ਸ਼ਿਅਰਾਂ ਤੋਂ ਇਲਾਵਾ ਫ਼ੈਜ਼ ਦਾ ਪਿਆਰ ਪ੍ਰਤਿ ਨਜ਼ਰੀਆ, ਇਸ ਦੀ ਤੜਫ਼ ਤੇ ਇਜ਼ਹਾਰ ਬਹੁਤ ਕੁੱਝ ਇਸ ਛੋਟੀ ਜਿਹੀ ਪੁਸਤਕ ਵਿੱਚੋਂ ਦੇਖਣ ਨੂੰ ਮਿਲਦਾ ਹੈ। ਅਨੁਵਾਦਕ ਤੇ ਪ੍ਰਕਾਸ਼ਕ ਦੋਨੋਂ ਇਸ ਪੁਸਤਕ ਨੂੰ ਪੰਜਾਬੀ ਪਾਠਕਾਂ ਸਾਹਵੇਂ ਲਿਆਉਣ ਲਈ ਵਧਾਈ ਦੇ ਪਾਤਰ ਹਨ।

**—ਡਾ. ਕਰਮਜੀਤ ਸਿੰਘ**

## *ਅਗਨ ਚੋਲਾ - ਡਾ. ਦਵਿੰਦਰ ਕੌਰ*

'ਅਗਨ ਚੋਲਾ' ਦਵਿੰਦਰ ਕੌਰ ਜੀ ਦੀ ਤੀਜੀ ਕਾਵਿ-ਪੁਸਤਕ ਹੈ। 'ਇਸ ਤੋਂ ਪਹਿਲਾਂ ਕਿ 'ਅਤੇ' ਨੰਗੀਆਂ ਸੜਕਾਂ' ਉਸ ਦੀਆਂ ਪੂਰਵ-ਕਾਲੀ ਦੋ ਕਾਵਿ-ਪੁਸਤਕਾਂ ਹਨ। ਉਂਵ ਲੇਖਕਾ ਲੱਗਭਗ ਨੌਂ ਆਲੋਚਨਾ ਦੀਆਂ ਅਤੇ ਤਿੰਨ-ਕੁ ਸੰਪਾਦਨਾ ਦੀਆਂ ਪੁਸਤਕਾਂ ਵੀ ਛਾਇਆ ਕਰ ਚੁੱਕੀ ਹੈ। ਇਸ ਪੁਸਤਕ ਦੇ ਪਿਛਲੇ ਟਾਈਟਲ ਪੰਨੇ ਉੱਤੇ ਉਸ ਦੀ ਜਾਣ-ਪਹਿਚਾਣ ਵੀ ਪ੍ਰਸਤੁਤ ਹੈ ਜਿਸ ਵਿੱਚ ਉਸ ਦੀਆਂ ਵਿੱਦਿਅਕ ਯੋਗਤਾਵਾਂ ਅਤੇ ਪ੍ਰਾਪਤ ਕੀਤੇ ਪੁਰਸਕਾਰਾਂ ਦੀ ਸੂਚੀ ਵਿਸਤ੍ਰਿਤ ਰੂਪ ਵਿੱਚ ਉਪਲੱਬਧ ਹੈ। ਇਸ ਵਿਸਥਾਰ ਦਾ ਪਾਠ ਕਰਕੇ ਸਾਹਿਤ ਦੇ ਗੰਭੀਰ ਪਾਠਕ ਦੇ ਮਨ ਵਿੱਚ ਡਰ ਪੈਦਾ ਹੋ ਜਾਂਦਾ ਹੈ। ਮੈਂ ਵੀ ਇਸ ਮਾਨਸਿਕ ਦਸ਼ਾ ਵਿੱਚੋਂ ਗੁਜ਼ਰਿਆ ਹਾਂ। ਜਿਉਂ-ਜਿਉਂ ਮੈਂ ਇਸ ਪੁਸਤਕ ਦੇ ਪਾਠ ਵੱਲ ਵਧਦਾ ਹਾਂ ਮੇਰਾ ਡਰ ਪਕੇਰਾ ਹੋ ਜਾਂਦਾ ਹੈ ਕਿ ਅਸਾਡੇ ਸਾਹਿਤ ਦਾ ਕੀ ਬਣੇਗਾ ? ਅਜਿਹਾ ਹੀ ਡਰ ਮੈਨੂੰ ਐਨ ਉਸ ਵਕਤ ਵੀ ਲੱਗਾ ਸੀ ਜਦੋਂ ਪ੍ਰਗਤੀਸ਼ੀਲ ਲਿਖਾਰੀ ਸਭਾ ਗ੍ਰੇਟ ਬਰਟੇਨ (ਸਥਾਪਤ 1969) ਵੱਲੋਂ ਪ੍ਰਕਾਸ਼ਤ ਪੁਸਤਕ 'ਮੋਮ-ਬੱਤੀਆਂ ਤੂਫ਼ਾਨ ਵਿੱਚ' (Candles in the storm) ਵਿੱਚ ਬੀਬੀ ਜੀ ਚਾਣ-ਚਕ ਇਕ ਸਿਤਾਰੇ ਵਾਂਗ ਚਮਕੇ ਸਨ ਅਤੇ ਇਸ ਪੁਸਤਕ ਵਿੱਚ ਪ੍ਰਥਮ ਸਥਾਨ ਪ੍ਰਾਪਤ ਕਰ ਗਏ ਸਨ। ਉਸ ਵਕਤ ਡਰ ਇਹ ਸੀ ਕਿ ਇਸ ਲਿਖਾਰੀ ਸਭਾ ਦਾ ਕੀ ਬਣੇਗਾ ? ਸਿੱਟਾ ਸਭ ਦੇ ਸਾਹਮਣੇ ਹੈ।

'ਅਗਨ ਚੋਲਾ' ਪੁਸਤਕ ਦੀ ਭੂਮਿਕਾ ਡਾ. ਮੋਹਨਜੀਤ ਜੀ ਨੇ ਲਿਖੀ ਹੈ। ਮਹਾਂਪੁਰਖ ਦਾ ਕਥਨ ਹੈ "ਕਵਿਤਾ ਬਾਰੇ ਮੇਰੀ ਧਾਰਨਾ ਹੈ ਕਿ ਇਹ ਕੱਸੀ ਹੋਈ ਸਰਕਸੀ ਰੱਸੀ 'ਤੇ ਤੁਰਨ ਵਰਗਾ ਅਨੁਭਵ ਹੈ— ਹਾਂ ਤੇ ਨਾਂਹ ਦੀ ਸੀਮਾ 'ਤੇ ਚਲਦਾ ਤੇਜ਼ ਪਹੀਆ।" ਪਾਠਕ ਇਸਦੇ ਅਰਥ ਆਪ ਕੱਢ ਲੈਣ। ਮੈਨੂੰ ਤਾਂ ਇਕ ਸਵਾਲ ਨੇ ਅਵਾਜ਼ਾਰ ਕਰ ਛੱਡਿਆ ਏ। ਉਹ ਇਹ ਹੈ ਕਿ ਅੰਗਹੀਣ ਅਤੇ ਅਪਾਹਜ ਵਿਅਕਤੀ ਇਹ ਕਰਤੱਵ ਕਿਵੇਂ ਕਰਨਗੇ ?

ਇਸ ਪੁਸਤਕ ਵਿਚ ਦੋ ਵੰਨਗੀਆਂ ਦੀਆਂ ਰਚਨਾਵਾਂ ਸੰਮਿਲਤ ਹਨ। ਇਕ ਵੰਨਗੀ ਲੈਅ-ਤਾਲ ਰਹਿਤ ਵਾਰਤਕੀ ਅਥਵਾ ਗੱਦ ਕਾਵਿ ਦੀ ਹੈ ਜਿਸ ਵਿੱਚ ਕਈ ਥਾਈਂ ਨਿਰੋਲ ਵਾਰਤਕ ਦੇ ਵੀ ਦਰਸ਼ਨ ਹੁੰਦੇ ਹਨ। ਦੂਜੀ ਵੰਨਗੀ ਛੰਦ-ਯੁਕਤ ਕਾਵਿ ਦੀ ਹੈ ਜਿਸ ਵਿੱਚ ਇਕ, ਦੋ ਕਵਿਤਾਵਾਂ ਨੂੰ ਛੱਡ ਕੇ ਥਾਂ-ਥਾਂ ਸਬੰਧਤ ਛੰਦ ਦੀ ਬੰਦਸ਼ ਨੂੰ ਭੰਗ ਕੀਤਾ ਗਿਆ ਹੈ। ਮੈਂ ਪੰਜਾਬੀ ਭਾਸ਼ਾ ਦੇ ਸੁਪ੍ਰਸਿੱਧ ਲੇਖਕ ਸੁਖਬੀਰ ਜੀ ਨਾਲ ਸਹਿਮਤ ਹਾਂ ਕਿ "ਖੁੱਲ੍ਹੀ ਕਵਿਤਾ ਲਿਖਣ ਲਈ ਛੰਦ-ਬੱਧ ਕਵਿਤਾ ਦਾ ਢੇਰ ਸਾਰਾ ਅਭਿਆਸ ਜ਼ਰੂਰੀ ਹੈ।" ਦੇਵੇਂਦਰ-ਕਾਵਿ ਦਾ ਪਾਠ ਕਰਦਿਆਂ ਪ੍ਰਤੀਤ ਹੁੰਦਾ ਹੈ ਕਿ ਸ਼ਾਇਰਾਂ ਦਾ ਰੁਝਾਨ ਇਸ ਦੇ ਬਿਲਕੁਲ ਵਿਪਰੀਤ ਹੈ।

ਇਸ ਪੁਸਤਕ ਦੀ ਮੁੱਖ-ਧਾਰਾ ਇਕ ਮਾਸੂਮ, ਭੋਲੀ-ਭਾਲੀ, ਸੰਵੇਦਨਸ਼ੀਲ, ਛਲ-ਕਪਟ ਰਹਿਤ ਅਤੇ ਨਿਆਸਰੀ ਨਾਰੀ ਦੀ ਮਾਨਸਿਕ ਪੀੜਾ ਦੀ ਵੇਦਨਾ ਅਥਵਾ ਪੁਕਾਰ ਹੈ ਜਿਸ ਨੂੰ ਜੀਵਨ ਦੇ



ਵੱਖ-ਵੱਖ ਪੜਾਵਾਂ ਉੱਤੇ ਉਸ ਦੇ ਸਿਰਜੇ, ਅਖਾਂਕਿਅਤ ਸੰਸਾਰ ਅਥਵਾ ਗੁਜ਼ਰ-ਬੱਸਰ ਵਿੱਚ ਜ਼ਮਾਨੇ ਦੇ ਵਿਹਾਰਕ ਸਰੋਕਾਰਾਂ ਨੇ ਸੁੱਖ ਦੀ ਥਾਂ ਦੁੱਖ, ਮਾਨਸਿਕ ਸ਼ਾਂਤੀ ਦੀ ਥਾਂ ਮਾਨਸਿਕ ਕਲੇਸ਼, ਆਸ ਦੀ ਥਾਂ ਨਿਰਾਸ਼ਾ, ਰੂਹ ਦੀ ਪਹਿਚਾਣ ਦੀ ਥਾਂ ਰੂਹ ਦਾ ਕੁਚਲਣਾ, ਸੁਰੱਖਿਆ ਦੀ ਥਾਂ ਅਨਿੱਸ਼ਚਤਾ ਅਤੇ ਸਥਿਰਤਾ ਦੀ ਥਾਂ ਅਸਥਿਰਤਾ ਹੀ ਪ੍ਰਦਾਨ ਕੀਤੀ ਹੈ। ਇਹ ਅੰਤਰ-ਧਾਰਾ ਇਸ ਕਾਵ-ਪੈਰਾਡਾਇਮ ਵਿੱਚ ਥਾਂ-ਥਾਂ ਵਿਭਿੰਨ ਚਿੰਨ੍ਹ ਵਿਧਾਨ ਦੇ ਮਾਧਿਅਮ ਰਾਹੀਂ ਪ੍ਰਗਟ ਹੁੰਦੀ ਹੈ। ਇਹ ਨਾਰੀ-ਕਾਵਿ, ਘਰ ਵਿੱਚ ਵਿਚਰਦਿਆਂ ਵੀ ਘਰ ਤੋਂ ਬਾਹਰ ਹੈ। ਸਿੱਟੇ ਵਜੋਂ ਬੇਵਸੀ, ਬਿਹਬਲਤਾ, ਰੁਦਨ ਅਤੇ ਦਿਲਗੀਰੀ ਆਦਿ ਦੇ ਭਾਵ ਇਸ ਕਵਿਤਾ ਦਾ ਸੱਚ ਹੋ ਨਿਬੜਦੇ ਹਨ। ਪੇਸ਼ ਯਥਾਰਥ ਅਤੇ ਪ੍ਰਾਪਤ ਯਥਾਰਥ ਦਾ ਪ੍ਰਸਪਰ ਤਣਾਉ ਜਦੋਂ ਕਾਵਿ ਮੁਹਾਵਰੇ ਵਿੱਚ ਰੂਪਾਂਤਰਨ ਹੁੰਦਾ ਹੈ ਤਾਂ 'ਕਾਵਿ—ਮੈਂ' ਜੀਊਂਦੀ ਹੋਈ ਵੀ 'ਅਗਨ ਚੋਲਾ' ਸੀ ਰਹੀ ਹੁੰਦੀ ਹੈ :

ਜੀ ਰਹੀ ਹੈ ਜੀ ਰਹੀ ਹੈ
ਅਗਨ ਚੋਲਾ ਸੀ ਰਹੀ ਹੈ। (ਸਫ਼ਾ 94)

ਇਸ ਪ੍ਰਸੰਗ ਵਿੱਚ 'ਤਲਖੀਆਂ', 'ਗਿਣਤੀ ਦੇ ਸਾਹ', 'ਖਿਲਾਅ', 'ਦੂਆ', 'ਸਮੁੰਦਰੀ ਘਰ' 'ਦੀਵਾਰਾਂ', ਲੁਕਣਮੀਟੀ ਆਦਿ ਰਚਨਾਵਾਂ ਵਿੱਚੋਂ ਸਤਰਾਂ ਪ੍ਰਸਤੁਤ ਕੀਤੀਆਂ ਜਾ ਸਕਦੀਆਂ ਹਨ।

ਇਹਨਾਂ ਰਚਨਾਵਾਂ ਦਾ ਸਭ ਤੋਂ ਸੁੰਦਰ ਅਤੇ ਗੁਣਵਾਨ ਪਰਿਪੇਖ ਇਹ ਉਦੈ ਹੁੰਦਾ ਹੈ ਕਿ ਦਵਿੰਦਰ ਕੌਰ ਕਿਤੇ ਵੀ ਆਪਣੇ ਦੁਖਦ ਅਨੁਭਵ ਦੀ ਅਭਿਵਿਅਕਤੀ ਲਈ ਸਪਾਟ ਬਿਆਨੀ ਅਤੇ ਭਾਸ਼ਨੀ ਭਾਸ਼ਾ ਦਾ ਉਪਯੋਗ ਨਹੀਂ ਕਰਦੀ, ਸਗੋਂ ਸਥਿਤੀ ਦੇ ਅਨੁਕੂਲ ਨਵੇਂ ਬਿੰਬਾਂ ਦੀ ਸਿਰਜਣਾ ਕਰਕੇ ਆਪਣੇ ਨਿਵੇਕਲੇ ਕਾਵਿ-ਮੁਹਾਵਰੇ ਵਿੱਚ ਢਾਲਦੀ ਹੈ ਭਾਵੇਂ ਇਸ ਪ੍ਰਕਿਰਿਆ ਵਿੱਚ ਵਾਰਤਕ ਅੰਸ਼ ਵੀ ਸਹਿਜ ਰੂਪ ਵਿੱਚ ਦਖ਼ਲ-ਅੰਦਾਜ਼ੀ ਕਰਦੇ ਹਨ।

ਦੂਜੀ ਖ਼ੂਬੀ ਇਸ ਕਾਵਿ ਦੀ ਇਹ ਹੈ ਕਿ ਇਹ ਪ੍ਰਾਪਤ ਯਥਾਰਥ ਨੂੰ ਬੜੀ ਬੇਬਾਕੀ ਨਾਲ ਪ੍ਰਸਤੁਤ ਕਰਦੀ ਹੈ। ਇਸ ਉੱਤੇ ਦੁਨਿਆਵੀ ਸਦਾਚਾਰ ਜਾਂ ਪਰੰਪਰਕ ਰਿਸ਼ਤਿਆਂ ਦੇ ਮਾਪਦੰਡਾਂ ਦਾ ਪਰਦਾ ਨਹੀਂ ਪਾਉਂਦੀ :

ਜੀਣ ਮੇਰੇ ਦੀ ਇਹ ਪੀੜਾ
ਹਾਦਸੇ ਵੀ ਸਹਿ ਰਹੇ
ਮੇਰੀਆਂ ਖ਼ਾਹਿਸ਼ਾਂ ਦੇ ਕਿੱਸੇ
ਮੇਰੀ ਕਹਾਣੀ ਕਹਿ ਰਹੇ। (ਹਾਦਸੇ ਦੀ ਲੀਕ ਸਫ਼ਾ 65)

ਤੀਜੀ ਖ਼ੂਬੀ ਇਹਨਾਂ ਰਚਨਾਵਾਂ ਦੀ ਇਹ ਹੈ ਕਿ ਹਰ ਰਚਨਾ ਆਪਣਾ ਨਿਵੇਕਲਾ ਰੂਪ ਗ੍ਰਹਿਣ ਕਰਦੀ ਹੈ। ਵਿਸ਼ਾ-ਵਸਤੂ ਦੀ ਸਮਰੂਪਤਾ ਹੋਣ ਦੇ ਬਾਵਜੂਦ ਸਿਰਜਣ ਪ੍ਰਕਿਰਿਆ ਸਮੇਂ, ਵਾਤਾਵਰਣ, ਕਿਸੇ ਵਿਚਾਰ, ਸਮ੍ਰਿਤੀ ਜਾਂ ਮਨੋਭਾਵ ਦੀ ਪ੍ਰਕਿਰਤੀ ਦੇ ਅਨੁਕੂਲ ਸ਼ਬਦਾਂ ਜਾਂ ਚਿੰਨ੍ਹਾਂ ਰਾਹੀਂ ਸਿਰਜਿਆ ਜਾਂਦਾ ਹੈ। ਵਿਚਾਰਾਂ ਦਾ ਦੁਹਰਾਓ ਤਾਂ ਉਪਲੱਬਧ ਹੈ ਪਰੰਤੂ ਰੂਪ ਦਾ ਦੁਹਰਾਓ ਕਿਤੇ ਵੀ ਨਹੀਂ ਰੜਕਦਾ ਜਿਵੇਂ ਇਕ ਕਾਵਿਕ ਪੈਰਾਡਾਈਮ ਦੀ 'ਕਾਲੀ ਨਦੀ' ਦੂਜੇ ਵਿਚ 'ਲੂਣੀ ਨਦੀ' ਬਣ ਜਾਂਦੀ ਹੈ। 'ਕਣੀਆਂ ਦੀ ਬਰਸਾਤ' ਠਰ੍ਹੀਆਂ ਰਾਤਾਂ ਦਾ ਨਿੱਘ ਬਣ ਜਾਂਦੀ ਹੈ।

ਇਸ ਪੁਸਤਕ ਦਾ ਪਾਠ ਕਰਦਿਆਂ ਨਾਰੀਤਵ ਦੀ ਬੇਵੱਸ ਤੜਫ਼, ਪੁਕਾਰ ਨਾਲ ਹਮਦਰਦੀ ਤਾਂ ਉਤਪੰਨ ਹੁੰਦੀ ਹੈ ਪਰੰਤੂ ਉਹ ਵਿਦਰੋਹ ਬਣਨ ਦੀ ਬਜਾਏ ਉਦਾਸੀ ਦੇ ਆਲ਼ਮ ਵਿੱਚ ਡੁੱਬ ਜਾਂਦੀ ਹੈ। ਯਕੀਨਨ ਹੀ ਅੱਜ ਪੰਜਾਬੀ ਭਾਸ਼ਾ ਦੇ ਸਾਹਿਤ ਦੇ ਸਨਮੁੱਖ ਸਵਾਲ ਅਥਵਾ ਕਾਰਜ ਦਵੇਂਦਰ ਕੌਰ ਜੀ ਵਰਗੀ ਕਿਰਤੀ ਵਰਗ ਨਾਲ ਸੰਬੰਧਿਤ ਨਾਰੀ ਨੂੰ ਇਸ ਉਦਾਸੀ ਤੋਂ ਮੁਕਤ ਕਰਵਾਉਣ ਦਾ ਹੈ। ਇਸ ਕਾਰਜ ਦੀ ਪੂਰਤੀ ਲਈ ਉਸ ਨੂੰ ਵੀ ਆਪਣੇ ਚਿੰਤਨ ਅਤੇ ਚੇਤਨਾ ਵਿੱਚ ਕਿਰਤੀ ਵਰਗ ਨੂੰ ਸ਼ਾਮਲ ਕਰਨਾ ਹੋਵੇਗਾ, ਜਦੋਂ ਕਿ ਇਸ ਪ੍ਰਸੰਗ ਵਿੱਚ ਇਸ ਪੁਸਤਕ ਵਿੱਚ ਇਕ ਵੀ ਸ਼ਬਦ ਉਪਲੱਬਧ ਨਹੀਂ।

**—ਗੁਰਨਾਮ ਢਿੱਲੋਂ (ਯੂ.ਕੇ.)**

## ਸੰਵੇਦਨਸ਼ੀਲਤਾ ਦਾ ਬਹੁਪਰਤੀ ਪਰਤੌਂ 'ਆਪਣੇ ਪਲ'

ਤਸੱਲੀ ਕੁੱਝ ਦਵੇ ਹਾਕਿਮ ਤੇ ਖੰਜਰ ਕੁਝ ਕਹੇ।
ਹਕੀਕਤ ਕੁਝ ਕਹੇ ਮੈਨੂੰ ਅਡੰਬਰ ਕੁਝ ਕਹੇ।

ਤਵੱਕੋ ਮੁਨਸਫੀ ਦੀ ਰੱਖਦੇ ਹੋ ਉਸ ਕਲਮ ਕੋਲੋਂ,
ਅਦਲ ਦੇ ਹੱਥ ਵਿੱਚ ਆਉਂਦੇ ਹੀ ਜਿਹੜੀ ਬਣ ਗਈ ਖੰਜਰ।

ਇਸ ਸਿਆਹ ਖਾਨੇ 'ਚ ਕੋਈ ਬਾਲ਼ ਕੇ ਦੀਵਾ ਧਰੇ,
ਸੂਰਜਾਂ ਨੂੰ ਉਸ ਤਰ੍ਹਾਂ ਇਹ ਘਰ ਨਜ਼ਰ ਆਉਣਾ ਨਹੀਂ।

ਹੁਣ ਨਹੀਂ ਬੋਲੇਗਾ ਸ਼ੀਸ਼ਾ ਸੱਚ ਮੇਰੇ ਸਾਹਮਣੇ,
ਮੈਂ ਮਖੌਟਕ ਸ਼ਹਿਰ ਦਾ ਅਪਣਾ ਲਿਆ ਹੈ ਬਹੁਤ ਕੁਝ।

ਸ਼ਿੱਦਤ ਤੇ ਸੰਜਮ ਦਾ ਜੋੜਫਲ ਉਪਰੋਕਤ ਬੁਲੰਦ ਸ਼ਿਅਰ ਸਾਡੇ ਸਮਿਆਂ ਦੇ ਸਮਰੱਥਾਵਾਨ ਅਤੇ ਸਿਰਮੌਰ ਗਜ਼ਲਕਾਰ ਗੁਰਦੀਪ ਦੇ ਤਾਜ਼ਾ ਗਜ਼ਲ ਸੰਗ੍ਰਹਿ 'ਆਪਣੇ ਪਲ' ਵਿੱਚੋਂ ਹਨ। 'ਰੰਗੀਨੀਆਂ', 'ਨਕਸ਼ ਪੈੜਾਂ ਦੇ', 'ਰੰਗਾਂ ਦੀ ਮਹਿਫਲ' ਤੇ 'ਧੜਕਣਾਂ ਨੂੰ ਖਤ' ਤੋਂ ਬਾਅਦ ਗੁਰਦੀਪ ਆਪਣੀ ਸ਼ਾਇਰੀ ਦੇ ਪੂਰੇ ਜਲੌਅ ਵਿੱਚ ਸਾਡੇ ਸਨਮੁੱਖ ਹੈ। 'ਆਪਣੇ ਪਲ' ਦੀ ਸ਼ਾਇਰੀ ਮਾਣਦਿਆਂ ਇਵੇਂ ਮਹਿਸੂਸ ਹੁੰਦਾ ਹੈ ਕਿ ਅਸੀਂ ਗੁਰਦੀਪ ਦੀ ਸ਼ਾਇਰੀ ਨੂੰ ਸਮੀਖਿਆ ਤੇ ਸਮਾਲੋਚਨਾ ਦਾ ਉਹ ਸੁਹਾਗਾ ਨਹੀਂ ਛੁਹਾ ਸਕੇ ਜੋ ਸੋਨੇ ਨੂੰ ਦਗੁਣ ਦੀ ਦਾਤ ਬਖਸ਼ਦਾ ਹੈ। ਗੁਰਦੀਪ ਨੇ ਪੰਜਾਬੀ ਆਲੋਚਕਾਂ ਸਾਹਮਣੇ ਕਦੇ ਕੋਈ ਇਲਤਜਾ ਜਾਂ ਇਤਰਾਜ਼ ਨਹੀਂ ਕੀਤਾ ਪਰ ਉਸਦੀ ਸ਼ਾਇਰੀ ਨੇ ਉਹਨਾਂ ਦੀ ਕਾਰਕਰਦਗੀ ਤੇ ਉਹਨਾਂ ਦੀ ਦਿਆਨਤਦਾਰੀ ਨੂੰ ਅੰਡਰ ਲਾਈਨ ਜ਼ਰੂਰ ਕਰ ਦਿੱਤਾ ਹੈ। ਨਿਰਸੰਦੇਹ 'ਆਪਣੇ ਪਲ' ਨਾਲ ਗੁਰਦੀਪ ਪੰਜਾਬੀ ਦੇ ਤਿੰਨ ਚਾਰ ਚੋਟੀ ਦੇ ਗਜ਼ਲਕਾਰਾਂ 'ਚੋਂ ਇੱਕ ਹੋ ਗਿਆ ਹੈ। ਉਹ ਲੋਕ ਜੋ ਹੁਣ ਤੀਕ ਵੀ ਗਜ਼ਲ ਨੂੰ ਨਿਸਚਤਾਵਾਦੀ ਸਰੂਪ ਅਤੇ ਅਨੁਸਾਸ਼ਨਬੱਧ ਲੈਅ ਤੋਰ ਕਰਕੇ ਡੂੰਘੀ ਸੰਵੇਦਨਸ਼ੀਲਤਾ ਤੋਂ ਰਹਿਤ ਕਰਾਰ ਦੇਂਦੇ ਸਨ, ਉਹਨਾਂ ਨੂੰ ਵੀ ਗੁਰਦੀਪ ਦੀ ਸ਼ਾਇਰੀ ਵਿੱਚ ਪੰਜਾਬੀ ਕਵਿਤਾ ਜਿਹੇ ਕੋਮਲ ਭਾਵ ਅਤੇ ਅਸੁਭਾਵਿਕ ਚਿੰਤਨ ਵਾਹਕਤਾ ਦੇ ਸਾਕਾਰ ਦਰਸ਼ਣ ਹੋਣਗੇ। ਗੁਰਦੀਪ ਦਾ ਸੁਹਜ ਅਤੇ ਸਹਿਜ ਮਿਲ ਕੇ ਐਸੀ ਸ਼ਾਇਰੀ ਨੂੰ ਰੂਪਮਾਨ ਕਰਦੇ ਹਨ ਕਿ ਪਾਠਕ ਸੁੱਤੇ ਸਿੱਧ ਹੀ ਉਸ ਦੀ ਉਂਗਲ ਫੜ ਕੇ ਤੁਰਨ ਲਈ ਮਜਬੂਰ ਹੋ ਜਾਂਦਾ ਹੈ।

ਮਸਲੀਆਂ ਗਈਆਂ ਨੇ ਕਲੀਆਂ ਰੰਗ ਹੋਏ ਚੂਰ-ਚੂਰ,
ਰਿਸ਼ਤਿਆਂ ਦੀ ਕਸ਼ਮਕਸ਼ ਵਿੱਚ ਟੁੱਟਿਆ ਹੈ ਬਹੁਤ ਕੁਝ।

ਔੜ ਦੇ ਮਾਰੇ ਦਿਨਾਂ ਦਾ ਸੀਰ ਹੋਣਾ ਫ਼ਰਜ਼ ਹੈ,
ਗੱਜਣਾ ਵਰ੍ਹਨਾ ਹੀ ਤੇ ਮੌਸਮ ਨਹੀਂ ਬਰਸਾਤ ਦਾ।

ਜਾਣਦਾ ਹੈ ਸ਼ਹਿਰ ਸਾਰਾ ਉਹ ਸਿਆਸਤਦਾਨ ਹੈ।
ਫਿਰ ਵੀ ਉਸ ਦੇ ਝੂਠ ਉੱਤੇ ਹਰ ਕੋਈ ਹੈਰਾਨ ਹੈ।

ਗੁਰਦੀਪ ਆਪਣੀ ਸ਼ਾਇਰੀ ਵਿੱਚ ਅਰਥਾਂ ਦੀ ਬਹੁਪਰਤਤਾ ਅਤੇ ਝਿਲਮਿਲਾਉਂਦੀ ਸੰਘਣਤਾ ਦੀ ਸੁੰਦਰਤਾ ਦਾ ਕਲਾਕਾਰ ਹੈ। ਗੰਭੀਰ ਤੋਂ ਗੰਭੀਰ ਪ੍ਰਸਿਥਿਤੀ ਨੂੰ ਵੀ ਖੂਬਸੂਰਤ ਅਹਿਸਾਸਾਂ ਨਾਲ ਓਤ-ਪ੍ਰੋਤ ਕਰਕੇ ਆਪਣੀ ਸ਼ਿਲਪਕਾਰੀ ਨਾਲ ਸ਼ਿਅਰਾਂ ਦੁਆਰਾ ਅਰਥ ਸੰਚਾਰ ਦੀ ਸੁਖੈਨਤਾ ਸਿਰਜਦਾ ਹੈ। ਉਹ ਅਜਨਬੀਅਤ ਤੇ ਬੇਗਾਨਗੀ ਨੂੰ ਆਪਣੀ ਸ਼ਾਇਰੀ ਵਿੱਚ 'ਕਿਤੇ ਮਿਲੇ ਜ਼ਰੂਰ ਹਾਂ' ਦੀ ਬੁਲੰਦੀ ਉੱਤੇ ਪਹੁੰਚਾ ਕੇ ਦਿਲਕਸ਼ ਇਮੇਜ ਪੇਸ਼ ਕਰਦਾ ਹੈ। ਗੁਰਦੀਪ ਤਜ਼ਾਦ ਭਾਵ ਵਿਰੋਧਭਾਵੀ ਟਕਰਾਊ ਸਥਿਤੀ ਸਿਰਜ ਕੇ ਪਾਠਕ ਦੇ ਮਨ ਮਸਤਕ ਉੱਤੇ ਉਤੇਜਕ ਉਤਸੁਕਤਾ ਪ੍ਰਭਾਵੀ ਕਰਕੇ ਸਹਿਜ ਤੇ



ਅਛੋਪਲੇ ਹੀ ਆਪਣੀ ਮਨਇੱਛਤ ਗੱਲ ਨੂੰ ਆਮ ਫਹਿਮ ਦੀ ਧਰਾਤਲ ਉੱਤੇ ਫੁੱਲ ਦੇ ਖਿੜਨ ਵਾਂਗ ਪੇਸ਼ ਕਰਦਾ ਹੈ।

ਬਹਿਸ ਵਿੱਚ ਸ਼ਾਮਿਲ ਨਹੀਂ ਉਹ ਗੱਲ ਜਿਸਦੀ ਬਹਿਸ ਹੈ,
ਗੱਲ ਮੰਨਣ ਦੀ ਰਹੀ ਕੋਈ ਤੇ ਨਾ ਇਨਕਾਰ ਦੀ।

ਗੁਰਦੀਪ ਜੀਵਨ ਦੀਆਂ ਸੰਗਤੀਆਂ, ਵਿਸੰਗਤੀਆਂ ਤੇ ਆਲੋਚਨਾਤਮਕ ਨਜ਼ਰੀਏ ਨੂੰ ਯਥਾਰਥਕ ਦ੍ਰਿਸ਼ਟੀ ਰਾਹੀਂ ਪੜਤਾਲ ਕੇ ਆਪਣੀ ਵਿਕਸਤ ਤੇ ਵਿਆਪਕ ਚੇਤਨਾ ਦੇ ਬਲਬੂਤੇ ਉਹਨਾਂ ਨੂੰ ਸ਼ਿਅਰਾ ਦੇ ਮਾਧਿਅਮ ਰਾਹੀਂ ਕਲਾਤਮਕਤਾ ਪ੍ਰਦਾਨ ਕਰਦਾ ਹੈ। ਉਹ ਆਮ ਕਰਕੇ ਪ੍ਰਚੱਲਿਤ ਵਿਧਾ ਪ੍ਰਸ਼ਨਾਤਮਕਤਾ ਦਾ ਵਾਫਰ ਪ੍ਰਯੋਗ ਨਹੀਂ ਕਰਦਾ ਸਗੋਂ ਉਹ ਉੱਤਰ ਲੱਭਣ ਵਿੱਚ ਮੁਹਾਰਤ ਰੱਖਦਾ ਹੈ :

ਤੇਰੇ ਪਾਸਿਉਂ ਠੰਡੀ ਹਵਾ ਦੀ ਆਸ ਕੀ ਹੋਵੇ,
ਤੇਰਾ ਵਾਸਤਾ ਅਗਨੀ ਦੇ ਮੰਦਰ ਨਾਲ ਹੈ ਹਾਲੀ।

ਸ਼ਾਇਰ ਆਪਣੀ ਗੱਲ ਕਰਦਿਆਂ ਕਦੇ ਵੀ ਸਰਲੀਕ੍ਰਿਤ ਦਾ ਸ਼ਿਕਾਰ ਨਹੀਂ ਹੁੰਦਾ ਤੇ ਨਾ ਹੀ ਉਹ ਗੱਲ ਨੂੰ ਗੋਲ-ਮੋਲ ਕਰਦਾ ਹੈ। ਸਰਲੀਕ੍ਰਿਤ ਦੇ ਦਾਇਰੇ ਵਿੱਚ ਉਹ ਸਹਿਜਮੁਖ ਹੋ ਜਾਂਦਾ ਹੈ ਤੇ ਪਾਠਕ ਮਹਿਸੂਸ ਕਰਦਾ ਹੈ ਕਿ ਜੋ ਗੁਰਦੀਪ ਕਹਿ ਰਿਹਾ ਹੈ, ਉਹ ਤਾਂ ਉਸਦੇ ਦਿਲ ਵਿੱਚ ਸੀ। ਗੁਰਦੀਪ ਨੇ ਆਧੁਨਿਕ ਸ਼ਹਿਰੀਕਰਨ ਵਿਚਲੀਆਂ ਜੀਵਨ ਪ੍ਰਤੀ ਵਧ ਰਹੀਆਂ ਜਟਿਲਤਾਵਾਂ ਤੇ ਅੰਤਰ ਵਿਰੋਧਾਂ ਨੂੰ ਬਹੁਤ ਬਾਰੀਕ-ਬੀਨੀ ਨਾਲ ਘੋਖਿਆ ਤੇ ਸ਼ਿਅਰਾਂ ਵਿੱਚ ਬਿਆਨਿਆ ਹੈ :

ਤੂੰ ਨਹੀਂ ਕੁਝ ਵੇਖਿਆ ਆਜ਼ਾਦ ਰਹਿ ਕੇ ਸ਼ਹਿਰ ਵਿੱਚ,
ਬੰਦ ਰਹਿ ਕੇ ਜੇਲ੍ਹ ਵਿੱਚ ਮੈਂ ਤੱਕਿਆ ਹੈ ਬਹੁਤ ਕੁਝ।

ਵਧਦੀ ਭੁੱਖ ਕਾਰੋਬਾਰ ਤੋਂ ਸਾਂਭੀ ਨਹੀਂ ਜਾਂਦੀ,
ਅਮੀਰੀ ਆਪਣੀ ਬਾਜ਼ਾਰ ਤੋਂ ਸਾਂਭੀ ਨਹੀਂ ਜਾਂਦੀ।

ਗੁਰਦੀਪ ਆਧੁਨਿਕ ਮਨੁੱਖ ਦੇ ਖੰਡਤ ਵਿਅਕਤੀਤਵ ਨੂੰ ਇਨ-ਬਿਨ ਵੀ ਪੇਸ਼ ਕਰਦਾ ਹੈ ਤੇ ਉਸਦੀ ਹੋਂਦ ਮੁਖੀ ਸਮੁੱਚਤਾ ਦਾ ਵੀ ਚਿੱਤਰ ਪੇਸ਼ ਕਰਦਾ ਹੈ। ਗੁਰਦੀਪ ਜ਼ਿੰਦਗੀ ਦੇ ਮੰਚ ਦੇ ਵਿਗਿਆਨਿਕ ਸਮਾਜਿਕ ਫਲਸਫੇ ਦਾ ਅਤੇ ਅਗਾਂਹ ਵਧੂ ਵਿਚਾਰਧਾਰਾ ਦਾ ਸ਼ੈਦਾਈ ਤੇ ਪਾਂਧੀ ਤਾਂ ਹੈ, ਪਰ ਆਪਣੀ ਸ਼ਾਇਰੀ ਨੂੰ ਉਹ ਕਿਸੇ ਮੁਕਾਮ ਉੱਤੇ ਵੀ ਫੋਕੀ ਨਾਅਰੇਬਾਜ਼ੀ ਨਹੀਂ ਬਣਨ ਦੇਂਦਾ। ਇਵੇਂ ਕਰਦਿਆਂ ਉਹ ਹਮੇਸ਼ਾ ਖ਼ਿਆਲ ਰੱਖਦਾ ਹੈ ਕਿ ਸ਼ਾਇਰੀ ਇੱਕ ਸੰਦ ਹੈ ਜਿਸ ਨਾਲ ਜ਼ਿੰਦਗੀ ਦੇ ਕੋਹੜ ਕੱਟਣੇ ਹਨ। ਗੁਰਦੀਪ ਦੀ ਸ਼ਾਇਰੀ ਏਸੇ ਲਈ ਸ਼ਬਦ ਕਲਾ ਤਾਂ ਹੈ ਪਰ ਸ਼ਬਦ ਬਾਜ਼ੀਗਰੀ ਨਹੀਂ। ਇਸ ਰੋਬੋਟ ਯੁੱਗ ਵਿਚਲਾ ਦਵੰਦ ਹੇਠ ਵਾਲੇ ਸ਼ਿਅਰ ਤੋਂ ਸਾਫ ਹੁੰਦਾ ਹੈ :

ਆਦਮੀ ਦਾਰੂ ਰਿਹਾ ਹੈ ਆਦਮੀ ਦੇ ਦੁੱਖ ਦਾ,
ਇਹ ਭਰੋਸਾ ਸਹਿਜ ਭਾ ਹੀ ਰਹਿਨ ਪਾ ਆਏ ਕਿਤੇ।

ਸ਼ਾਇਰ ਘਟਨਾ ਦੇ ਸਨਮੁੱਖ ਅਣਦਿਸਦੇ ਕਾਰਨਾਂ ਦੀ ਤਸਦੀਕ ਕਰਦਿਆਂ ਕਹਿੰਦਾ ਹੈ :

ਚਸ਼ਮਤਰ ਮੁਸਕਾਨ ਹੈ ਤਸਵੀਰ ਦੀ,
ਟੁੱਟਿਆ ਸ਼ੀਸ਼ਾ ਰਿਹਾ ਹੈ ਬੋਲ ਕੁਝ।

ਮੌਲਿਕਤਾ, ਬਰੀਕਬੀਨੀ, ਸੂਖਮ ਭਾਵਨਾਵਾਂ ਤੇ ਜ਼ਿੰਦਗੀ ਮੱਤੇ ਵਿਚਾਰਾਂ-ਇਜ਼ਹਾਰਾਂ ਦੀ ਸ਼ਗੁਫਤਗੀ ਦੇ ਨਾਲ-ਨਾਲ ਗੁਰਦੀਪ ਦੀਆਂ ਗਜ਼ਲਾਂ ਵਿੱਚ ਸਰੋਦੀ-ਗੀਤਕ ਰਵਾਨਗੀ ਪਹਾੜਾਂ ਦੇ ਪੈਰਾਂ ਵਿੱਚ ਵਹਿੰਦੀ ਕਿਸੇ ਨਦੀ ਦੀ ਸੁਖਾਵੀਂ ਕਲ-ਕਲ ਪਾਠਕ ਸਰੋਤੇ ਦੇ ਮਨ ਨੂੰ ਮੋਹ ਲੈਂਦੀ ਹੈ। ਉਸਦੇ ਇਹ ਸ਼ਿਅਰ ਵੇਖੋ:

ਮੁੜ ਆਏ ਉਹ ਜਸ਼ਨ ਮਨਾ ਕੇ,
ਨਜ਼ਰਾਂ ਖਾਲੀ, ਦਿਲ ਤ੍ਰਿਹਾਏ।

ਜ਼ਰਾ ਰਾਹ 'ਚੋਂ ਹਟੋ ਸੂਰਜ ਦੀਆਂ ਸੰਭਾਵਨਾਵਾਂ ਦੇ,
ਜ਼ਰੂਰਤ ਹੈ ਕਿ ਹੁਣ ਇਸ ਸ਼ਹਿਰ ਦੀ ਆਬੋ ਹਵਾ ਬਦਲੇ,

ਓਦਾਂ ਤੇ ਕਿਹੜੀ ਸ਼ੈ ਨਹੀਂ ਇਸ ਬਾਜ਼ਾਰ ਵਿੱਚ
ਮਿੱਟੀ ਦਾ ਮੋਹ ਦੁਕਾਨ ਵਿੱਚ ਸ਼ਾਇਦ ਨਾ ਮਿਲ ਸਕੇ।

ਗੁਰਦੀਪ ਦੀ ਸ਼ਾਇਰੀ ਵਿਚਲੀ ਪਰ-ਪੀੜਾ ਦੇ ਬਹੁਦਿਸ਼ਾਵੀ ਪਸਾਰਾਂ ਨੂੰ ਪਛਾਨਣਾ ਜ਼ਰੂਰੀ ਹੈ। ਜੀਵਨ ਦੀਆਂ ਰੰਗੀਨ ਸੁਗੰਧੀਆਂ ਨੂੰ ਰੂਪਮਾਨ ਕਰਦਾ-ਕਰਦਾ ਉਹ ਸਮਕਾਲੀ ਪ੍ਰਸਿਥਿਤੀਆਂ ਦੀ ਕਰੂਰਤਾ ਟੱਥੋਂ ਸਤਾਏ ਆਮ ਮਨੁੱਖ ਦੀ ਬੇਬਸੀ ਤੇ ਲਾਚਾਰੀ ਨੂੰ ਸਾਧਨਹੀਣਤਾ ਤੱਕ ਮਹਿਦੂਦ ਨਹੀਂ ਰਹਿਣ ਦੇਂਦਾ ਸਗੋਂ ਉਹ ਨਿਰੰਤਰ ਨਿੱਘਰ ਰਹੀ ਸਮਾਜਿਕਤਾ, ਧਾਰਮਕਤਾ ਤੇ ਲੰਗੜੀ ਆਰਥਕਤਾ ਉੱਤੇ ਕਿੰਤੂ ਕਰਦਾ ਹੋਇਆ ਨਿਜ਼ਾਮ ਦੇ ਲੋਕ ਪੱਖੀ ਬਦਲਾਓ ਦੀ ਹੂਕ ਨੂੰ ਹੇਕ ਬਣਾਉਂਦਾ ਹੈ। ਉਹ 'ਸੁਰਤਿ ਸਿੱਧੀ' ਦੀ ਸੁਖੈਣਤਾ ਵਾਸਤੇ ਦੇਸ਼ ਨੂੰ ਸ਼ਹਿਰ ਦਾ ਭੂਸ਼ਣ ਪਹਿਨਾ ਕੇ ਗੱਲ ਨੂੰ ਸਤਿਅਮ ਤੋਂ ਸੁੰਦਰਮ ਤੀਕ ਲੈ ਜਾਂਦਾ ਹੈ। ਸ਼ਿਵਮ ਉਸਦਾ ਮੀਰੀ ਗੁਣ ਹੈ।

ਹਾਵੀ ਸ਼ਹਿਰ ਉੱਤੇ ਹੋ ਗਈ ਆ ਕੇ ਵੀਰਾਨੇ ਤੋਂ,
ਭਟਕਣ, ਵਧ ਰਹੀ ਰਫਤਾਰ ਤੋਂ ਸਾਂਭੀ ਨਹੀਂ ਜਾਂਦੀ।

ਜੀਣ ਦੇ ਹੱਕਾਂ ਦਾ ਚਰਚਾ ਬਹੁਤ ਹੈ ਇਸ ਸ਼ਹਿਰ ਵਿੱਚ,
ਜੀਣ ਦਾ ਹੱਕ ਲੈਣ ਦੀ ਪਰ ਕੋਈ ਤਿਆਰੀ ਨਹੀਂ।

ਸ਼ਹਿਰ ਵਿੱਚ ਹੈ ਖ਼ੂਬਸੂਰਤ ਬਹੁਤ ਕੁਝ,
ਹਾਲ ਪਰ ਇਸ ਦਾ ਕਹਿਣ ਵਾਲਾ ਨਹੀਂ।

ਭਾਰਤ ਦੇ ਅਜੋਕੇ ਰਾਜਨੀਤਿਕ ਚਿੱਤਰਪਟ ਉੱਤੇ ਧਾਰਮਿਕ ਜਨੂੰਨ ਵੀ ਵੋਟ ਪ੍ਰੋਗਰਾਮ ਦਾ ਇੱਕ ਹਿੱਸਾ ਬਣਾ ਕੇ ਪ੍ਰੋਗਰਾਮ ਵਿਹੂਣੀਆਂ ਰਾਜਸੀ ਪਾਰਟੀਆਂ ਲਾਹਾ ਖੱਟਣ ਦੇ ਆਹਰ ਵਿੱਚ ਹਨ। ਗੁਰਦੀਪ ਨੇ ਇਸ ਵਹਿਸ਼ਤ ਨੂੰ ਵੀ ਧਰਮ ਇਮਾਨ ਦੇ ਗਲਤ ਕਾਰੋਬਾਰ ਵਿੱਚ ਪ੍ਰਗਟ ਕੀਤਾ ਹੈ। ਖੇਤ ਮਜ਼ਦੂਰ ਦੀ ਕਿਸਮਤ ਉੱਤੇ ਗੁਰਦੀਪ ਦੀ ਕਲਮ ਹੰਝੂ ਵਹਾਉਂਦੀ ਕਹਿੰਦੀ ਹੈ:

ਇਸ ਬਾਜਰੇ ਦੇ ਖੇਤ ਨੂੰ ਖਵਾਬਾਂ 'ਚ ਨਾ ਵਸਾ,
ਤੇਰਾ ਹੈ ਕੇਵਲ ਖੇਤ ਇਹ ਚਿੜੀਆਂ ਉਡਾਉਣ ਤੱਕ।

ਗੁਰਦੀਪ ਦੀ ਬੇਬਾਕੀ ਨੂੰ ਤੇ ਮਰਦਾਨਗੀ ਨੂੰ ਚਿੱਤਰਦੇ ਸ਼ਿਅਰ ਵੇਖੋ :

ਸੱਚ ਤੀਜੀ ਧਿਰ ਹੈ ਦੋਨਾਂ ਵਾਸਤੇ,
ਕੁਫਰ ਵੀ ਮੁਸ਼ਕਿਲ 'ਚ ਹੈ ਈਮਾਨ ਵੀ।

ਵੰਡਿਆ ਈਮਾਨ ਕੁਝ ਏਦਾਂ ਗਿਆ,
ਕੁਫਰ ਹਿੱਸੇ ਨਾ ਆਈ ਪੈਗੰਬਰੀ।

ਸੁਪਨੇ ਜੋ ਸਾਡਾ ਹੱਕ ਸੀ ਸਾਨੂੰ ਨਾ ਮਿਲ ਸਕੇ,
ਦੁਸ਼ਮਣ ਨੇ ਹਰ ਖਵਾਬ ਤੇ ਨਾਵਾਂ ਲਿਖਾ ਲਿਆ।

ਗੁਰਦੀਪ ਨੇ ਮੈਅਖਾਨੇ, ਸਾਕੀ, ਮੈਖਾਰ, ਪੈਮਾਨੇ ਆਦਿ ਨੂੰ ਬਿਲਕੁਲ ਨਵੇਂ ਅਰਥਾਂ ਵਿੱਚ ਰੂਪਮਾਨ ਕੀਤਾ ਹੈ।

ਖਾਲੀ ਨੇ ਜਾਮ ਸ਼ੌਕ ਦੇ ਮਹਿਫਲ 'ਚ ਹਰ ਤਰਫ,
ਹੈ ਤਲਖੀਆਂ ਖਿਲਾਰਦੀ ਬਰਸਾਤ; ਕੁਝ ਕਰੋ।

ਲੋਕਾਂ ਅਤੇ ਹਾਕਮਾਂ ਵਿਚਲੇ ਅਜੋਕੇ ਰਿਸ਼ਤੇ ਨੂੰ ਉਹ ਜਿਸ ਖੂਬਸੂਰਤੀ ਨਾਲ ਪੇਸ਼ ਕਰਦਾ ਹੈ, ਜਵਾਬ ਨਹੀਂ।

ਪੀੜ ਦਾ ਨਾਮ ਉਸ ਤਰਫ ਬਦਨਾਮ ਹੈ,
ਇਸ ਤਰਫ ਬਦਨਾਮ ਹੈ ਚਾਰਾਗਰੀ।

ਚਾਰਾਸਾਜ਼ੀ ਦੇ ਅਦਾਰੇ ਨੂੰ ਆਜ਼ਾਦੀ ਬਖਸ਼ ਕੇ,
ਹਰ ਮਸੀਹਾ ਦਰਦ ਤੋਂ ਦਾਮਨ ਬਚਾਉਂਦਾ ਜਾਪਦੈ।

ਗੁਰਦੀਪ ਅਕਲ ਤੇ ਵਹਿਸ਼ਤ ਵਿਚਲੇ ਅੰਤਰ ਵਿੱਚ ਇਵੇਂ ਲੀਕ ਖਿੱਚਦਾ ਹੈ।



ਸੌਖਾ ਨਹੀਂ ਖ਼ਰੀਦਣਾ ਕੁਝ ਇਸ ਬਾਜ਼ਾਰ ਵਿੱਚੋਂ,
ਯਾਰਾਂ ਨੇ ਏਥੋਂ ਅਕਲ ਵੀ ਵਹਿਸ਼ਤ ਦੇ ਭਾਅ ਲਈ।

ਭਾਰਤੀ ਸਮਾਜ ਜਾਤ-ਪਾਤ ਦੇ ਕੋਹੜ ਵਿੱਚ ਏਨਾ ਖੱਚਤ ਹੋ ਚੁੱਕਾ ਹੈ ਕਿ ਜਾਤ-ਪਾਤ ਦੇ ਲੁਕਾ ਤੇ ਭੁਲਾਉਣ ਵਾਸਤੇ ਲੋਕ ਬੇਵਤਨੇ ਹੋਣ ਨੂੰ ਵੀ ਸੁਰਗ ਸਮਝਦੇ ਹਨ :

ਬੇ ਵਤਨ ਜੰਨਤ 'ਚ ਰਹਿ ਕੇ ਪਾਲਣਾ ਚਾਹੁੰਦੇ ਨਹੀਂ,
ਗ਼ਮ ਕੋਈ ਆਪਣੀ ਸ਼ਨਾਖ਼ਤ ਦਾ ਜਾਂ ਕੋਈ ਜਾਤ ਦਾ।

ਜ਼ਿੰਦਗੀ ਦੇ ਔਝੜ ਰਾਹਾਂ ਉੱਤੇ ਗਾਮਜ਼ਨੀ ਵਾਸਤੇ ਵੀ ਅਤੇ ਰਹਿਬਰੀ ਦੇ ਸਾਰੇ ਪਰਦੇ ਲੱਥਦੇ ਇੱਕੋ ਸ਼ਿਅਰ ਵਿੱਚ ਵੇਖੋ :

ਮੈਂ ਭਟਕ ਚੁੱਕਾ ਹਾਂ ਏਨਾ ਹੁਣ ਤੱਕ,
ਮੈਨੂੰ ਵੀ ਕੁਝ ਰਹਿਬਰੀ ਦਾ ਭਰਮ ਹੈ।

ਨਵੇਂ ਜ਼ਮਾਨੇ ਦੀ ਅੰਧਾਧੁੰਦਕ ਸੰਤੋੜ-ਦੌੜ ਬਾਰੇ ਗੁਰਦੀਪ ਦਾ ਫਲਸਫਾਈ ਸ਼ਿਅਰ ਵੇਖੋ :

ਕਲਪਨਾ ਮੰਜ਼ਿਲ ਦੀ ਕੋਈ ਇਸਦੇ ਪੱਲੇ ਹੈ ਨਹੀਂ,
ਇਸ ਸਮੇਂ ਦੇ ਕੋਲ ਲੇਕਿਨ ਤੇਜ਼ ਰਫ਼ਤਾਰੀ ਤੇ ਹੈ।

ਰੂਪਕ ਪੱਖ ਤੋਂ ਗੁਰਦੀਪ ਦੀ ਸ਼ਾਇਰੀ ਪੰਜਾਬੀ ਗਜ਼ਲ ਦੇ ਸਾਰੇ ਮਾਪ-ਦੰਡਾਂ ਰਵਾਇਤਾਂ ਤੇ ਉਸਦੀ ਅੰਤ੍ਰੀਵਤਾ 'ਤੇ ਪੂਰੀ ਉੱਤਰਦੀ ਹੈ। ਉਹ ਬਹੁਤ ਸੁੰਦਰ ਕਾਫੀਏ ਲੈਂਦਾ ਤੇ ਨਿਭਾਉਂਦਾ ਹੈ। ਉਸ ਦੇ ਬਹਿਰਾਂ ਵਿੱਚ ਐਸੀਆਂ ਉਕਾਈਆਂ ਨਹੀਂ ਹਨ, ਜਿਹਨਾਂ ਨਾਲ ਉਸਦੀ ਸ਼ਾਇਰੀ ਵਿੱਚ ਗੁਣਾਤਮਕਤਾ ਦੀ ਘਾਟ ਪੈਂਦੀ ਹੋਵੇ। ਉਸਤਾਦੀ ਨੁਕਤਿਆਂ ਤੋਂ ਤਿੰਨ ਅੱਖਰੀ ਸ਼ਬਦ ਟੁਕੜੀਆਂ ਦੇ ਵਜ਼ਨ ਬਾਰੇ ਬਾਕੀ ਗਜ਼ਲਗੋਆਂ ਵਾਂਗ ਉਸ ਉੱਤੇ ਵੀ ਹਰਫ ਹੈ। ਉਸ ਦੀ ਇਸ ਪੁਸਤਕ ਵਿੱਚ ਕੁਲ 90 ਗਜ਼ਲਾਂ ਵਿੱਚੋਂ 41 ਗਜ਼ਲਾਂ ਰਮਲ ਬਹਿਰ ਵਿੱਚ ਹਨ। ਦੋ ਦਰਜਣਾਂ ਬਹਿਰ ਹਜ਼ਿਜ ਵਿੱਚ ਹਨ। ਕੁਝ ਪਿੰਗਲ ਦੇ ਛੰਦਾਂ ਵਿੱਚ ਹਨ। ਮੁਫਾਈਲੁਨ ਵਾਲੇ ਬਹਿਰ ਵਿੱਚ ਉਹ ਸ਼ਿਅਰ ਦਾ ਆਗਾਜ਼ ਗੁਰੂ ਨਾਲ ਗਲਤ ਕਰ ਦੇਂਦਾ ਹੈ। ਇੱਕ ਗਜ਼ਲ ਉਸਦੀ ਕੇਵਲ 2 ਸ਼ਿਅਰਾਂ ਦੀ ਹੈ ਜੋ ਗ਼ਲਤ ਹੈ। ਵੈਸੇ ਗੁਰਦੀਪ ਦੇ ਰੂਪ ਵਿਧਾਨ ਬਾਰੇ ਇੱਕ ਹੋਰ ਲੇਖ ਦਰਕਾਰ ਹੈ। ਫਿਲਹਾਲ ਅਸੀਂ ਪੰਜਾਬੀ ਗਜ਼ਲ ਦੇ ਸਮੀਖਿਆਕਾਰਾਂ ਦਾ ਧਿਆਨ ਗੁਰਦੀਪ ਵੱਲ ਦਿਵਾਉਂਦਿਆਂ ਪੰਜਾਬੀ ਪਾਠਕਾਂ ਨੂੰ ਇਹ ਪੁਸਤਕ ਮੁੱਲ ਲੈ ਕੇ ਪੜ੍ਹਨ ਦੀ ਪੱਕੀ ਆਸ ਕਰਦੇ ਹਾਂ ਕਿਉਂਕਿ ਇਸ ਵਿੱਚ ਬਹੁਤ ਕੁਝ ਨਵਾਂ ਹੈ। ਗੁਰਦੀਪ ਦੇ ਇਸ ਮਿਸਰੇ ਨਾਲ ਅਲਵਿਦਾ :

ਇਸ ਨਵੇਂ ਅੰਦਾਜ਼ ਵਿੱਚ ਕੋਈ ਗ਼ਜ਼ਲਕਾਰੀ ਤੇ ਹੈ।

—ਸੁਲੱਖਣ ਸਰਹੱਦੀ

**ਉਰਦੂ ਗ਼ਜ਼ਲ :** **ਸ਼ਕੇਬ ਜਲਾਲੀ**

ਜਹਾਂ ਤਲਕ ਭੀ ਸਹਾਰਾ ਦਿਖਾਈ ਦੇਤਾ ਹੈ
ਮੇਰੀ ਤਰਹ ਸੇ ਅਕੇਲਾ ਦਿਖਾਈ ਦੇਤਾ ਹੈ

ਨ ਇਤਨੀ ਤੇਜ਼ ਚਲੇ, ਸਰ ਫਿਰੀ ਹਵਾ ਸੇ ਕਹੋ
ਸ਼ਜਰ ਪੇ ਏਕ ਹੀ ਪੱਤਾ ਦਿਖਾਈ ਦੇਤਾ ਹੈ

ਯਹ ਏਕ ਅਬਰ ਕਾ ਟੁਕੜਾ ਕਹਾਂ-ਕਹਾਂ ਬਰਸੇ
ਤਮਾਮ ਦਸ਼ਤ ਹੀ ਪਿਆਸਾ ਦਿਖਾਈ ਦੇਤਾ ਹੈ

ਸਿਮਟ ਕੇ ਰਹਿ ਗਏ ਆਖ਼ਿਰ ਪਹਾੜ ਕੇ ਕੱਦ ਭੀ
ਜ਼ਮੀਂ ਸੇ ਹਰ ਕੋਈ ਊਚਾ ਦਿਖਾਈ ਦੇਤਾ ਹੈ।

(ਲਿਪੀਅੰਤਰ - ਮਹਿਮਾ ਸਿੰਘ ਤੂਰ)

## ਖ਼ਿਆਲ ਆਪੋ-ਆਪਣਾ

●ਤੁਹਾਡੇ ਸੰਪਾਦਕੀ ਨੇ ਇੱਕ ਵਿਆਪਕ ਰੋਗ ਉੱਤੇ ਉਂਗਲ ਰੱਖੀ ਹੈ। ਕਸੂਰ ਭਾਸ਼ਾ ਵਿਭਾਗ ਜਾਂ ਸਾਹਿਤ ਅਕਾਡਮੀ ਦਾ ਏਨਾ ਨਹੀਂ ਜਿੰਨਾ ਲੇਖਕਾਂ ਦਾ ਆਪਣਾ ਹੈ। ਇਨਾਮ ਦੇ ਲਾਲਚ ਪਿੱਛੇ ਖ਼ੁਦਦਾਰੀ ਜਾਂ ਸਵੈਮਾਣ ਦਾ ਅਹਿਸਾਸ ਹੀ ਲੋਪ ਹੋ ਚੱਲਿਆ ਹੈ। ਮੈਂ ਵੀ ਕਿਤੇ ਲਿਖਿਆ ਸੀ ਕਿ ਇਨਾਮਾਂ ਦੇ ਲਾਲਚ ਕਰਕੇ ਲੇਖਕ ਸਰਕਾਰ ਦੀ ਬਾਲ-ਵਿਰੋਧੀ ਸਿੱਖਿਆ-ਨੀਤੀ ਬਾਰੇ ਮੂੰਹ ਬੰਦ ਕਰੀ ਬੈਠੇ ਹਨ। ਖਾਸ ਕਰਕੇ ਯੂਨੀਵਰਸਟੀਆਂ ਵਿੱਚ ਮੁਰਦੇਹਾਣੀ ਦਾ ਰਾਜ ਹੈ। ਪੰਜ ਸੌ ਤੋਂ ਵੱਧ ਵਰ੍ਹੇ ਹੋ ਗਏ ਗੁਰੂ ਨਾਨਕ ਨੂੰ ਪੂਰਨੇ ਪਾਇਆਂ। "ਪੱਤ ਪਰਵਾਣਾ ਪਿੱਛੇ ਪਾਈਏ ਤਾਂ ਨਾਨਕ ਤੋਲਿਆ ਜਾਪੇ" ਗੁਰੂ ਨਾਨਕ ਫ਼ੁਰਮਾ ਰਹੇ ਹਨ ਕਿ ਮੇਰਾ ਮੁੱਲ ਪਾਉਣਾ ਹੈ ਤਾਂ 'ਪੱਤ' ਦੇ ਵੱਟੇ ਨਾਲ ਪਾਓ। ਅਸੀਂ ਕਦੋਂ ਸਿਖਾਂਗੇ ਪੱਤ ਦੇ ਵੱਟੇ ਨਾਲ ਆਪਣਾ ਮੁਲਾਂਕਣ ਕਰਾਉਣਾ।

ਪ੍ਰਿੰ. ਪ੍ਰੀਤਮ ਸਿੰਘ, (ਪਟਿਆਲਾ)

● ਨਜ਼ਮ 'ਜੰਗ ਦੀਆਂ ਦੂਰੀਆਂ' ਕਮਾਲ ਦੀ ਰਚਨਾ ਹੈ। ਨਵੇਂ ਮੁੰਡਿਆਂ ਲਈ ਇੱਕ ਮਿਸਾਲ ਕਿ ਨਜ਼ਮ ਇੰਝ ਲਿਖੀ ਤੇ ਰਚੀ ਜਾਂਦੀ ਏ। ਨਵੀਆਂ ਦੇ ਨਾਲ-ਨਾਲ ਪੁਰਾਣੀਆਂ ਨਜ਼ਮਾਂ ਨੂੰ ਮਾਡਲ ਕਾਵਿ ਵਜੋਂ ਪਰਚੇ 'ਚ ਕਿਸੇ ਵੱਖਰੇ ਕਾਲਮ ਹੇਠ ਦੇਣ ਦਾ ਜੇ ਉੱਦਮ ਕੀਤਾ ਜਾਵੇ ਤਾਂ ਹੋ ਸਕਦਾ ਏ ਘਟੀਆ ਕਾਵਿ ਰਚਨਾਵਾਂ ਕਰਨ ਵਾਲਿਆਂ ਨੂੰ ਕੁਝ ਸ਼ਰਮ ਆਏ।

ਆਲੋਚਕ ਵੀ ਤਹੱਈਆ ਕਰ ਲੈਣ। ਜੋ ਰਚਨਾਵਾਂ ਕਵਿਤਾ ਦੇ ਨਾਂ 'ਤੇ ਕਵਿਤਾਵਾਂ ਹੈ ਹੀ ਨਹੀਂ ਉਨ੍ਹਾਂ ਦਾ ਨੋਟਿਸ ਨਿਰਪੱਖ ਹੋ ਕੇ ਲਿਆ ਕਰਨ। ਇੰਝ ਸੰਭਵ ਹੈ ਉੱਚ ਕੋਟੀ ਦੀਆਂ ਨਜ਼ਮਾਂ ਰਚਣ ਦੀ ਮੁੜ ਕੇ ਪਿਰਤ ਪੈ ਸਕੇ। ਵਿਦੇਸ਼ੀ ਕਾਵਿ ਦੇ ਤਰਜੁਮਾਨੁਮਾ ਨਮੂਨੇ ਪੰਜਾਬੀ ਕਾਵਿ ਦਾ ਬਹੁਤ ਨੁਕਸਾਨ ਕਰ ਰਹੇ ਨੇ। ਕੀ ਅਨੁਵਾਦਤ ਤੇ ਮੌਲਿਕ ਰਚਨਾ 'ਚ ਕੋਈ ਅੰਤਰ ਨਜ਼ਰ ਨਹੀਂ ਆਣਾ ਚਾਹੀਦਾ? ਜੂਨੀਅਰ ਕਵੀ ਅਕਸਰ ਸੀਨੀਅਰ ਕਵੀਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਨੇ। ਪਰ ਜੇ ਸੀਨੀਅਰ ਕਵੀ ਗਲਤ ਰਾਹ ਅਖਤਿਆਰ ਕਰ ਬੈਠਣ ਤਾਂ ਜੂਨੀਅਰ ਕਵੀ ਤਾਂ ਪੱਭ੍ਰਸ਼ਠ ਹੋਣਗੇ ਹੀ। ਮੈਂ ਖੁਦ ਗੁਮਰਾਹ ਹੋਇਆ ਹਾਂ। ਆਪਣੀਆਂ ਮੁੱਢਲੀਆਂ ਗਲਤੀਆਂ ਨੂੰ ਮੈਂ ਹਾਲੀ ਤਾਈਂ ਪੂਰੀ ਤਰ੍ਹਾਂ ਦੂਰ ਨਹੀਂ ਕਰ ਸਕਿਆ ਹਾਂ।

ਹਰ ਦੇਸ਼ ਤੇ ਭਾਸ਼ਾ ਦੇ ਕਾਵਿ ਦੀ ਆਪਣੀ ਪਛਾਣ ਤੇ ਆਪਣੀ ਹੀ ਸ਼ੈਲੀ ਹੁੰਦੀ ਏ। ਦੂਜੇ ਦੀ ਨਕਲ ਕਰ ਕੇ ਅਸੀਂ ਆਪਣੀ ਸ਼ਕਲ ਹੀ ਗੁਆ ਲਈ ਹੈ। ਨਵੇਂ ਕਵੀ ਜੋ ਆਪਣੇ ਵਿਰਸੇ ਨੂੰ ਭੁਲਾ ਕੇ ਰਚਨਾ ਕਰ ਰਹੇ ਨੇ ਉਨ੍ਹਾਂ ਨੂੰ ਪੰਜਾਬੀ ਭਾਸ਼ਾ ਦੀਆਂ ਮਾਡਲ ਕਵਿਤਾਵਾਂ ਸਹੀ ਰਾਹ 'ਤੇ ਲਿਆ ਸਕਦੀਆਂ ਨੇ 'ਚਿਰਾਗ਼' ਦੇ ਵਰਤਮਾਨ ਅੰਕ ਦੀਆਂ ਗ਼ਜ਼ਲਾਂ ਡੂੰਘੇ ਅਸਰ ਵਾਲੀਆਂ ਨਹੀਂ। ਕੁਝ ਨਜ਼ਮਾਂ ਤੇ ਕੁਝ ਦੂਜੀਆਂ ਰਚਨਾਵਾਂ ਸਣੇ ਸੰਪਾਦਕੀ ਟਿੱਪਣੀ ਜ਼ਰੂਰ ਅਸਰਦਾਰ ਨੇ।

-ਪ੍ਰੇਮ ਸਾਹਿਲ (ਦੇਹਰਾਦੂਨ), ਨਵਾਂ ਫੋਨ ਨੰਬਰ- 0135-2666654

ਹਰਭਜਨ ਸਿੰਘ ਹੁੰਦਲ ਦੇ 14 ਕਾਵਿ-ਸੰਗ੍ਰਹਿ ਇੱਕੋ ਜਿਲਦ ਵਿੱਚ
(ਸੰਨ 1965-2000 ਤੀਕ ਦੀ ਸਮੁੱਚੀ ਕਾਵਿ-ਰਚਨਾ)

**ਕਵਿਤਾ ਦੀ ਤਲਾਸ਼**

ਪੰਨੇ 440- ਮੁੱਲ:- ਪੇਪਰ - ਬੈਕ 100/-
ਮਿਲਣ ਦਾ ਪਤਾ :- ਕੁਕਨੂਸ ਪ੍ਰਕਾਸ਼ਨ
ਨਵਾਂ ਜ਼ਮਾਨਾ ਬੁੱਕ ਸ਼ਾਪ, ਰੇਲਵੇ ਰੋਡ, ਜਲੰਧਰ



## *ਗ਼ਜ਼ਲਾਂ :* ਮੱਖਣ ਕੁਹਾੜ

1. ਕਲ-ਮ-ਕੱਲਾ, ਪੀਲੇ ਪੱਤੇ, ਚਲਦੀਆਂ ਤੇਜ਼ ਹਵਾਵਾਂ।
ਕਦ ਤੱਕ ਕੋਈ ਸਾਂਭਕੇ ਰੱਖੂ ਉਸ ਰੁੱਖ ਦਾ ਸਿਰਨਾਵਾਂ।

ਛਾਵੇਂ ਬਹੀਏ, ਧੁੱਪਾਂ ਹੱਸਣ, ਧੁੱਪੇ ਬਹੀਏ ਛਾਵਾਂ,
ਇਹ ਕਿੱਦਾਂ ਦਾ ਮੌਸਮ ਆਇਐ ਕਰਨ ਮਖੌਲ ਘਟਾਵਾਂ।

ਹਰ ਪਾਸੇ ਮਾਰੂਥਲ ਦਿੱਸੇ ਜਿੱਧਰ ਵੀ ਮੈਂ ਜਾਵਾਂ,
ਮੇਰੇ ਜ਼ਿਹਨ 'ਚ ਵੱਸ ਗਿਆ ਹੈ ਸਾਗਰ ਦਾ ਸਿਰਨਾਵਾਂ।

ਮਾਰੂਥਲ ਦੀ ਤਨਹਾਈ ਨੇ ਸਾਡਾ ਸਾਥ ਨਿਭਾਇਐ,
ਰੁੱਸ ਗਈਆਂ ਨੇ ਚਿਰ ਤੋਂ ਸਾਡੇ ਕੋਲੋਂ ਠੰਡੀਆਂ ਛਾਵਾਂ।

ਪਿੰਡ ਦੇ ਛੱਪੜ ਤੋਂ ਡਰਦੇ ਸਾਂ ਐਪਰ ਵਕਤ ਨੇ ਸਾਨੂੰ,
ਸੁੱਟ ਦਿੱਤਾ ਹੈ ਗਹਿਰੇ ਸਾਗਰ ਦੇ ਕੇ ਜਿਵੇਂ ਸਜ਼ਾਵਾਂ।

ਕਿਸ ਕਿਸ ਸਾਨੂੰ ਲੁੱਟਿਆ-ਕੁੱਟਿਆ, ਇਲਮ ਹੈ ਸਾਰਾ ਸਾਨੂੰ,
ਇਹ ਦਸ ਰਹਿਬਰ ਕਿੱਥੇ ਸਨ ਤਦ, ਤੇਰੇ ਡੋਲੇ ਬਾਹਵਾਂ।

ਬਹੁਤ ਚੁਕੰਨੇ ਹੋਕੇ ਤੁਰੀਏ ਫਿਰ ਸਰਦਾ ਹੈ, ਵਰਨਾ
ਪੈੜ ਮਿਟਾਉਣ ਦੀ ਤਾਕ'ਚ ਫਿਰਦੀਆਂ ਹਨ ਕਈ ਬੱਦ-ਹਵਾਵਾਂ।

ਆਪਾਂ ਦਿਲ ਦਾ ਚੋਗ ਖਲਾਰਿਆ ਸੀ ਹੰਸਾਂ ਦੀ ਖਾਤਰ,
ਐਪਰ ਇਹ ਕੀ ਹੋਇਆ ਵਿਹੜਾ ਮੱਲ ਲਿਆ ਹੈ ਕਾਵਾਂ।

(ਅਮਨ ਨਗਰ, ਹਰਦੋ ਛੰਨੀ ਰੋਡ-ਗੁਰਦਾਸਪੁਰ)

2. ### ਗੁਰਨਾਮ ਢਿੱਲੋਂ

ਅਸੀਂ ਸ਼ਹਿਰ ਤੇਰੇ ਵਿੱਚ ਆਏ ਮਿਤਵਾ ਕੀ ਦੱਸੀਏ।
ਅਸੀਂ ਵਾਅ ਨੂੰ ਹਾਲ ਸੁਣਾਏ ਮਿਤਵਾ ਕੀ ਦੱਸੀਏ।

ਹਰ ਚਿਹਰੇ ਵਿਚੋਂ ਨਕਸ਼ ਤੁਹਾਡੇ ਲੱਭਦੇ ਸੀ,
ਅਸੀਂ ਐਸੇ ਹੋਸ਼ ਗਵਾਏ ਮਿਤਵਾ ਕੀ ਦੱਸੀਏ।

ਛਿਣ ਕਰ ਕਰ ਯਾਦ ਪੁਰਾਣੇ ਠੇਡੇ ਖਾਂਦੇ ਸੀ,
ਕਿੰਜ ਵਕਤ ਬੀਤਿਆ ਹਾਏ! ਮਿਤਵਾ ਕੀ ਦੱਸੀਏ।

ਦਿਲ ਚੋਂ ਨਿਕਲੇ ਚੰਗਿਆੜੇ ਕੋਈ ਵੇਖੇ ਨਾ,
ਅਸੀਂ ਪਾ ਪਾ ਖੂੰਨ ਬੁਝਾਏ ਮਿਤਵਾ ਕੀ ਦੱਸੀਏ।

ਸਾਨੂੰ ਸ਼ਹਿਰ ਤੇਰੇ ਨੂੰ ਤੁਰਨੋਂ ਪਹਿਲਾਂ ਲਗਦਾ ਸੀ,
ਕੁੱਝ ਅੰਦਰੋਂ ਵੱਢ ਵੱਢ ਖਾਏ ਮਿਤਵਾ ਕੀ ਦੱਸੀਏ।

ਤੁਸੀਂ ਅੰਦਰ ਸੇਜ ਸਜਾ ਕੇ ਜਿਸ ਦਿਨ ਸੁੱਤੇ ਸੀ,
ਅਸੀਂ ਗਲ਼ੀ ਮਹੁੱਲੇ ਗਾਹੇ ਮਿਤਵਾ ਕੀ ਦੱਸੀਏ।

ਤੁਸੀਂ ਵੱਡੇ ਲੋਕ ਮਹਾਜੁਨ ਮਿਲਖਾਂ ਵਾਲੇ ਹੋ,
ਅਸੀਂ ਨਿਰਧਨ ਮਾਂ ਦੇ ਜਾਏ ਮਿਤਵਾ ਕੀ ਦੱਸੀਏ।

ਤੁਸੀਂ ਸੂਰਜ ਸਿਰ ਦੇ ਉੱਤੇ ਚੁੱਕੀ ਫਿਰਦੇ ਹੋ,
ਅਸੀਂ ਕਿਰਣਾਂ ਦੇ ਤਿਰਹਾਏ ਮਿਤਵਾ ਕੀ ਦੱਸੀਏ।

ਅਸੀਂ ਸੀਸ ਨਿਵਾ ਕੇ ਤੇਰੀ 'ਗੁਰ ਕੀ ਨਗਰੀ' ਨੂੰ
ਤੁਰ ਜਾਣਾ ਦੇਸ ਪਰਾਏ ਮਿਤਵਾ ਕੀ ਦੱਸੀਏ।

**Chiragh Quarterly** **July-September-2003**
**Registered with the Registrar of News-Papers of India No- PUN-PUN O 2276/AL/TC94**

# ਕੁਕਨੁਸ ਪ੍ਰਕਾਸ਼ਨ ਜਲੰਧਰ

## *ਵੱਲੋਂ ਛਪੀਆਂ ਕਿਤਾਬਾਂ*

**ਖ਼ਤ** : ਫ਼ੈਜ਼ ਦੇ ਖ਼ਤ, ਖ਼ਲੀਲ ਜਿਬਰਾਨ ਦੇ ਖ਼ਤ, ਗਾਲਿਬ ਦੇ ਖ਼ਤ, ਮੰਟੋ ਦੇ ਖ਼ਤ।

**ਕਹਾਣੀਆਂ** : ਗੁਰਦੇਵ ਸਿੰਘ ਰੁਪਾਣਾ, ਪ੍ਰੇਮ ਪ੍ਰਕਾਸ਼, ਵਰਿਆਮ ਸਿੰਘ ਸੰਧੂ ਜਸਵੰਤ ਸਿੰਘ ਵਿਰਦੀ, ਦਲਬੀਰ ਚੇਤਨ, ਪ੍ਰੇਮ ਗੋਰਖੀ, ਲਾਲ ਸਿੰਘ, ਗੁਲਜ਼ਾਰ ਸਿੰਘ ਸੰਧੂ, ਰਵਿੰਦਰ ਰਵੀ, ਪਾਕਿਸਤਾਨੀ ਪੰਜਾਬੀ ਕਹਾਣੀ, ਪਾਕਿਸਤਾਨੀ ਉਰਦੂ ਕਹਾਣੀ, ਜਾਪਾਨੀ ਕਹਾਣੀਆਂ, ਗੁਰਮੀਤ ਕੜਿਆਲਵੀ, ਸੁਕੀਰਤ, ਜਸਵੀਰ ਕਲਸੀ ਆਦਿ ਦੇ ਕਹਾਣੀ ਸੰਗ੍ਰਹਿ।

**ਯਾਤਰਾ ਪ੍ਰਸੰਗ** : ਵਗਦੀ ਏ ਰਾਵੀ (ਵਰਿਆਮ ਸਿੰਘ ਸੰਧੂ), ਜਾਣੇ ਅਣਜਾਣੇ ਸਫ਼ਰ (ਸੁਪਨਦੀਪ ਸੰਧੂ), ਦੱਖਣੀ ਭਾਰਤ ਦੀ ਯਾਤਰਾ (ਡਾ. ਗੁਰਚਰਨ ਸਿੰਘ ਮਹਿਤਾ), ਜੜ੍ਹਾਂ ਦੀ ਪਰਿਕਰਮਾ (ਗੁਰਚਰਨ ਸੱਗੂ)।

**ਨਾਵਲ** : ਰਾਤ (ਫਰੈਂਚ), ਚਾਨਣੀਆਂ ਪੈੜਾਂ (ਰੂਸੀ), ਤਿਖੋਨ ਸਾਈਮੁਸ਼ਕਿਨ, ਬੁੱਢਾ ਜੋ ਇਸ਼ਕੀਆ ਕਹਾਣੀਆਂ ਪੜ੍ਹਦਾ (ਲੂਈਸ ਸੈਪਲ ਵੈਦਾ), ਕਮਜ਼ਾਤ (ਫ਼ਖ਼ਰ ਜ਼ਮਾਨ), ਪੰਧ (ਅਫ਼ਜਲ ਅਹਿਸਨ ਰੰਧਾਵਾ), ਇਕ ਸਮੁੰਦਰ ਪਾਰ (ਮੀਰ ਤਨਹਾ ਯੂਸਫ਼ੀ) ਪਰਾਈ ਧਰਤੀ (ਇਕਬਾਲ ਅਰਪਨ), ਧੁਖਦਾ ਗੋਹਟਾ (ਹਰਨੇਕ ਹੇਅਰ), ਸੁਲਘਦਾ ਸੱਚ (ਅਜੀਤ ਰਾਹੀਂ), ਮਰਦ ਵਿਚਲੀ ਔਰਤ (ਅਜਾਇਬ ਕਮਲ), ਰੇਤ ਦਾ ਦਰਵਾਜਾ (ਤਾਹਿਰ ਬਿਨ ਜੈਲੋਨ)

**ਕਾਵਿ ਸੰਗ੍ਰਹਿ** : ਚੋਣਵੀਂ ਕਵਿਤਾ (ਨਾਜ਼ਿਮ ਹਿਕਮਤ), ਚੋਣਵੀਂ ਕਵਿਤਾ (ਹਬੀਬ ਜਾਲਿਬ), ਚੋਣਵੀ ਸ਼ਾਇਰੀ (ਪਰਵੀਨ ਸ਼ਾਕਿਰ), ਤਿੰਨ ਚਿਹਰਿਆਂ ਵਾਲਾ ਰੱਕਾਸ (ਇਫ਼ਤਿਖਾਰ), ਖੰਡਰ, ਖਾਮੋਸ਼ੀ ਤੇ ਰਾਤ (ਸੁਰਿੰਦਰ ਸੋਹਲ), ਸ਼ਾਇਰੀ 2002 (ਸੰ. ਪ੍ਰਮਿੰਦਰਜੀਤ), ਭੋਇੰ (ਰਾਮ ਸਿੰਘ ਚਾਹਲ), ਭਾਖਿਆ(ਮਦਨ ਵੀਰਾ), ਨਮਿਤ (ਮਨਮੋਹਨ), ਮੁਖ਼ਬਰੀ ਕਰਦੇ ਦਿਨ (ਹਰਭਜਨ ਹੁੰਦਲ), ਅੰਤਿਮ ਲੜਾਈ(ਸ਼ਿਵ ਨਾਥ), ਕੋਮਲ ਸਿੰਘ ਆਖਦਾ ਹੈ (ਬਲਵਿੰਦਰ ਸੰਧੂ), ਗੈਰ ਹਾਜ਼ਰ ਪੈੜਾਂ ਦੀ ਕਥਾ (ਮਲਵਿੰਦਰ), ਜੋਗਿ ਜੁਗਤਿ (ਸ਼ਹਰਯਾਰ), ਜੰਗਲੀ ਸਫ਼ਰ (ਜਗਤਾਰਜੀਤ), ਆਕਟੋਪਸ (ਸੋਮਾ ਸਬਲੋਕ), ਮੈਂ ਸ਼ਬਦਾਂ ਨੂੰ ਕਿਹਾ (ਭੁਪਿੰਦਰ ਕੌਰ ਪ੍ਰੀਤ), ਰੇਤ ਦਾ ਖ਼ੁਦਾ (ਭੁਪਿੰਦਰ ਪ੍ਰੀਤ), ਸਮੁੰਦਰ ਬਲਾਉਂਦਾ ਹੈ (ਹਰਮੀਤ ਵਿਦਿਆਰਥੀ)।

**ਕੁਝ ਵਿਸ਼ੇਸ਼ ਪੁਸਤਕਾਂ** : ਜੀਵਨ ਯਾਦਾਂ (ਪਾਬਲੋ ਨੇਰੂਦਾ), ਸਮਕਾਲੀ ਮਾਰਕਸੀ ਚਿੰਤਨ ਤੇ ਪੰਜਾਬੀ ਕਹਾਣੀ : ਸਿਆਸੀ ਪਰਿਪੇਖ (ਡਾ. ਭੀਮ ਇੰਦਰ ਸਿੰਘ), ਮਾਰਕਸੀ ਵਿਸ਼ਵ ਚਿੰਤਨ (ਡਾ. ਭੀਮਇੰਦਰ ਸਿੰਘ), ਲੋਕ ਗੀਤਾਂ ਦੇ ਨਾਲ ਨਾਲ (ਡਾ. ਕਰਮਜੀਤ ਸਿੰਘ), ਆਲੋਚਕ ਹੀਰੋ ਜਾਂ ਜੀਰੋ (ਬਿਪਨ ਗੋਇਲ), ਮੌਤ ਦੀ ਉਡੀਕ ਵਿੱਚ (ਸ਼ਿਵ ਸ਼ਰਮਾ), ਸਪੰਦਨ (ਅਰਤਿਦਰ ਸੰਧੂ), ।ਕਵਿਤਾ ਦੀ ਤਲਾਸ਼ (ਹਰਭਜਨ ਸਿੰਘ ਹੁੰਦਲ)

**ਪੂਰਾ ਸੈੱਟ : ਕੀਮਤ : 1750 ਰੁਪਏ**

**ਪਾਠਕਾਂ ਲਈ ਕੀਮਤ : 1100 ਰੁਪਏ (ਸਮੇਤ ਡਾਕ ਖ਼ਰਚ)**

**ਪਤਾ :**

**ਐਨ.ਐਮ 451, ਮੁਹੱਲਾ ਕਰਾਰ ਖਾਂ,**

**ਨੇੜੇ ਚੌਕ ਬੋਹੜ ਵਾਲਾ ਜਲੰਧਰ।**

**ਫੋਨ** : 0181-2214028

ਪੁਸਤਕ ਪ੍ਰਾਪਤੀ ਸਥਾਨ:

## ਨਵਾਂ ਜ਼ਮਾਨਾ ਬੁੱਕ ਸ਼ਾਪ

ਨਹਿਰੂ ਗਾਰਡਨ ਰੋਡ, ਜਲੰਧਰ। ਫੋਨ : 2220290, 2230466